# ਰੰਗ ਸੂਤਰ

(ਨਜਮ ਹੁਸੈਨ ਸੱਯਦ ਦੇ ਨਾਟਕਾਂ ਦਾ ਵੇਰਵਾ)

ਡਾ. ਆਸਮਾ ਕ਼ਾਦਰੀ

ਸੱਚਲ ਪ੍ਰਕਾਸ਼ਨ
ਅੰਮ੍ਰਿਤਸਰ

**Rang Sutar**

Writer : Dr Asma Qadri
Department of Punjabi language and literature
Oriental College, Punjab University
Lahore, Pakistan
Email : dr.asmaqadri.punjabi@pu.edu.pk

Transliteration (From Shahmukhi to Gurmukhi) : Jagjit Kaur Jolly (Dr.)

© Publisher

*First Edition in Gurmukhi :* January 2019

Price : ₹ 200/-

*Contacts :*
+91 9501944119, 9988453725,
+91 9501103911, 9878498420,
+91 9646166204, 9872988516
E-mail : paramjeetmisha3@gmail.com
amritsar.sandeepsingh@gmail.com

*Publisher :* Sachal Prakshan, Amritsar

*Printer :* Printwell, Amritsar

# ਸਰਨਾਵਲੀ


1. ਸੰਮੀ ਦੀ ਵਾਰ 1
2. ਚੋਗ ਕੁਸੰਭੇ ਦੀ 13
3. ਕੀੜ–ਕਹਾਣੀ 24
4. ਕਸਰ ਕਰੂਲੀ 40
5. ਦੀਵਾ–ਮੁੰਦਰੀ 64


***

# ਸੰਮੀ ਦੀ ਵਾਰ

ਸੰਮੀ ਦਾ ਗਾਉਣ ਨਿੱਕੇ ਹੋਂਦਿਆਂ ਢੋਲਕੀ ਤੇ ਗਾਉਂਦਿਆਂ ਸੁਣਿਆ ਮਾਸੀਆਂ, ਮਾਮੀਆਂ ਨੂੰ। ਇੰਜ ਲੱਗਣਾ ਜੇਵੇਂ ਸੰਮੀ ਨਾਂ ਏ ਕਿਸੇ ਕੁੜੀ ਦਾ, ਉਹ ਅੱਜ ਢੋਲਕੀ ਤੇ ਆਈ ਨਹੀਂ ਤੇ ਇਹ ਹੁਣ ਉਹਦੀ ਵਾਰੀ ਦਾ ਗਾਉਣ ਪਈਆਂ ਗਾਉਂਦੀਆਂ ਨੇਂ। "ਸੰਮੀ ਮੇਰੀ ਵਾਰ, ਮੈਂ ਵਾਰੀ ਮੈਂ ਵਾਰੀਆਂ ਨੀ ਸੰਮੀਏ" ਸੰਮੀ ਦੀ ਵਾਰ ਖਯਾਲ ਵੇਖਿਆ ਤਾਂ ਜਾਪਿਆ ਜੇਵੇਂ ਪੁਰਾਣਾ ਸੁਣਿਆ ਗਾਉਣ ਅੱਜ ਮੁੜ ਮਿਲਣ ਆਇਆ ਏ ਅਸਾਨੂੰ, ਜੋ ਪੁਰਾਣੇ ਭੁਲੇਖੇ ਮੁੱਕਣ। ਸੰਮੀ ਕੁੜੀ ਸਮਝੋ ਯਾਂ ਜੰਡੀ ਦਾ ਪੁਰਾਣਾ ਨਾਂ ਹਿੱਕੋ ਗੱਲ ਏ। ਜੰਡੀ ਉਹ ਰੁੱਖ ਸੀ ਜਿਸ ਦੀ ਟਹਿਣੀ ਤੇ ਟਹਿਣੀ ਰਗੜ ਕੇ ਅੱਗ ਬਾਲੀ ਜਾਂਦੀ ਸੀ। ਅਜਬ ਰੁੱਖ ਏ, ਹਰਾ ਹੋਂਦਿਆਂ ਵੀ ਏਸ ਅੰਦਰ ਅੱਗ ਬਾਲਣ ਦੀ ਸੱਤਿਆ ਹੈ। ਰੁੱਖ ਵਿਚ ਪਾਣੀ ਤਾਂ ਹੋਂਦਾ ਈ ਏ ਤੇ ਜਦ ਸੁੱਕ ਜਾਵੇ ਬਾਲਣ ਬਣ ਬਲਦਾ ਏ। ਪਰ ਹਰੇ ਰੁੱਖ ਵਿਚੋਂ ਅੱਗ ਦਾ ਨਿਕਲਣਾ ਅਚੰਭਾ ਈ ਏ। ਸੋ ਪੂਰਾ ਰਾਸ ਪੜ੍ਹਿਆ ਸੰਮੀ ਦੀ ਵਾਰ (ਤਾਰੀਖ਼) ਜਾਨਣ ਕੀਤੇ। ਗਾਉਣ ਤਾਂ ਆਖਦਾ ਏ ਸੰਮੀ ਮੇਰੀ ਵਾਰ ਏ (ਤਾਰੀਖ਼ ਨੂੰ ਵਾਰ ਆਖਨੇ ਹਾਂ ਅਸੀਂ) ਮੈਂ ਵਾਰੀ ਤੇ ਕੁਰਬਾਨ ਹਾਂ ਸੰਮੀ ਤੋਂ, ਜਿਸ ਮੇਰੀ ਵਰ੍ਹਿਆਂ ਦੀ ਵਾਰ ਸਾਂਭੀ। ਕੁੜੀਆ ਦਾ ਸੰਮੀ ਨਾਲ ਕੀ ਲਾਗ ਏ? ਸੰਮੀ ਤਾਂ ਰੁੱਖ ਏ ਤੇ ਕੁੜੀਆਂ ਜੀਊਂਦੇ ਜੀਅ, ਕਿਉਂ ਚਿਤਾਰਦੀਆ ਨੇ ਸੰਮੀ ਨੂੰ? ਕੀ ਗੁੱਝਾ ਸੰਬੰਧ ਏ ਇਹਨਾਂ ਦਾ ਆਪਸੀ? ਖਯਾਲ ਪੜ੍ਹਿਆਂ ਈ ਕੋਈ ਸਿਰਾ ਹੱਥ ਆਵਸੀ।

ਸੱਠ-ਬਾਠ੍ਹ ਵਰ੍ਹਿਆਂ ਦਾ ਹਿਕ ਫ਼ਕ਼ੀਰ ਏ ਤੇ ਉਨ੍ਹੀ-ਵੀਹ ਵਰ੍ਹਿਆਂ ਦੀ ਮੁੰਨੀ ਏ। ਉਹਨਾਂ ਦੀ ਗੱਲ-ਬਾਤ ਈ ਹੈ ਸਾਰਾ ਖਯਾਲ। ਮੁੰਨੀ ਦੀਆਂ ਪੁੱਛਾਂ ਦੇ ਵਲਦੇ ਦੇਂਦਾ ਬਾਬਾ ਤੇ ਬਾਬੇ ਦੇ ਸੁਪਨਿਆਂ ਦੀ ਤੇ ਉਹਦੇ ਡਰ ਦੀ ਪੜਚੋਲ ਕਰਦੀ ਮੁੰਨੀ ਹਿਕ ਪਲ ਲਈ ਵੀ ਨੀਝ ਹੱਟਣ ਨਹੀਂ ਦੇਂਦੀ। 1920 ਦਾ ਵਾਰਾ ਹੈ, ਮੁੰਨੀ ਫ਼ਕ਼ੀਰ ਲਈ ਰੋਟੀ ਲਿਆਈ ਏ ਪਰ ਉਹ ਕੁਝ ਢਿੱਲਾ-ਮੱਠਾ ਦਿਸਦਾ ਏ। ਮੁੰਨੀ ਦੇ ਪੁੱਛਣ ਤੇ ਆਪਣਾ ਸੁਪਨਾ ਸੁਣਾਉਂਦਾ ਏ:

"ਤਰੀਜੀ ਰਾਤ ਏ ਅੱਜ, ਸੁਪਨਾ ਪਿਆ ਵੇਹਨਾ
ਰੋਜ਼ ਸਾਝਰੇ ਜਿਥੇ ਧੂੰਏਂ ਮੇਲਨਾ, ਓਥੇ ਗੱਡਿਆ ਖਲਾ ਹਾਂ

ਸੁੱਕਾ ਜੰਡ ਬਣ ਕੇ
ਹਿਲ ਜੁੱਲ ਕੋਈ ਨਹੀਂ ਸਕਦਾ
ਮੁੰਨੀ, ਧੂਣੀ ਦੀ ਦੋਹਤਰੀ ਆਈ ਏ, ਆਪ ਧੂੰਏਂ ਜਗਾਇਓਸ
ਆਪਣੀ ਘਿਨ ਗਈ ਏ, ਮਸਮੀਜ ਗਈ ਏ ਰਹਿੰਦੀ,
ਮੈਂ ਹਿੱਲਾਂ ਤੇ ਮੇਲ ਜਗਾਵਾਂ
ਹਿੱਲ ਮੈਂ ਸਕਦਾ ਕੋਈ ਨਹੀਂ"

ਤੀਲੀ ਵਾਲੀਆਂ ਡੱਬੀਆਂ ਟੁਰਨ ਤੋਂ ਪਹਿਲੋਂ ਦੇ ਵਾਰੇ ਦੀ ਗੱਲ ਏ ਜਦ ਪਿੰਡਾਂ ਦੇ ਲਾਗੇ ਬੇਲਿਆਂ ਵਿਚ ਫ਼ਕੀਰਾਂ ਧੂੰਏਂ ਜਗਾਵਣ ਦਾ ਕੰਮ ਕਰਨਾ। ਜੰਡੀ ਦੀ ਟਹਿਣੀ ਨਾਲ ਟਹਿਣੀ ਰਗੜ ਚੰਗਿਆਰੀ ਨਿਕਲਣੀ ਤੇ ਓਸ ਦੀ ਸਾਂਭ ਕਰ ਓਸ ਨੂੰ ਮੇਲੀ ਰੱਖਣਾ। ਏਥੋਂ ਤੰਦੂਰਾਂ, ਭੱਠੀਆਂ ਵਾਲਿਆਂ ਨੇ ਅੱਗ ਲੈ ਕੇ ਜਾਣੀ ਤੇ ਅਗਾਂਹ ਘਰਾਂ ਵਾਲਿਆਂ ਨੇ ਤੇ ਹੁੱਕੇ ਵਾਲਿਆਂ ਨੇ ਸਾਂਝ ਪਾਉਣੀ। ਇਹ ਫ਼ਕੀਰ ਵੀ ਲਾਜ਼ਮ ਅੰਗ ਆਹੇ ਪਿੰਡਾਂ ਦਾ। ਸੋ ਖਾਵਣ, ਪੀਵਣ, ਕੱਪੜਾ ਤੇ ਹੋਰ ਲੋੜਾਂ ਪਿੰਡ ਵਾਲਿਆਂ ਪੂਰੀਆਂ ਕਰਨੀਆਂ। ਇਹ ਧੂੰਏਂਦਾਰ ਫ਼ਕੀਰ ਅਖ਼ਵੇਂਦੇ ਸਨ। ਖਯਾਲ ਵਿਚ ਫ਼ਕੀਰ ਉਮਰ ਹੰਢਾ ਬੈਠਾ ਏ ਪਰ ਮੁੰਨੀ ਅਜੇ ਜੀਵਨ ਦੇ ਰੰਗ ਨਵੇਂ ਪਈ ਕਰੇਂਦੀ ਏ। ਫ਼ਕੀਰ ਨੂੰ ਆਪਣਾ ਅਖੀਰ ਪਿਆ ਦਿੱਸਦਾ ਏ ਸੁਪਨਿਆਂ ਵਿਚ, ਓਸ ਦੇ ਜੀਵਨ ਦਾ ਵੀ ਅਖ਼ੀਰ ਏ ਤੇ ਕੰਮ ਦਾ ਵੀ। ਪਰ ਮੁੰਨੀ ਲਈ ਇਹ ਕੋਈ ਓਪਰੀ ਗੱਲ ਨਹੀਂ ਜੋ ਹਰ ਘਰ ਵਿਚ ਤੀਲੀ ਵਾਲੀ ਡੱਬੀ ਹੋਵੇ। ਫ਼ਕੀਰ ਨੇ ਸਾਂਝਵਾਰਾ ਵੇਖਿਆ ਹੰਢਾਇਆ ਏ ਓਸ ਲਈ ਅੱਗ ਨਿਰੀ ਅੱਗ ਨਹੀਂ ਸਾਂਝ ਦਾ ਨਿਸ਼ਾਨ ਏ।

"ਫ਼ਕੀਰ : ਘਰ ਲੂਹ ਦੇਸੀ, ਅੱਗ ਡੱਬੀਆਂ ਦੀ
ਮੁੰਨੀ : ਕਿਉਂ, ਆਪੋ-ਆਪਣੀ ਡੱਬੀ, ਜਿਹੜਾ ਚਾਹੇ ਜਿਸ ਵੇਲੇ ਬਾਲੇ"
ਫ਼ਕੀਰ : ਹੱਥੀਂ ਮੇਲ ਕੇ ਵੰਡੋ ਧੂੰਏਂ ਉਹ ਏ
ਮੁੰਨੀ : ਤੂੰ ਫ਼ਿਕਰ ਨਾ ਕਰ ਤੈਨੂੰ ਟੁੱਕਰ ਜੁੜਸੀ ਪਿਆ
ਫ਼ਕੀਰ : ਸਾਂਝੀ ਅੱਗ ਤੇ ਪੱਕੇ ਟੁੱਕਰ, ਓਹਾ ਪਚਦਾ ਏ
ਮੁੰਨੀ : ਭੋਇੰ-ਭਾਂਡਾ ਆਪੋ-ਆਪਣਾ, ਚੁੱਲ੍ਹ-ਚੌਂਕੜਾ ਆਪੋ-ਆਪਣਾ। ਕਈਆਂ ਦੇ ਕੋਠੇ ਭਰੇ ਰਹਿੰਦੇ ਨੇਂ ਕਈਆਂ ਨੂੰ ਬੁਰਕੀ ਨਹੀਂ ਜੁੜਦੀ। ਕੀਹਨੂੰ ਪਕੇਂਦੀ ਏ ਅੱਗ ਤੈਂਡੀ ਸਾਂਝੀ। ਕੀਹਨੂੰ ਸੜੇਂਦੀ ਏ।
ਫ਼ਕੀਰ : ਕਿਧਰੇ ਰਹਿ ਵੰਜੇ ਨਾ ਬੀ ਸਾਂਝ ਦਾ ਮੁੰਨੀ,
ਵੇਲ ਹੋਏ ਤਾਂ ਵੱਧ ਵੀ ਸਕਦੀ ਏ।"

ਮੁੰਨੀ ਦੀ ਸੋਚ-ਸਮਝ ਓਸ ਵਸੇਬ ਵਿਚੋਂ ਬਣੀ ਏ ਜੋ ਓਸ ਵੇਖਿਆ ਏ। ਫ਼ਕੀਰ

ਜੋ ਗੱਲ ਕਰਦਾ ਏ ਉਹੀ ਮੁੰਨੀ ਨੂੰ ਵਾਰੇ ਨਹੀਂ। ਮੁੰਨੀ ਤਾਂ ਏਹੀ ਵੇਖਿਆ ਜੋ ਸਭ ਵੱਖੋ-ਵੱਖ ਏ, ਕਿਸੇ ਰੱਜੇ ਨੂੰ ਭੁੱਖੇ ਦੀ ਚਿੰਤਾ ਨਹੀਂ। ਹਰ ਇਕ ਨੂੰ ਆਪਣਾ ਘਰ ਭਰਨ ਦੀ ਸੋੜ ਏ। ਜ਼ਮੀਨ ਦੇ ਨਿੱਕੇ ਜਿੰਨੇ ਟੋਟੇ ਲਈ ਭਰਾ, ਭਰਾ ਦਾ ਗਾਟਾ ਲਾਹਵਣ ਨੂੰ ਤਿਆਰ ਏ। ਫ਼ਕ਼ੀਰ ਲਈ ਇਤਨਾ ਈ ਬਥੇਰਾ ਸੀ ਜੋ ਇੰਜੋ-ਇੰਜ ਹੋ ਕੇ ਵੀ ਅੱਗ ਦੀ ਸਾਂਝ ਤਾਂ ਹੈ ਨਾ ਅਜੇ, ਹਿੱਕ ਦੂਜੇ ਨਾਲ ਮਿਲਣ ਦਾ ਕੋਈ ਬਹਾਨਾ ਈ ਸਹੀ ਪਰ ਤੀਲੀ ਵਾਲੀ ਡੱਬੀ ਦੇ ਘਰ-ਘਰ ਹੋਵਣ ਨਾਲ ਦੂਰੀ ਹੋਰ ਵਧਸੀ। ਪਰ ਅੱਗ ਤਾਂ ਹੁਣ ਵੈਰ-ਖਾਰ ਤੇ ਮੱਲਣ-ਖੱਸਣ ਦੀ ਹਰ ਜੀਅ ਦੇ ਅੰਦਰ ਬਲ ਪਈ ਏ। ਸਾਂਝੀ ਅੱਗ ਤਾਂ ਓਸ ਵਾਰੇ ਸੀ ਜਦ ਉਪਜਾਵਣ, ਖਾਵਣ, ਪਾਵਣ, ਹੰਡਾਵਣ ਵੀ ਸਾਂਝਾ ਸੀ। ਮੁੰਨੀ ਫ਼ਕ਼ੀਰ ਦੀ ਪਿਛਲੀ ਕਹਾਣੀ ਦੀ ਜਾਣੂੰ ਏ ਜੋ ਓਹਦੀ ਨਾਨੀ ਦੀ ਭੈਣ ਧੂਣੀ ਨਾਲ ਇਸ਼ਕ ਸੀ ਫ਼ਕ਼ੀਰ ਦਾ, ਪਰ ਵਿਆਹ ਨਾ ਕੀਤਾ ਦੋਹਾਂ ਤੇ ਉਹ ਫ਼ਕ਼ੀਰ ਨੂੰ ਟੋਕ ਕਰੇਂਦੀ ਏ ਕਿ ਜਦੋਂ ਆਪਣੀ ਵੇਲ ਤੂੰ ਨਹੀਂ ਵਧਾਈ ਤਾਂ ਹੁਣ ਕਿਸ ਤੋਂ ਡਰਨਾ ਏਂ ਪਿਆ। ਰੋਟੀ-ਟੁੱਕਰ ਦੀ ਫ਼ਿਕ਼ਰ ਏ ਤੈਨੂੰ ਤੇ ਉਹ ਪਿਆ ਲੱਭਸੀ। ਮੁੰਨੀ ਦੀ ਇਹ ਟੋਕ ਫ਼ਕ਼ੀਰ ਨੂੰ ਆਪਣਾ ਲੰਘਿਆ ਵੇਲਾ ਚੇਤੇ ਕਰਾਉਂਦੀ ਏ, ਜਦ ਫ਼ਕ਼ੀਰ ਤੇ ਮੁੰਨੀ ਦੀ ਨਾਨੀ ਦੀ ਭੈਣ ਧੂਣੀ, ਦੋਏਂ ਬਾਲ ਆਹੇ। ਰਲ ਖੇਡਦੇ ਖੇਡਾਂ ਬਾਲਾਂ ਵਾਲੀਆਂ, ਮੁੜ ਜਵਾਨ ਹੋਏ ਤੇ ਫ਼ਕ਼ੀਰ ਪਿਓ ਦਾ ਕੰਮ ਸਾਂਭਿਆ, ਧੂਣੀ ਮਾਂ ਦਾ। ਰੋਜ਼ ਮਿਲਣਾ, ਰਲ ਖਾਵਣਾ, ਮਨ ਪ੍ਰਚਾਵਣਾ। ਵਿਹਾਰ ਦੇ ਚਲਾਏ ਕ਼ਨੂੰਨ ਭੰਨਣ ਦੀ ਸਕਤ ਮਾੜਿਆਂ ਵਿਚ ਕਿੱਥੇ, ਸੋ ਦੋਏਂ ਵਿਆਹ ਨਾ ਕਰ ਸਕੇ। ਜ਼ਾਤ ਦਾ ਵਖਰੇਵਾਂ, ਇਹ ਫ਼ਕ਼ੀਰ, ਉਹ ਝੀਵਰ, ਕੇਵੇਂ ਰਲ ਵੱਸਦੇ, ਸੋ ਵਿਆਹ ਨਾ ਕੀਤਾ ਦੋਹਾਂ। ਮੁੰਨੀ ਦੀਆਂ ਗੱਲਾਂ ਤੋਂ ਸਹੀ ਹੋਂਦਾ ਏ ਜੋ ਧੂਣੀ ਨੂੰ ਕਿਤਨੀ ਸਮਝ ਆਹੀ ਵੰਡਾਂ, ਪਾੜਾਂ ਤੇ ਨਖੇੜਾਂ ਦੀ :

"ਮੁੰਨੀ : ਆਹਦੀ ਹਈ ਫ਼ਕ਼ੀਰ, ਫੁਕੀਰ ਨੇਂ ਅਸਲੋਂ ਦਮ ਫੂਕ ਕੇ ਧੂੰਏਂ ਧੁਖਾਵਣ ਵਾਲੇ, ਪਿੱਛੋਂ ਹਿਕ ਆਹੇ ਝੀਵਰ ਫ਼ਕ਼ੀਰ ਦੋਏ ਵਧੋ ਵਧੀ ਵਿਚ ਦੋ ਥੀ ਗਏ। ਵੰਡੀਆਂ ਪਈਆਂ, ਪੁੱਤਰ ਆਪਣਾ ਧੰਨ ਥਏ ਤੇ ਥੀਆਂ ਧੰਨ ਪਰਾਇਆ, ਧੰਨ ਕਿਥਾਓਂ ਲੈਣਾ ਏ, ਕਿੱਥੇ ਦੇਣਾ ਏ, ਏਸ ਹਿਸਾਬ ਦਾ ਨਾਂ ਰੀਤ ਏ। ਸਾਡੇ ਕਿਸ ਕੰਮ ਰੀਤ, ਅਸਾਂ ਲੈਣਾ ਨਾ ਦੇਣਾ।"

ਧੂਣੀ ਕੇਵੇਂ ਨਿੱਕੀ ਬਾਲੜੀ ਅੰਦਰ ਇਕਾਈ ਦਾ ਬੀਂ ਪਾਇਆ ਏ ਸਹਿਜੇ। ਮੁੰਨੀ ਜੋ ਵੇਖਿਆ ਵੱਖ-ਵੱਖ ਕੰਮ, ਕਸਬ, ਜ਼ਾਤਾਂ, ਧੂਣੀ ਓਸ ਨੂੰ ਹਿਕ ਕਰ ਦੱਸਿਆ ਏ ਸਾਰਾ। ਵਿਹਾਰ-ਵੰਡ ਸਿਰ ਈ ਖਲੋਤਾ ਏ ਜ਼ਾਤਾਂ, ਧਰਮਾਂ, ਮੇਲਾਂ, ਕਸਬਾਂ ਤੇ ਹੋਰ ਏਹੋ ਜਈਆਂ ਕਈਂ ਵੰਡਾਂ ਸਿਰ। ਵਿਹਾਰ ਨੇ ਈ ਧੀ-ਪੁੱਤਰ ਦੀ ਵੰਡ ਕੀਤੀ ਏ ਜਿਸ

ਨੂੰ ਵਿਆਹ ਕੇ ਕੋਲ ਰੱਖਿਆ ਓਸ ਨੂੰ ਆਪਣਾ ਜਾਤਾ। ਜਿਸ ਨੂੰ ਵਿਆਹ ਕੇ ਅਗਲੇ ਘਰ ਘੱਲਿਆ ਓਸ ਨੂੰ ਪਰਾਇਆ। ਹਿੱਕ ਮਾਂ ਦੇ ਢਿੱਡੋਂ ਜੰਮੇ ਕੇਵੇਂ ਵੱਖ ਕੀਤੇ ਧਨ ਦੇ ਜ਼ੋਰ ਨੇ। ਧੂਣੀ ਨਾ ਵਿਆਹ ਕੀਤਾ ਨਾ ਧੀ-ਪੁੱਤਰ ਜੰਮਿਆ, ਨਾ ਏਸ ਗੀਤ-ਰਸਮ ਵਿਚ ਪਈ। ਫ਼ਕੀਰ ਨਾਲ ਵਿਆਹ ਹੋ ਨਹੀਂ ਸੀ ਸਕਦਾ ਤੇ ਵਿਹਾਰੀ ਵਿਆਹ ਉਹ ਕਰਨਾ ਨਹੀਂ ਸੀ ਚਾਹੁੰਦੀ। ਕਿਤਨਾ ਪੱਕ ਸੀ ਓਸ ਨੂੰ ਆਪਣੇ ਤੇ, ਜੋ ਓਸ ਵਾਰੇ ਹੀਣੀ-ਨਿਮਾਣੀ ਜ਼ਾਤ ਦੀ ਹੋ ਕੇ ਵੀ ਓਸ ਕੀਤੀ ਆਪਣੀ ਮਨ-ਮਰਜ਼ੀ। ਫ਼ਕੀਰ ਜੋ ਜ਼ਾਤ ਦਾ ਰੌਲਾ ਬਣਾ ਸੁਣਾਇਆ ਏ ਮੁੰਨੀ ਨੂੰ :

"ਫ਼ਕੀਰ : ਫ਼ਕੀਰ ਝੀਵਰੀ ਨਹੀਂ ਕਰ ਸਕਦਾ, ਝੀਵਰ ਫ਼ਕੀਰਨੀ ਕਰ ਸਕਦਾ ਏ ਰੀਤ ਹੋਈ, ਰੀਤ ਮੌਤ ਨੂੰ ਕਿਹੜਾ ਟਾਲੇ ਮੁੰਨੀ।"

ਮੁੰਨੀ ਧੂਣੀ ਦੀ ਗੱਲ ਸੁਣਾ ਕੇ ਫ਼ਕੀਰ ਦਾ ਅਸਲਾ ਵੀ ਖੋਲ ਵਖਾਇਆ ਏ, ਜਿਸ ਵੱਲੋਂ ਉਹ ਅੱਖੀਆਂ ਮੀਟੀ ਬੈਠਾ ਏ। ਧੂਣੀ ਤਾਂ ਆਪਣੇ ਇਸ਼ਕ ਵਿਚ ਪੱਕੀ ਸੀ ਓਸ ਨੂੰ ਸਾਰਾ ਸ਼ਰੀਕਾ ਤਾਅਨੇ ਦੇਂਦਾ "ਧੂਣੀ ਫ਼ਕੀਰ ਦੀ" ਆਖਦਾ। ਓਸ ਕਦੀਂ ਪ੍ਰਵਾਹ ਨਾ ਕੀਤੀ। ਪਰ ਫ਼ਕੀਰ ਗੀਤ ਭੰਨਣ, ਮੌਤ ਬਰਾਬਰ ਸਮਝਦਾ ਏ ਸੋ ਓਸ ਦੇ ਡਰ ਓਸ ਨੂੰ ਹਮੇਸ਼ਾ ਬੰਨ੍ਹੀ ਰੱਖਿਆ। ਹੁਣ ਫ਼ਕੀਰ ਗੀਤ ਨੂੰ ਛੱਡ ਕੇ ਵਿਆਹ ਦੇ ਖ਼ਿਲਾਫ਼ ਬੋਲਣ ਲੱਗਦਾ ਏ:

"ਫ਼ਕੀਰ : ਟੁੱਕਰ ਓਸ ਆਨਣਾ ਦੋ ਵੇਲੇ, ਦੋਹਾਂ ਬਹਿ ਖਾਵਣਾ। ਹਿੱਕ ਗੱਲ ਆਹੀ ਦੋਹਾਂ ਦੀ, ਮਰਜ਼ੀ ਉਹਦੀ ਸੋ ਮੈਂਡੀ। ਚੰਗਾ ਥਿਆ ਵਿਵਾਹ ਨਾ ਹੋਇਆ। ਦੋਨੋਂ ਹਿੱਕ ਨਹੀਂ ਕਰੇਂਦਾ ਹਿੱਕ ਨੂੰ ਦੋ ਕਰ ਦੇਂਦਾ ਏ। ਮੈਂਡੀ ਮੰਨੇ ਨਾ ਮੁੰਨੀ, ਵਿਵਾਹ ਦਾ ਤੂੰ ਵੀ ਨਾ ਸੋਚੀਂ।"

ਫ਼ਕੀਰ ਦੇ ਆਪਣੇ ਅੰਦਰ ਦੀ ਦੂਈ ਏ ਜੋ ਓਸ ਨੂੰ ਧੂਣੀ ਨਾਲ ਇਕ ਹੋਵਣ ਤੋਂ ਵਰਜਦੀ ਏ। ਧੂਣੀ ਕੋਈ ਵਿਹਾਰੀ ਨਾਰ ਨਹੀਂ, ਇਕ ਪੱਕੇ ਹੱਠ ਵਾਲਾ ਜੀਅ ਏ। ਵਿਹਾਰ ਦੇ ਕ਼ਾਇਦੇ ਕ਼ਨੂੰਨ ਨੂੰ ਪੈਰਾਂ ਹੇਠ ਰੱਖਣ ਵਾਲੀ ਤੇ ਫ਼ਕੀਰ ਅੰਦਰ ਇਤਨਾ ਜਿਗਰਾ ਹੈ ਨਹੀਂ ਸੀ ਜੋ ਵਿਹਾਰ ਨਾਲ ਟੱਕਰ ਲਵੇ। ਉਹ ਤਾਂ ਆਪਣੀ ਫ਼ਕੀਰੀ ਹਸਤੀ ਸਾਂਭੀ ਬੈਠਾ ਏ। ਮੁੰਨੀ ਵਿਚ ਧੂਣੀ ਨੂੰ ਖ਼ਬਰੇ ਆਪਣਾ-ਆਪ ਦਿੱਸਦਾ ਹਾ ਜੋ ਓਸ ਨਾਲ ਗੁੱਝੀਆਂ ਖੁੱਲੀਆਂ ਸਭ ਗੱਲਾਂ ਕਰੇਂਦੀ। ਓਸ ਨੂੰ ਇਕ ਇਕ ਅੱਖਰ ਦੇ ਅਰਥ ਦਸੇਂਦੀ। ਮੁੰਨੀ ਆਵਣ ਵਾਲਾ ਕੱਲ੍ਹ ਏ ਧੂਣੀ ਦਾ ਤੇ ਉਹ ਆਪਣੀ ਸਾਰੀ ਸਮਝ-ਸੁਰਤ ਸਹਿਜੇ-ਸਹਿਜੇ ਆਪਣੇ ਆਉਂਦੀ ਭਲਕ ਨੂੰ ਦੇ ਗਈ।

"ਮੁੰਨੀ : ਅਜਬ ਕਹਾਣੀਆਂ ਮੈਨੂੰ ਸੁਣੇਂਦੀ ਹਈ ਹਕੱਲਿਆਂ ਕੋਲ ਬਹਾ ਕੇ। ਤੂੰ ਆਹਨਾ ਏਂ ਉਹ ਵਾਅ ਹਈ ਉਹ ਆਹਦੀ

ਹਈ ਅਸਾਂ ਝੀਂਵਰ ਨਹੀਂ ਚਹੀਵਰ ਆਂ, ਚਹ ਅੱਗ ਏ
ਵਰ ਪਾਣੀ। ਮਾਛੀ ਆਖੋ ਸਾਨੂੰ ਤਾਂ ਮਾਛੀ ਮੱਚ ਵੀ ਹੈ,
ਮੱਛੀ ਵੀ, ਮਾਂਝੀ ਵੀ, ਬੇੜੀ ਵੀ ਬੇੜੀਵਾਨ ਵੀ ਹੈ।"

ਕੇਵੇਂ ਧੂਣੀ ਅਜੋੜ ਜੀਵਨ ਵਿਚੋਂ ਜੋੜ ਬਣਾ-ਬਣਾ ਮੁੰਨੀ ਨੂੰ ਦਸੇਂਦੀ ਏ ਤੇ ਗੱਲ ਉਹ ਕੱਲੀ ਮੁੰਨੀ ਨਾਲ ਕਰੇਂਦੀ ਏ। ਓਸ ਦੀ ਬਰੀਕ ਅੱਖ ਮੁੰਨੀ ਨੂੰ ਸਿਆਣ ਘਿੱਦਾ ਏ। ਅੱਗ ਤੇ ਪਾਣੀ ਦਾ ਮੇਲ, ਮਿਲਾ ਕੇ ਕੀਹ ਚਿਣਗ ਪਈ ਜਗਾਉਂਦੀ ਏ ਧੂਣੀ, ਬਾਲੜੀ ਅੰਦਰ। ਫ਼ਕੀਰ ਨੂੰ ਵੀ ਮੁੰਨੀ ਵਿਚ ਧੂਣੀ ਦੀ ਝਲਕ ਦਿਸਦੀ ਏ ਉਹ ਵੀ ਆਪਣੀ ਹਰ ਗੱਲ ਮੁੰਨੀ ਨਾਲ ਕਰੇਂਦਾ ਏ। ਮੁੜ-ਮੁੜ ਧੂਣੀ ਨੂੰ ਯਾਦ ਕਰਦਾ ਏ ਪਰ ਮੁੰਨੀ ਕੋਈ ਵੇਲਾ ਟੋਕ ਕਰਨ ਦਾ ਵੰਜਾਉਂਦੀ ਨਹੀਂ। ਫ਼ਕੀਰ ਲਈ ਫ਼ਕੀਰੀ ਮੱਚ ਤੇ ਮਾਛੀਆਂ ਦਾ ਭਾਂਬੜ ਵੱਖ ਨੇ, ਏਸੇ ਲਈ ਇਕੋ ਕੰਧੀ ਤੇ ਹੋਂਦਿਆਂ ਵੀ ਮਿਲ ਨਾ ਸਕਿਆ ਧੂਣੀ ਨੂੰ। ਮੱਚ ਅੰਦਰ ਨਾ ਮੱਚੇ ਤਾਂ ਬਾਹਰ ਕੇਵੇਂ ਦਿਸੇ, ਕਰਨੀ ਕੇਵੇਂ ਬਣੇ ? ਫ਼ਕੀਰ ਧੂੰਏਂ ਤਾਂ ਜਗਾਉਂਦਾ ਏ ਪਰ ਓਸ ਦੇ ਆਪਣੇ ਅੰਦਰ ਨਹੀਂ ਜਗਦੀ। ਆਪਣਾ ਅੰਦਰ ਓਸ ਦਾ ਸੀਤ-ਮੌਤ ਏ। ਕੰਮ ਨਾਲ ਹਸਤੀ ਦਾ ਸੰਗ ਨਾ ਬਣੇ ਤਾਂ ਉਹ ਕੰਮ ਕੀ ਹੋਇਆ ? ਧੂਣੀ ਤੰਦੂਰ ਤਾਉਣਾ ਪਰ ਓਸ ਦੇ ਆਪਣੇ ਅੰਦਰ ਦਾ ਮੱਚਿਆ ਮੱਚ ਹੋਰ ਹਾ। ਉਹ ਕੁੱਲ ਇਕਾਈ ਦਾ, ਉਚਾਣ-ਨਿਵਾਣ ਸਵਾਹਰਾ ਕਰਨ ਦਾ ਮੱਚ ਕੁੱਲ ਜਗ ਤੇ ਮਚਾਵਣ ਮੰਗਦੀ ਸੀ। ਵਿਹਾਰ ਦੀਆਂ ਬਾਧਾਂ ਵਿਚੋਂ ਕੁੱਲ ਜੀਆਂ-ਜੂਨ ਨੂੰ ਉਧਾਰਨ ਲੋੜੇਂਦੀ ਸੀ। ਧੂਣੀ ਦਾ ਇਹ ਦਸਾਇਆ ਵੇਖੋ ਕੇਵੇਂ ਜੁੱਗਾਂ ਦੇ ਪੰਧ ਪਲ ਵਿਚ ਕਰਵਾ ਲੋੜਾਂ ਨੂੰ ਕੰਮ ਬਣਾ ਤੇ ਜਣੇ-ਜਣੀ ਦੀ ਵੰਡ ਕਰ ਵਿਖਾਂਦਾ ਏ। ਅੱਖ ਵੀ ਨਹੀਂ ਸੁ ਝਪਕਣ ਦਿੱਤੀ ਤੇ ਕੀ ਕੁਝ ਵਖਾਲ ਦਿੱਤਾ ਸੂ:

ਮੁੰਨੀ : ਨਾਨੀ ਧੂਣੀ ਮੈਨੂੰ ਦਸਾਇਆ ਜਾਣੇ ਝੀਵਣ ਮਾਛੀ
ਅਸਾਂ ਮਲਾਹ ਹਾਂ। ਮਲਾਹ ਰਾਤ ਰਹਿਣ ਦਰਿਆ ਤੇ
ਮਲਾਹਣਾਂ ਧੂਏਂ ਜਗਾਵਣ ਬੇਲਿਆਂ ਅੰਦਰ, ਜੰਡੀ ਦੀ
ਟਹਿਣੀ ਊਪਰ ਟਹਿਣੀ ਧਰ ਕੇ ਜੇਵੇਂ ਤੂੰ ਜਗੇਨਾਂ ਏ।
ਜੰਡੀ ਦਾ ਨਾਂ ਸੰਮੀ ਹਈ ਓਸ ਵਾਰੇ
ਸੰਮੀ ਵਿਚੋਂ ਈ ਸ਼ਮਸ ਬਣਿਆ ਸੂਰਜ
ਸੰਮੀ ਵਿਚੋਂ ਈ ਸ਼ਮ੍ਹਾਂ ਬਣ ਕੇ ਸ਼ਹਿਰ ਚਲੀ ਗਈ
ਕਿਲ੍ਹੇ ਹਵੇਲੀ ਬਲੀ
ਅੱਗ ਪਾਣੀ ਦਾ ਮੇਲ ਮਲਾਹ ਮਲਾਹਣੀ, ਮਲਾਹ ਦੀ
ਹੁੱਕੀ ਵਿਚ ਪਾਣੀ ਹੋਵੇ ਨਾ ਹੋਵੇ ਅੱਗ ਤਾਂ ਸਰਪਰ ਹੋਂਦੀ
ਹਈ ਜਦੋਂ ਰੇਲਾਂ ਆਈਆਂ ਬੇੜੇ ਕੰਢਿਆਂ ਤੇ ਢੈ ਗਏ,
ਪੱਤਣ ਵਾਂਦੇ ਥੀ ਗਏ, ਮਾਛੀ ਚਹੇਵਰ ਪੱਤਣਾਂ ਥੀਂ

ਉੱਠ ਕੇ ਵਸਤੀਆਂ ਅੰਦਰ ਆ ਬੈਠੇ। ਜਣੇ ਪਾਣੀ
ਢੋਵਣ ਲੱਗ ਪਏ, ਜਣੀਆਂ ਭੱਠੀ ਤਾਵਣ ਲੱਗੀਆਂ।

ਓਸ ਵਾਰੇ ਦੀ ਕੱਥ ਕੀਤੀ ਏ ਧੂਣੀ ਜਦ ਕਾਰ-ਵਪਾਰ ਦਾ ਇਕੋ ਇਕ ਰਾਹ ਪਾਣੀ ਹਾ। ਪੱਤਣ ਆਬਾਦ ਸਨ ਤੇ ਮਲਾਹਣਾਂ ਦਾ ਕੰਮ ਘਣਾ ਹਾ। ਸਵਾਣੀਆਂ ਇਹਨਾਂ ਦੀਆਂ ਬੇਲਿਆਂ ਵਿਚ ਧੂਈਂ ਜਗੀਣੀ। ਜੰਡੀ, ਜੋ ਸੰਮੀ ਹਈ ਓਸ ਸੰਮੀ ਤੋਂ ਜੰਡੀ ਦਾ ਪੰਧ ਤੇਵੇਂ ਈ ਕੀਤਾ ਜੇਵੇਂ ਮਲਾਹ ਨੇ ਫ਼ਕੀਰ ਹੋਵਣ ਦਾ ਤੇ ਮਲਾਹਣੀ ਨੇ ਭੱਠੀ ਤਾਵਣ ਦਾ। ਸੰਮੀ ਦਾ ਨਾਂ ਬਦਲਣ ਦੀ ਏਡੀ ਕੀ ਲੋੜ ਪੈ ਗਈ ਸੀ। ਸੰਮੀ ਤਾਂ ਚਾਨਣ ਹਈ, ਨਿੱਘ ਹਈ। ਸੰਮੀ ਬਣੀ ਸਿਜ (ਸੂਰਜ) ਤੇ ਫੇਰ ਸ਼ਮਸ। ਪਰ ਸ਼ਹਿਰ ਜਾਵਣ ਲੱਗੀ ਜਦ ਸ਼ਮ੍ਹਾਂ ਬਣ ਕੇ ਤਾਂ ਆਪਣਾ ਪਿੱਛਾ ਬਦਲਦੀ ਸੰਮੀ ਨੂੰ ਜੰਡੀ ਕਰ ਗਈ। ਕ਼ਿਲ੍ਹੇ, ਹਵੇਲੀ ਵੱਡਿਆਂ ਦੀ ਵੱਸੋਂ ਏ ਓਥੇ ਸ਼ਮ੍ਹਾਂਦਾਨਾਂ ਵਿਚ ਜਗਦੀ ਸ਼ਮ੍ਹਾਂ ਨੂੰ ਕਦ ਵਾਰੇ ਸੀ ਆਪਣਾ ਜੋੜ ਸੰਮੀ ਨਾਲ। "ਸੰਮੀ" ਕੋਈ ਨਾ ਏ ਭਲਾ ਸੋ ਸ਼ਮ੍ਹਾਂ ਦੀਆਂ ਸ਼ੁਆਵਾਂ ਪਹਿਲੇ ਆਪਣਾ ਪਿੱਛਾ ਸਾੜਿਆ, ਆਪਣੀਆਂ ਜੜ੍ਹਾਂ ਮੁਕਾਈਆਂ। ਪਰ ਜਿਸ ਆਪਣੇ ਅਸਲ ਨਾਲ ਕੁਸੰਗ ਕੀਤਾ ਓਸ ਦੇ ਆਪਣੇ ਨਾਲ ਕੀ ਹੋਇਆ। ਬਿਜਲੀ ਨੇ ਆ ਕੇ ਸ਼ਮ੍ਹਾ ਨੂੰ ਦਰਬਾਰਾਂ-ਮਜ਼ਾਰਾਂ ਤੇ ਅਪੜਾ ਦਿੱਤਾ ਯਾਂ ਸਾਲਗਿਰ੍ਹਾ ਦੇ ਕੇਕ ਤੇ। ਹੁਣ ਸ਼ਮ੍ਹਾ ਦਾ ਕੰਮ ਬਲਣ ਨਹੀਂ ਓਸ ਦਾ ਬੁੱਝਣ ਈ ਕੰਮ ਏ। ਹੁਣ ਉਹ ਜਦ ਵੀ ਬੁਝਦੀ ਏ ਤਾਂ ਤਾੜੀਆਂ ਵੱਜਦੀਆਂ ਨੇ। ਮਜ਼ਾਰਾਂ ਤੇ ਬਾਲਣ ਵਾਲੇ ਬਾਲ ਕੇ ਟੁਰ ਜਾਂਵਦੇ ਨੇ ਓਸ ਨੂੰ ਪਰਤ ਕੇ ਵੇਖਦਾ ਨਹੀਂ ਕੋਈ। ਏਹੀ ਹੋਣਾ ਸੀ ਏਸ ਸ਼ਮ੍ਹਾਂ ਨਾਲ ਜਿਸ ਆਪਣਾ ਪਿੱਛਾ ਖੜਾਤਾ। ਜੰਡੀ ਦੇ ਓਹਲੇ ਲੁਕੀ ਸੰਮੀ ਤਾਂ ਅੱਜ ਵੀ ਜੀਊਂਦੀ ਏ ਢੋਲਕੀ ਦੀ ਥਾਪ ਨਾਲ, ਦਿਲਾਂ ਵਿਚ ਜੋਤ ਜਗੇਂਦੀ ਏ। ਵੇਲੇ ਦੇ ਬਦਲਣ ਨਾਲ, ਰੇਲਾਂ ਦੇ ਬਨਣ ਨਾਲ, ਪੱਤਣਾਂ ਦਾ ਕੰਮ ਘੱਟ ਗਿਆ ਤੇ ਮਲਾਹ ਵੀ ਆ ਰਲੇ ਮਲਾਹਣਾਂ ਦੇ ਕੰਮ ਨਾਲ। ਮੁੰਨੀ ਚੇਤੇ ਕਰਵਾਇਆ ਫ਼ਕੀਰ ਨੂੰ ਓਸ ਦਾ ਪਿੱਛਾ ਜੋ ਡਰ ਕਿਉਂ ਹੈ ਓਸ ਨੂੰ ਹੁਣ :

"ਫ਼ਕ਼ੀਰ : ਹਾਅ, ਤਾਂ ਫ਼ਕ਼ੀਰ ਦਮ ਫੂਕ, ਧੁਖਾਵਣ ਛੱਡ ਗਏ ਸੀਪੀ ਥੀ ਗਏ ਧੂੰਏਦਾਰ ਅਖਵਾਏ ਹਾਅ, ਧੂਣੀ ਤੁਧ ਇਹ ਨਾ ਦਸਾਇਆ ਮੈਨੂੰ ਤੈਂਡੀ ਕਾਰ ਹਈ ਜੀਹਨੂੰ ਕਸਬ ਬਣਾ ਬੈਠਾ ਮੈਂ ਆਪਣਾ, ਤੇ ਕਸਬ ਨੂੰ ਆਪਾ ਜਾਤਾ ਆਪੇ ਦਾ ਵਤ ਮਾਣ, ਜਾਣੇ ਵਸਤੀ ਅੰਦਰ ਜ਼ਿਵੀਂਦਾਰ ਏ ਬੇਲੇ ਅੰਦਰ ਧੂੰਏਂਦਾਰ ਏ ਹੁਣ ਓਹਾ ਪਰਾਇਆ ਆਪਾ ਛੋੜਦਾ ਡਰਨਾ ਧੂਣੀ।"

ਏਹੀ ਘਾਟ ਏ ਫ਼ਕੀਰ ਦੀ ਜੋ ਆਪਣੇ ਕੰਮ ਦਾ ਈ ਪਤਾ ਨਹੀਂ। ਇਹ ਬੇਸੁਰਤੀ ਹੀ ਡਰ ਬਣਦੀ ਏ। ਫ਼ਕੀਰ ਤਾਂ ਹੋਂਦਾ ਈ ਬੇਮੱਲ ਏ, ਸੱਖਣਾ ਹੋਵਣ ਈ ਤਾਂ ਫ਼ਕ਼ੀਰ

ਹੋਵਣ ਏ। ਪਰ ਫ਼ਕੀਰ ਨੇ ਜ਼ਿਵੀਂਦਾਰ ਦੇ ਮੁਕ਼ਾਬਲੇ ਤੇ ਆਪਣੀ ਹਸਤੀ ਬਣਾ ਲਈ ਏ। ਇਹ ਮੁਕਾਬਲਾ ਤੇ ਵਿਹਾਰੀ ਪਛਾਣ ਈ, ਡਰ ਹੈ ਅੰਦਰ ਦਾ ਜੋ ਸੁਪਨਾ ਬਣ ਡਰਾਉਂਦਾ ਏ ਪਿਆ। ਫ਼ਕੀਰ ਨੂੰ ਆਪਣੇ ਕੰਮ ਦੀ ਅੱਧੀ ਸਮਝ ਏ ਏਹੀ ਅਧੂਰ ਏ ਜੋ ਜੀਵਨ ਦੇ ਪੂਰੇ ਟੋਰੇ ਦਾ ਅੰਗ ਨਹੀਂ ਬਨਣ ਦੇਂਦਾ। ਕੰਮ ਦਾ ਕਸਬ ਤੇ ਕਸਬ ਦਾ ਹਸਤੀ ਬਨਣ ਪਵਾੜਾ ਏ। ਕੰਮ ਤਾਂ ਹੈ ਲੋੜ ਪੂਰੀ ਕਰਨ ਲਈ ਪਰ ਜਦ ਓਹੀ ਕੰਮ ਕਸਬ ਬਣ ਲਾਹਾ ਖੱਟਣ ਦਾ ਢੰਗ ਬਣ ਵੰਜੇ ਤਾਂ ਹੌਲੀ-ਹੌਲੀ ਪਛਾਣ ਬਣ ਜਾਂਵਦਾ ਏ। ਵਿਹਾਰੀ ਪਛਾਣ ਦਾ ਜਿੰਨ ਈ ਚੰਬੜਿਆ ਏ ਫ਼ਕੀਰ ਨੂੰ ਜਿਸ ਦੇ ਜੱਫ਼ੇ ਤੋਂ ਆਜ਼ਾਦ ਨਾ ਹੋ ਸਕਿਆ ਸਾਰੀ ਹਯਾਤੀ। ਧੂਣੀ ਦਾ ਵੀ ਨਾ ਬਣ ਸਕਿਆ, ਨਾ ਈ ਆਪਣਾ ਬਣਿਆ। ਆਪਣੀ ਧੂੰਏਦਾਰ ਫ਼ਕੀਰ ਦੀ ਹਸਤੀ ਨੂੰ ਸਾਂਭੀ ਰੱਖਿਆ ਤੇ ਧੂਣੀ ਓਸ ਨੂੰ ਵਾਅ ਈ ਜਾਪੀ ਹਮੇਸ਼। ਵਾਅ ਨੂੰ ਥਾਂ ਦੀ ਲੋੜ ਈ ਨਹੀਂ ਹੋਂਦੀ। ਵਾਅ ਤਾਂ ਸਾਹ ਹੋਈ ਹਰ ਜੀਅ ਦੇ ਅੰਦਰ-ਬਾਹਰ। ਵਾਅ ਖਲੋ ਕੇ ਵੱਖ ਘਰ ਨਹੀਂ ਪਾਂਵਦੀ। ਵਾਅ ਵਾਂਗ ਈ ਧੂਣੀ ਉੱਡ-ਪੁੱਡ ਗਈ ਤੇ ਫ਼ਕੀਰ ਓਥੇ ਦਾ ਓਥੇ। ਧੂਣੀ ਅੰਦਰ ਨਾਬਰੀ ਦੇ ਮੱਚੇ ਮੱਚ ਨੂੰ ਸੰਗ ਮਿਲਿਆ ਗ਼ਦਰੀ ਦਾ ਤਾਂ ਓਸ ਜਾਨ ਵਾਰ ਦਿੱਤੀ ਓਸ ਤੋਂ। ਗ਼ਦਰ ਲਹਿਰ ਚੱਲੀ ਹਿੰਦੋਸਤਾਨ ਵਿਚ ਅੰਗਰੇਜ਼ ਤੋਂ ਆਜ਼ਦੀ ਲਈ। ਹਿੰਦੋਸਤਾਨ ਦੇ ਵਾਸੀਆਂ ਨੂੰ ਟੁੱਕਰ ਕਮਾਵਣ ਕੀਤੇ ਦੇਸੋਂ-ਪ੍ਰਦੇਸ ਹੋ ਕੇ ਸਮਝ ਲੱਗੀ ਜੋ ਅੰਗਰੇਜ਼ ਕੀਹ ਪਿਆ ਕਰਦਾ ਏ ਏਥੇ। ਇਤਨਾ ਅੰਨ ਉਗਾਵਣ ਵਾਲੀ ਧਰਤੀ ਤੇ ਰਿਜ਼ਕ ਦੀ ਥੋੜ ਦਾ ਕਾਰਨ ਕੀਹ ਹੈ ? ਆਪਣੇ ਮੁਲਕ ਵਿਚ ਸਭ ਹੋਂਦਿਆਂ ਵੀ ਕਿਉਂ ਸਾਨੂੰ ਢਿੱਡ ਭਰਨ ਦਾ ਬੰਦੋਬਸਤ ਕਰਨ ਲਈ ਆਪਣਿਆਂ ਦੀ ਦੂਰੀ ਸਹਿਣੀ ਪਈ ਪੈਂਦੀ ਏ। ਹਿੰਦ-ਵਾਸੀਆਂ ਦੀ ਕਰਨੀ, ਜਮ੍ਹਾਂ-ਜੋੜ ਕੇ ਕੇਵੇਂ ਅੰਗਰੇਜ਼ ਆਪਣੇ ਮੁਲਕ ਵਿਚ ਕਾਰਖ਼ਾਨੇ ਪਿਆ ਲਾਉਂਦਾ ਏ ਤੇ ਧੰਨ ਪਿਆ ਕਮਾਉਂਦਾ ਏ, ਸਾਰੀ ਦੁਨੀਆਂ ਤੋਂ। ਪਰ ਹਾਕਮ ਸਿਆਣੇ ਹੋਂਦੇ ਨੇ, ਉਹਨਾਂ ਨੂੰ ਵੇਲਿਓਂ ਪਹਿਲਾਂ ਸੂਹ ਲੱਗ ਗਈ ਜੋ ਗ਼ਦਰੀ ਕੀਹ ਮਤਾ ਪਕਾ ਕੇ ਪਏ ਪਰਤਦੇ ਨੇਂ ਮੁਲਕ ਵੱਲ। ਸੋ ਹਿੰਦੋਸਤਾਨ ਆਉਂਦਿਆਂ ਈ ਸਾਰੇ ਗ਼ਦਰੀ ਫੜ੍ਹ ਲਏ ਗਏ, ਕੁਝ ਥਾਂ ਮਾਰ ਦਿੱਤੇ, ਕੁਝ ਜੇਲ੍ਹ ਪਾਏ, ਕੁਝ ਨੱਸ ਗਏ। ਨੱਸਣ ਵਾਲਿਆਂ ਵਿਚੋਂ ਇਕ ਨਾਬਰ ਧੂਣੀ ਨੂੰ ਆ ਮਿਲਿਆ, ਆਪਣੀ ਹੱਡ-ਵਾਪਰੀ ਸੁਣਾ ਕੇ ਪਨਾਹ ਮੰਗੀ। ਧੂਣੀ ਓਸ ਨੂੰ ਲੈ ਕੇ ਫ਼ਕੀਰ ਕੋਲ ਆਈ ਤਾਂ ਫ਼ਕੀਰ ਨੂੰ ਆਪਣਾ ਤਾਇਆ ਚੇਤੇ ਆਇਆ ਜੋ ਸੱਠ ਵਰ੍ਹੇ ਪਹਿਲੋਂ ਦਾ ਨਾਬਰ ਹਾ, ਪਰ ਫ਼ਕੀਰ ਵਿਚ ਏਸ ਦੀ ਰਤਾ ਚਿਣਗ ਨਾ ਸੀ। ਗ਼ੁਲਾਮੀ ਤਾਂ ਵਿਰਸੇ ਵਿਚ ਲੱਭੀ ਏਥੋਂ ਦੇ ਵਸਨੀਕਾਂ ਨੂੰ ਪਰ ਨਾਲ ਨਾਬਰੀ ਵੀ ਅੰਦਰੇ-ਅੰਦਰ ਪਈ ਧੁਖੀ। ਉਤਲਾ ਤੇ ਵਿਚੋਲਾ ਮੇਲ ਹਾਕਮਾਂ ਨਾਲ ਸੀ ਆਪਣੇ ਲਾਹੇ ਪਾਰੋਂ, ਪਰ ਹੇਠਲਾ ਮੇਲ ਸਾਰਾ ਨਾਬਰ ਸੀ, ਏਸ ਗ਼ੁਲਾਮ ਜੀਵਨ ਦਾ। ਧੂਣੀ ਦੇ ਨਾਲ ਆਏ ਗ਼ਦਰੀ ਦੇ ਪਿਛੇ ਪੁਲਸ ਸੀ ਸੋ ਏਹਨਾਂ ਦੇ ਗੱਲਾਂ ਕਰੇਂਦਿਆਂ ਈ ਪੁਲਸ ਸਿਰ ਤੇ ਆਣ ਖਲੋਤੀ। ਧੂਣੀ ਗ਼ਦਰੀ ਨੂੰ ਝੁੱਗੀ ਅੰਦਰ

ਲੁਕਾਇਆ ਤੇ ਪੁਲਸ ਨਾਲ ਸਿੱਧੀ ਹੋ ਗਈ। ਉਹਨਾਂ ਝੁੱਗੀ ਦਾ ਬੂਹਾ ਭੰਨ ਜਣੇ ਨੂੰ ਬਾਹਰ ਕੱਢ ਲਿਆ। ਧੂਣੀ ਹਿੰਮਤ ਨਹੀਂ ਹਾਰੀ ਤੇ ਅਜੇ ਵੀ ਓਸ ਜਤਨ ਕੀਤਾ ਕਿ ਗ਼ਦਰੀ ਨੂੰ ਨਸਾ ਦੇਵੇ ਪਰ ਪੁਲਸ ਵਾਲਿਆਂ ਉਹਨਾਂ ਦੋਹਾਂ ਨੂੰ ਬੰਨ੍ਹ ਖੜਿਆ। ਏਸ ਸਾਰੀ ਵਾਪਰੀ ਵਿਚ ਫ਼ਕ਼ੀਰ ਚੁੱਪ ਖਲੋਤਾ ਏ ਓਸ ਅੱਗੇ ਵਧ ਕੋਈ ਮਦਦ ਨਾ ਕੀਤੀ। ਜਣਾ ਓਪਰਾ ਸੀ ਪਰ ਧੂਣੀ ਤੇ ਆਪਣੀ ਸੀ ਨਾ ਫ਼ਕ਼ੀਰ ਦੀ, ਜਿਸ ਸਾਰੀ ਹਯਾਤੀ ਫ਼ਕ਼ੀਰ ਨਾਲ ਸੰਗ ਪਾਰੋਂ ਲੋਕ ਦੇ ਮਿਹਣੇ ਸੁਣੇ। ਮੁੰਨੀ ਪੁੱਛਿਆ ਕਿ ਜਦੋਂ ਘੋੜੇ ਤੇ ਰੱਖਿਆ ਧੂਣੀ ਨੂੰ ਤਾਂ ਤੂੰ ਕੀ ਕੀਤਾ :

"ਫ਼ਕ਼ੀਰ : ਜੇਵੇਂ ਗਡੀਜ ਗੇਮ, ਉਹ ਟੁਰ ਗਏ ਸਾਰਾ ਪਹਿਰ ਮੈਂ ਗੁੰਮ-ਸੁੰਮ ਓਵੇਂ"

ਮੁੰਨੀ ਵੀ ਯਾਦ ਕਰੇਂਦੀ ਏ ਧੂਣੀ ਦਾ ਜਾਵਣ ਕਿ ਪੰਜ ਵਰ੍ਹੇ ਪਹਿਲੋਂ ਦੀ ਗੱਲ ਏ। ਮੈਂ ਵੀ ਭੱਠੀ ਤੇ ਬੈਠੀ ਸਾਂ ਨਾਨੀ ਦੇ ਨਾਲ ਈ ਤੇ ਕੋਈ ਸੁੱਕਾ-ਸੜਿਆ, ਭੁੱਖ ਦਾ ਮਾਰਿਆ ਜਣਾ ਆਇਆ ਏ। ਨਾਨੀ ਓਸ ਨਾਲ ਕੋਈ ਗੱਲ ਕਰਕੇ ਮੁੰਨੀ ਨੂੰ ਭੱਠੀ ਤੇ ਛੱਡ ਨਿਕਲ ਗਈ ਏ। ਮੁੰਨੀ ਵੀ ਅਚੰਭਾ ਏ ਜੋ ਫ਼ਕ਼ੀਰ ਨਾਲ ਸੁਰ-ਸਾਰ ਏ ਏਹਦੀ ਪਰ ਏਸ ਜਣੇ ਨਾਲ ਮਿਲ ਕੇ ਨਾਨੀ ਦਾ ਰੰਗ ਹੋਰ ਈ ਹੋ ਗਿਆ ਏ। ਲੱਗਦਾ ਏ ਧੂਣੀ ਨੂੰ ਸਾਰੀ ਖ਼ਬਰ ਆਹੀ ਗ਼ਦਰ-ਪਾਰਟੀ ਦੀ ਤੇ ਜੋ ਉਹਨਾਂ ਨਾਲ ਹੋਈ ਓਸ ਦੀ ਵੀ। ਧੂਣੀ ਭੱਠੀ ਬੈਠੀ ਵੀ ਅੰਦਰੋਂ-ਅੰਦਰ ਗ਼ਦਰੀਆਂ ਦਾ ਸੰਗ ਆਹੀ ਤੇ ਜਿਥੇ ਓਹਦਾ ਵਾਹ ਲੱਗਾ ਓਸ ਹੱਥ ਪਵਾਇਆ। ਮੁੰਨੀ ਹੋਰ ਗੱਲ ਵੀ ਚਿਤਾਰਦੀ ਏ ਜੋ ਨਾਨੀ ਨੇ ਫ਼ਕ਼ੀਰ ਨੂੰ ਦਸਾਵਣ ਤੋਂ ਮਨ੍ਹਾ ਕੀਤਾ ਸੀ ਪਰ ਫ਼ਕ਼ੀਰ ਦੇ ਮਿੰਨਤ ਕਰਨ ਤੇ ਦੱਸਦੀ ਏ:

"ਮੁੰਨੀ : ਓਸ ਵੇਲੇ ਤਾਂ ਵਰਜਿਆ ਹਾਸ। ਸੁਣਦਾ ਹੈਂ ਤਾਂ ਸੁਣ ਘਿਨ। ਆਂਹਦੀ ਏ ਮੈਂ ਖ਼ਾਬ ਪਈ ਵੇਂਹਦੀ ਹਾਂ ਮੁੰਨੀਏ, ਜਿਥਾਂ ਫ਼ਕ਼ੀਰ ਧਰੇਂਦਾ ਏ ਧੂੰਏਂ, ਉਥਾਂ ਸੰਮੀ ਉੱਗ ਖਲੀ ਏ ਮੈਂਡੇ ਵੇਂਹਦਿਆ

ਜੇਵੇਂ ਸੱਪਣੀ ਨਹੀਂ ਧੁਰ ਧਰਤੀ ਵਿਚੋਂ ਨਿਕਲ ਸਿੱਧੀ ਖਲੋ ਗਈ ?

ਚਹੀਵਰ ਛੋਹਰੀਂ ਆਈਆਂ ਨੇ ਸੰਮੀ ਘੇਰ ਨਚੀਦੀਆਂ। ਸੰਮੀ ਦੇ ਤਨ ਵਿਚੋਂ ਪੱਘਰਦੇ ਨੇਂ ਅੱਗ ਦੇ ਤਰੁੱਬਕੇ, ਨੱਚ-ਨੱਚ ਛੋਹਰਾਂ ਤਲੀ ਤੇ ਚਾਵਣ, ਓਹਨਾਂ ਦੇ ਤਨ ਵਿਚੋਂ ਵੀ ਅੱਗ ਪੱਘਰਦੀ ਜੇਵੇਂ ਕੁੱਲ-ਜਹਾਨ ਤੇ ਧੁੰਮ ਗਈ ਏ ਭਾ ਦਾ ਸਾਵਨ ਲੱਗਾ ਏ ਤੋੜੋ-ਤੋੜ, ਨੱਚਦੀਆਂ ਕੁੜੀਆਂ ਸੰਮੀ ਨਾਲ ਪਲਮ ਕੇ ਵਾਰੋ-ਵਾਰ ਨਹਾਉਂਦੀਆਂ ਨੇ ਪਈਆਂ।"

ਮੁੰਨੀ ਦੀ ਗੱਲ ਸੁਣਦਾ-ਸੁਣਦਾ ਫ਼ਕੀਰ ਸੌਂ ਗਿਆ ਏ ਤੇ ਉਹ ਟੁਰ ਜਾਂਦੀ ਏ ਕਿ ਤੂੰ ਆਰਾਮ ਕਰ ਫੇਰ ਆ ਕੇ ਅੱਗੋਂ ਸੁਣਾਸਾਂ। ਧੂਣੀ ਦਾ ਸੁਪਨਾ ਨਵਾਂ ਜਹਾਨ ਵਖਾਉਂਦਾ ਏ। ਧੂੰਏਂ ਦੀ ਜਾਅ ਸੰਮੀ ਦਾ ਉੱਗਣ, ਸੰਮੀ ਦਾ ਸੱਪਣੀ ਬਣ ਦਿਸਣ, ਕੁੜੀਆਂ ਦਾ ਨਾਚ ਤੇ ਸੰਮੀ ਦਾ ਅੱਗ ਝੜਨ, ਭਾਅ ਦਾ ਸਾਵਨ ਸਭ ਅਚਰਜ ਰਮਜ਼ਾਂ ਨੇ। ਫ਼ਕੀਰ ਦਾ ਸੁਪਨਾ ਹੋਰ ਏ। ਓਸ ਨੂੰ ਆਪਣਾ-ਆਪ ਸੁੱਕਾ ਜੰਡ ਬਣਿਆ ਦਿਸਿਆ ਏ, ਥਾਂ ਓਹੀ ਏ ਜਿਥੇ ਧੂੰਏਂ ਮੇਲਦਾ ਏ। ਧੂਣੀ ਦਾ ਸੁਪਨਾ ਓਸ ਦੀ ਕਰਨੀ ਏ ਤੇ ਫ਼ਕੀਰ ਦਾ ਸੁਪਨਾ ਓਸ ਦੀ ਕਰਨੀ। ਸੁਪਨੇ ਕੋਈ ਅਸਮਾਨੋਂ ਤੇ ਨਹੀਂ ਲਹਿੰਦੇ। ਅਸਾਡੀ ਹੋਸ਼ ਦੀ ਕਰਨੀ-ਜਰਨੀ ਵਿਚੋਂ ਈ ਪੁੰਗਰਦੇ ਨੇ। ਸੁਚੇਤ ਅਸੀਂ ਅੱਖੀਆਂ ਖੋਲ ਨਾ ਵੇਖੀਏ ਤਾਂ ਅਚੇਤ ਸੁਪਨਾ ਬਣ ਕੇ ਆ ਦਸੀਂਦਾ ਏ। ਜਦ ਕਰਨੀ ਦਾ ਵੇਲਾ ਹਾ ਤਦੋਂ ਤੇ ਫ਼ਕੀਰ ਗਡੀਜ ਗਿਆ ਤੇ ਓਸ ਦੀਆਂ ਅੱਖੀਆਂ ਦੇ ਸਾਹਮਣੇ ਗ਼ਦਰੀ ਤੇ ਧੂਣੀ ਨੂੰ ਪੁਲਸ ਲੈ ਗਈ। ਓਸ ਵੇਲੇ ਆਹਰ ਨਾ ਕਰਨ ਦਾ ਹਿਰਖ ਏ ਫ਼ਕੀਰ ਅੰਦਰ, ਜਿਸ ਨੂੰ ਸੁਚੇਤ ਤੇ ਉਹ ਨਹੀਂ ਮੰਨਦਾ ਪਰ ਸੁਪਨਾ ਬਣ ਅਚੇਤ ਓਸ ਨੂੰ ਡਰਾਉਂਦਾ ਏ। ਧੂਣੀ ਦੇ ਹੋਂਦਿਆਂ ਡਰਦਾ ਨਹੀਂ ਸੀ, ਧੂਣੀ ਦੇ ਪਿਛੋਂ ਕਿਉਂ ਡਰਨ ਲੱਗਾ। ਧੂਣੀ ਦਾ ਸੁਫ਼ਨਾ ਓਸ ਦੇ ਕੰਮ ਨਾਲ ਈ ਜੁੜਿਆ ਹੋਇਆ ਏ। ਜੋ ਸੱਚ ਸੀ ਧੂਣੀ ਦੇ ਅੰਦਰ ਦਾ ਉਹ ਅੱਗ ਬਣ ਵਧ ਪਿਆ ਏ ਤੇ ਧੂਣੀ ਦਾ ਸੰਗ ਨੇ ਹੁਣ ਸਭ ਕੁੜੀਆਂ। ਅੱਗ ਵਿਚ ਨਹਾਉਂਦੀਆਂ ਕੁੜੀਆਂ ਆਪ ਵੀ ਅੱਗ ਈ ਨੇਂ ਹੁਣ, ਅਣਠਿੱਲੀ। ਅੱਗ ਸਾੜਨ ਦੀ ਰਮਜ਼ ਏ, ਮੁਕਾਵਣ ਦੀ, ਜੜ੍ਹੋਂ ਪੁੱਟ ਸਵਾਹ ਕਰਨ ਦੀ (ਖੇਤ ਵਿਚੋਂ ਫ਼ਸਲ ਵੱਢ ਕੇ ਨਵੀਂ ਬਿਜਾਈ ਤੋਂ ਪਹਿਲੋਂ ਜੋ ਪਹਿਲਾ ਰਹਿੰਦ-ਖੁੰਹਦ ਹੋਂਦਾ ਏ ਓਸ ਨੂੰ ਮੁਕਾਵਣ ਕੀਤੇ ਪੈਲੀ ਵਿਚ ਅੱਗ ਲਾਈ ਜਾਂਦੀ ਏ) ਨਾਬਰੀ, ਵਿਹਰ ਅੱਗ ਈ ਹੈ ਅੰਦਰਾਂ ਵਿਚ ਲੁਕੀ, ਜੋ ਜੀਵਨ ਦਾਨ ਦੀ ਮੰਗ ਕਰੇਂਦੀ ਏ, ਜਿਸ ਦਾਨ ਕੀਤਾ ਆਪਣਾ ਤਨ-ਮਨ ਉਹ ਧੂਣੀ ਏ। ਆਪਣਾ-ਆਪ ਵਾਰ ਕੇ, ਮੁਕਾ ਕੇ ਧੂਣੀ ਜੀਊ ਪਈ ਏ ਸਦਾ ਦਾ ਜੀਵਨ। ਫ਼ਕੀਰ ਆਪਣਾ-ਆਪ ਓਸ ਪਲ ਬਚਾ ਲਿਆ ਪਰ ਮਰ ਮੁੱਕ ਗਿਆ। ਉਂਜ ਮਰ ਤਾਂ ਉਹ ਪੰਜ ਵਰ੍ਹੇ ਪਹਿਲੋਂ ਈ ਗਿਆ ਸੀ ਜਦ ਗਡੀਜਾ ਤੇ ਧੂਣੀ ਦੇ ਨਾਲ ਨਾ ਖਲੋਤਾ। ਖ਼ਬਰੇ ਸੁਰਤ ਹੁਣ ਆਈ ਸੂ ਪੰਜ ਵਰ੍ਹੇ ਮਗਰੋਂ ਜੋ ਜੀਂਵਦਾ ਈ ਨਹੀਂ ਮੈਂ ਤਾਂ ਮੋਇਆ ਜੀਵਨ ਪਿਆ ਹੰਡਾਉਂਦਾ ਹਾਂ ਸੁੱਕਾ ਪਿੰਜਰ, ਵੀਰਾਨ। ਮੁੰਨੀ ਦੇ ਜਾਵਣ ਪਿਛੋਂ ਫ਼ਕੀਰ ਸੁਪਨੇ ਵਿਚ ਵੇਖਦਾ ਏ ਝੀਵਰ-ਛੋਹਰੀਂ ਆਈਆਂ ਨੇ, ਵਿਚ ਮੁੰਨੀ ਏ ਕਿ ਖ਼ਬਰੇ ਧੂਣੀ, ਧੂੰਏਂ ਮੇਲਣ ਦੀ ਥਾਵੇਂ ਸੰਮੀ ਸੱਪਣੀ ਵਾਂਗ ਉੱਗ ਖਲੋਤੀ ਏ। ਨੱਚਦਿਆਂ-ਗਾਉਂਦਿਆਂ ਧੂਣੀ, ਸੰਮੀ ਵੀ ਇਕ ਹੋਈਆਂ ਨੇ ਗਾਉਂਦੀਆਂ ਨੇ :

"ਅੱਜ ਮਿਲਣੇ ਦੀ ਵਾਰ, ਨੀ ਆਈਆ ਭਲਾ ਕੌਣ ਸੰਮੀਏ
ਘੋੜੇ ਨਾ ਅਸਵਾਰ, ਨੀ ਆਈਆਂ ਭਲਾ ਕੌਣ ਸੰਮੀਏ

ਚਿੱਤ ਵੀ ਤੂੰਹੀਓਂ ਮਿੱਤ ਵੀ ਤੂੰਹੀਓਂ
ਤੈਨੂੰ ਨਹੀਂ ਸਾਡੜੀ ਸਾਰ ? ਨੀ ਆਈਆਂ ਭਲਾ ਕੌਣ ਸੰਮੀਏ
ਤਾਅ ਵੀ ਤੂੰਹੀਓਂ ਨਿੱਘ ਵੀ ਤੂੰਹੀਓਂ
ਤੂੰਹੀਓਂ ਹੈਂ ਮਨ-ਠਾਰ, ਨੀ ਆਈਆਂ ਭਲਾ ਕੌਣ ਸੰਮੀਏ
ਤੈਨੂੰ ਮਿਲੀਆਂ ਧਰਤ ਨੂੰ ਮਿਲੀਆਂ
ਮਿਲੀਆਂ ਸਮੰਦਰ ਯਾਰ, ਨੀ ਆਈਆਂ ਭਲਾ ਕੌਣ ਸੰਮੀਏ
ਤੈਨੂੰ ਮਿਲੀਆਂ ਸੂਰਜ ਨੂੰ ਮਿਲੀਆਂ
ਤੂੰ ਸੁਰਜਣ ਵਿਚਕਾਰ, ਨੀ ਆਈਆਂ ਭਲਾ ਕੌਣ ਸੰਮੀਏ
ਤਾਰੇ ਚਿਣਗਾਂ ਕਣੀਆਂ ਤੇਰੀਆਂ
ਅੰਮ੍ਰਿਤ ਇਸ਼ਕ, ਫੁਹਾਰ, ਨੀ ਆਈਆਂ ਭਲਾ ਕੌਣ ਸੰਮੀਏ
ਮੰਨੀਂ ਧੰਗਾਣ ਨਾ ਖੋਟ ਸਹਾਰੀਂ
ਫੂਕੀਂ ਕੂੜ ਬਜ਼ਾਰ, ਨੀ ਆਈਆਂ ਭਲਾ ਕੌਣ ਸੰਮੀਏ
ਵੇਖੀਂ ਕ਼ਿਲ੍ਹੇ ਨਾ ਸੁਣੀ ਨਕ਼ਾਰੇ
ਖਹੀਂ ਤੇ ਕਰ ਜਾਈਂ ਛਾਰ, ਨੀ ਆਈਆਂ ਭਲਾ ਕੌਣ ਸੰਮੀਏ
ਆਈਆਂ ਤੈਂਡੇ ਰੰਗ ਰੰਗੀਜਣ
ਤਜ ਵਿਹੜੇ ਘਰ ਬਾਰ, ਨੀ ਆਈਆਂ ਭਲਾ ਕੌਣ ਸੰਮੀਏ

ਜੀਵਨ ਮੇਲ ਹੈ। ਵੇਖੋ ਕੌਣ ਮਿਲਣ ਆਈਆਂ ਨੇ। ਇਹ "ਕੌਣ' ਨੇ ਸਾਰੀਆਂ ਬੇ-ਨਾਂ, ਬੇ-ਨਿਸ਼ਾਨ ਕੌਣਾਂ ਬਣ ਆਈਆਂ ਨੇ। ਸੰਮੀ ਉਹਨਾਂ ਵਰਗੀ ਏ ਪਲ-ਪਲ ਆਪਣਾ-ਆਪ ਸਾੜ-ਬਾਲ ਕੇ ਚਾਨਣ ਦੇਂਦੀ, ਨਿੱਘ ਦੇਂਦੀ। ਅੱਜ ਏਸ ਸੰਮੀ ਨੂੰ ਮਿਲਣ ਕੀਤਿਆਂ ਜੁੜੀਆਂ ਨੇਂ ਸਾਰੀਆਂ। ਸੰਮੀ ਦਾ ਗਾਉਣ ਗਾ ਓਸ ਨਾਲ ਆਪਣੀ ਪ੍ਰੀਤ ਸਾਂਝੀ ਕਰਦੀਆਂ ਦਿੱਸਦੀਆਂ ਨੇਂ। ਤੂੰ ਈ ਸਾਡਾ ਚਿੱਤ-ਚੇਤਾ ਏਂ, ਤੂੰ ਈ ਸੱਜਣ ਏਂ ਅਸਾਡੀ, ਕੀ ਜਾਣਦੀ ਨਹੀਓਂ, ਅੱਜ ਕੌਣ ਆਈਆਂ ਨੇਂ। ਤੇਰੇ ਸੇਕ ਤੇ ਅੰਨ ਪੱਕਦਾ ਏ ਤੇ ਸੀਤ ਜੀਵਨ ਵਿਚ ਨਿੱਘਾ ਸੇਕ ਤੇਰਾ ਏ, ਤੂੰ ਮਨ ਠਾਰ ਵੀ ਏਂ। ਤੈਨੂੰ ਮਿਲ ਕੇ ਲੱਗਾ ਧਰਤੀ ਤੇ ਪਾਣੀ ਨੂੰ ਮਿਲੀਆਂ ਹਾਂ। ਤੂੰ ਮਿੱਟੀ ਵਿਚੋਂ ਉੱਗ ਕੇ ਮਿੱਟੀ ਵਿਸਾਰੀ ਨਹੀਂ, ਜੜ੍ਹਾਂ ਰਾਹੀਂ ਸੰਗ ਏ ਤੇਰਾ ਮਿੱਟੀ ਨਾਲ ਤੇ ਮਿੱਟੀ ਦੇ ਵਿਚ ਲੁਕੇ ਪਾਣੀ ਨਾਲ ਵੀ। ਸੰਮੀਏ ਤੈਨੂੰ ਮਿਲੀਆਂ ਤਾਂ ਜਾਪਿਆ ਜੇਵੇਂ ਸੂਰਜ ਨੂੰ ਮਿਲ ਪਈਆਂ ਅੱਜ। ਤੂੰ ਵਿਚਕਾਰ ਏਂ ਅਸਾਡੇ, ਤੇਰੀ ਬਲਦੀ ਅੱਗ ਦੀਆਂ ਚਿੰਗਾਰੀਆਂ, ਕਣੀਆਂ ਬਣ ਵਰ੍ਹ ਪਈਆਂ ਨੇ। ਇਹ ਇਸ਼ਕ਼-ਅੰਮ੍ਰਿਤ ਦੀ ਫੁਹਾਰ ਏ ਜੋ ਤੂੰ ਦਾਨ ਪਈ ਕਰੇਨੀ ਏਂ। ਜ਼ੋਰਾਵਰੀ ਤੇ ਰਲਾ ਤੈਨੂੰ ਵਾਰੇ ਨਹੀਂ, ਝੂਠ ਦੇ ਭਰੇ ਬਜ਼ਾਰ ਸਾੜ ਸਵਾਹ ਕਰਨੀ ਏਂ ਤੂੰ। ਵੱਡੇ-ਵੱਡੇ ਕ਼ਿਲ੍ਹੇ ਤੇ ਉਹਨਾਂ ਕ਼ਿਲ੍ਹਿਆਂ ਵਿਚ ਵੱਜਦੇ ਨਕ਼ਾਰੇ, ਤੈਨੂੰ ਦਬਾ ਨਹੀਂ ਸਕਦੇ। ਤੂੰ ਬਸ ਛੋਹ

ਜਾਵੇਂ ਤੇ ਛਾਨਣੀ ਕਰ ਦਏਂ ਸਭ। ਅਸਾਂ ਏਸੇ ਪਾਰੋਂ ਤੈਨੂੰ ਕੌਣ ਬਣ ਮਿਲਣ ਆਈਆਂ ਹਾਂ, ਤੇਰੇ ਰੰਗ-ਰੰਗਣ। ਘਰ-ਬਾਰ ਵਿਹੜੇ, ਜਿਹਨਾਂ ਅਸਾਨੂੰ ਡੱਕਿਆ ਏ, ਵਲਗਣਾਂ ਪੱਕੀਆਂ ਅੰਦਰ ਉਹ ਸਭ ਤਜ ਆਈਆਂ ਹਾਂ। ਹੁਣ ਤੂੰ ਅਸਾਨੂੰ ਆਪਣਾ ਰੰਗ ਚਾੜ੍ਹ ਅਸਾਂ ਕੌਣ ਹੋ ਤੇਰੇ ਮਿਲਣ ਕੀਤੇ ਆਈਆਂ ਹਾਂ। ਮਿੱਟੀ, ਪਾਣੀ, ਅੱਗ ਦਾ ਮੇਲ ਹੈ, ਕੁਲ ਜੀਆ-ਜੂਨ। ਕੁਲ ਕ਼ਾਇਨਾਤ ਦਾ ਖ਼ਲਾਰ ਪਸਾਰ। ਕੁੜੀਆਂ ਦਾ ਸੰਮੀ ਤੇ ਧੂਣੀ ਨਾਲ ਰਲ ਨੱਚਣ-ਗਾਵਣ ਸਿਖ਼ਰ ਤੇ ਪੁੱਜਾ ਏ, ਭਾਅ ਦਾ ਦਰਿਆ ਚੜ੍ਹ ਪਿਆ ਏ। ਫ਼ਕ਼ੀਰ ਦੀ ਝੁੱਗੀ ਰੁੜ੍ਹ ਗਈ ਏ। ਫ਼ਕ਼ੀਰ, ਜੋ ਵੱਖ ਹਸਤੀ, ਵੱਖ ਪਛਾਣ ਬਣਾ ਕੇ ਵੱਖ ਥਾਂ ਮੱਲ ਕੇ ਬੈਠਾ ਸੀ, ਓਸ ਨੂੰ ਸਾਂਝੀ ਪਛਾਣ ਸਾੜ ਕੇ ਰੋੜ੍ਹ ਕੇ ਆਪਣੇ ਵਿਚ ਰਲਾ ਲਿਆ ਏ। ਵੱਖਰੀ ਝੁੱਗੀ ਹੀ ਪਵਾੜਾ ਸੀ। ਧੂਣੀ ਦੇ ਮਚਾਏ ਮੱਚ, ਸਭ ਸਾੜ ਫ਼ਨਾ ਕੀਤਾ ਏ ਜੋ ਫ਼ਕ਼ੀਰ ਆਪਣਾ ਮੱਚ ਬਣਾ ਕੇ ਬੈਠਾ ਸੀ। ਉਹ ਅੰਦਰੋਂ ਜਾਣੇ ਕਦ ਦਾ ਬੁਝਿਆ ਹੋਇਆ ਹੈ। ਰਾਤ ਲੰਘ ਗਈ ਏ ਸਵੇਰੇ ਮੁੰਨੀ ਆਈ ਏ ਤਾਂ ਫ਼ਕ਼ੀਰ ਉਵੇਂ ਈ ਬੈਠਾ ਏ ਜੇਵੇਂ ਮੁੰਨੀ ਛੱਡ ਕੇ ਗਈ ਸੀ। ਮੋਢਾ ਹਲਾਇਆ ਤਾਂ ਫ਼ਕ਼ੀਰ ਅੱਗੇ ਜੀਉਂਦਾ ਨਾ ਲੱਭਾ, ਓਸ ਫੜ ਲਟਾਇਆ ਤੇ ਨਾਲ ਆਪਣੇ-ਆਪ ਨੂੰ ਆਖਣ ਲੱਗੀ ਜੋ ਨਾਨੀ ਤਾਂ ਮਨ੍ਹਾਂ ਕੀਤਾ ਸੀ ਕਿ ਫ਼ਕ਼ੀਰ ਨੂੰ ਇਹ ਸੁਪਨਾ ਨਹੀਂ ਸੁਣਾਉਣਾ ਪਰ ਹੁਣ ਖ਼ਬਰੇ ਵੇਲਾ ਆ ਗਿਆ ਸੀ ਸੁਨਾਵਣ ਦਾ ਫ਼ਕ਼ੀਰ ਜੋ ਤ੍ਰੈ ਰਾਤਾਂ ਤੋਂ ਆਪਣਾ ਸੁਪਨਾ ਵੇਖਦਾ ਜਾਗਦਾ ਸੀ ਪਿਆ ਸੁੱਕੇ ਜੰਡ ਬਨਣ ਦਾ, ਉਹ ਸੁਣ ਕੇ ਹੀ ਮੁੰਨੀ ਨੂੰ ਲੱਗਾ ਕਿ ਏਸ ਨੂੰ ਨਾਨੀ ਦਾ ਸੁਪਨਾ ਸੁਣਾ ਦੇਵਾਂ। ਨਾਨੀ ਧੂਣੀ ਦੇ ਜੀਉਂਦਿਆਂ ਤਾਂ ਫ਼ਕ਼ੀਰ ਨੂੰ ਸੁਰਤ ਮੱਤ ਆਈ ਕੋਈ ਨਾ। ਮੁੰਨੀ ਆਪਣੇ ਨਾਂ ਵਰਗੀ ਏ ਸਿਆਣੀ, ਦਾਨੀ, ਸਮਝਦਾਰ, ਗਿਆਨ ਵਾਲੀ, ਇਲਮ ਦੀ ਦੇਵੀ। ਧੂਣੀ ਦੀ ਦੱਸੀ ਇਕ-ਇਕ ਗੱਲ ਓਸ ਦੀ ਸਮਝ-ਸੋਚ ਦਾ ਹਿੱਸਾ ਏ। ਸੰਮੀ, ਸੱਪਣੀ ਤੇ ਧੂਣੀ ਵਿਚਕਾਰ ਸਾਂਝ ਏ, ਅਣਦਿਸਣੀ, ਚੁੱਪ ਰਹਿ ਕੇ ਆਪਣਾ ਕੰਮ ਕਰਨਾ। ਇਹਨਾਂ ਦੇ ਹੋਵਣ ਦਾ ਪਤਾ ਨਹੀਂ ਲੱਗਦਾ ਜਦ ਤਾਈਂ ਆਪਣੀ ਕਰਨੀ ਤੇ ਨਾ ਆ ਜਾਵਣ। ਆਪਣੀ ਸਕਤ ਦੀਆਂ ਜਾਣੂੰ ਨੇਂ ਤੇ ਓਸ ਦੀ ਵਰਤੋਂ ਵੇਲੇ ਸਿਰ ਕਰਨ ਜਾਣਦੀਆਂ ਨੇਂ। ਅਸਾਂ ਟੁਰੇ ਸਾਂ ਸੰਮੀ ਦੇ ਗਾਉਣ ਤੋਂ ਤੇ ਖਯਾਲ ਆਪਣੇ ਨਾਲ ਖਿਡਾਉਂਦਾ ਵੇਖੋ ਕਿੱਥੇ ਲੈ ਆਇਆ ਏ। ਪਰ ਇਕ ਗੱਲ ਸਮਝ ਲੱਗੀ ਏ ਕਿ ਸੰਮੀ ਹੈ ਕੁੜੀ ਹੀ, ਜਿਸ ਨੂੰ ਢੋਲਕੀ ਤੇ ਗਾਉਂਦੀਆਂ ਨੇਂ ਰਲ ਕੇ। ਸੰਮੀ ਵਾਂਗ ਇਹਨਾਂ ਸਭਨਾਂ ਗਾਂਵਣਹਾਰਾਂ ਅੰਦਰ ਅੱਗ ਲੁਕੀ ਏ, ਗਾਉਣ ਗਾ ਕੇ ਓਸ ਨੂੰ ਚੇਤੇ ਕਰਦੀਆਂ ਨੇਂ। ਸੱਪਣੀ ਵਾਂਗ ਜ਼ਹਿਰ ਭਰਿਆ ਏ ਮਨਾਂ ਵਿਚ ਨਾਰਾਂ ਦੇ, ਆਪਣੇ ਬੰਦੀਵਾਨ ਜੀਵਨ ਪਾਰੋਂ। ਜੇਵੇਂ ਸੰਮੀ ਦੇ ਨਾਂ ਬਦਲ ਕੇ ਓਸ ਨੂੰ ਨਵੇਂ ਲੀੜੇ ਪਵਾ ਕੇ ਵਰਤਿਆ ਜੱਗ ਨੇ, ਤੇਵੇਂ ਨਾਰ ਨਾਲ ਵੀ ਕੀਤਾ। ਪਰ ਨਾਰ ਅੰਦਰ ਮੱਚਿਆ

ਮੱਚ ਤੇ ਓਸ ਦੀ ਕੌੜ ਦੀ ਵਿਸ, ਧੂਣੀ ਵਾਂਗ ਵੇਲੇ ਦੀ ਉਡੀਕ ਵਿਚ ਏ। ਇਹ ਅੱਗ ਜਿਸ ਪਲ ਵੀ ਅੰਦਰੋਂ ਬਾਹਰ ਆਈ ਸਭ ਸਾੜ-ਫੂਕ ਸਵਾਹ ਕਰਸੀ। ਵੱਖ-ਵੱਖ ਉੱਸਰੀਆਂ ਝੁੱਗੀਆਂ ਢਾਉਂਦਿਆਂ ਸਾੜਦਿਆਂ ਏਸ ਚਿਰ ਨਹੀਂ ਲਾਉਣਾ।

***

# ਚੋਗ ਕੁਸੰਭੇ ਦੀ

ਬੁੱਲੇ ਸ਼ਾਹ ਦੀ ਕਾਫ਼ੀ ਏ "ਮੈਂ ਕੁਸੰਭੜਾ ਚੁਣ ਚੁਣ ਹਾਰੀ"। ਏਸੇ ਕਾਫ਼ੀ ਨੂੰ ਖਯਾਲ ਬਣਾ ਵਰਤਾਇਆ ਏ ਮੁੜ ਸੱਤ ਸਖੀਆਂ ਨੇ, ਵਪਾਰੀ, ਪਟਵਾਰੀ, ਮੁਕ਼ੱਦਮ ਤੇ ਹਾਕਮ ਦੇ ਸਾਂਗ ਰਚਾ ਕੇ। ਬੁੱਲ੍ਹੇ ਸ਼ਾਹ ਆਪਣੇ ਵੇਲੇ ਜੋ ਹੋਂਦੀ ਵਾਪਰਦੀ ਵੇਖੀ, ਨਿਰੀ ਵੇਖੀ ਨਹੀਂ ਜਰੀ ਵੀ ਓਸ ਨੂੰ ਕਾਫ਼ੀ ਬਣਾ ਗਾਇਆ। ਮਾੜਿਆਂ, ਨਿਮਾਣਿਆਂ, ਨਿਤਾਣਿਆਂ ਨੂੰ ਉਹਨਾਂ ਨਾਲ ਹੋਂਦਾ ਧ੍ਰੋਹ ਗਾਉਣ ਬਣਾ ਸੁਣਾਇਆ। ਬੁੱਲ੍ਹੇ ਸ਼ਾਹ ਨਾਲ ਹੋਰ ਕੀ ਵੈਰ ਸੀ ਵੇਲੇ ਦਾ, ਏਹੋ ਈ ਨਾ ਕਿ ਅਸੁਰਤਿਆਂ ਵਿਚ ਸੁਰਤ ਮੁੜ ਕਿਉਂ ਪਿਆ ਜਗਾਉਂਦਾ ਏ, ਪਾਟਿਆਂ ਹੋਇਆਂ ਨੂੰ ਗੰਢ-ਜੋੜ ਕੇ ਕਿਉਂ ਇਕ ਪਿਆ ਕਰਦਾ ਏ। ਏਸ ਖਯਾਲ ਦੇ ਸੱਤ ਪਾਤਰ ਕਾਫ਼ੀ ਖੇਡ ਵਿਚਾਰਦੇ ਨੇਂ ਕੇਵੇਂ ਉਹਨਾਂ ਦਾ ਕੀਤਾ ਹੋਇਆ ਕੰਮ ਉਹਨਾਂ ਦੇ ਆਪਣੇ ਗਲੇ ਦਾ ਫਾਹ ਬਣ ਜਾਂਵਦਾ ਏ। ਆਪਣੀ ਕੀਤੀ ਮਿਹਨਤ ਵਿਚੋਂ ਉਹਨਾਂ ਦੇ ਹਿੱਸੇ ਕੱਖ ਨਹੀਂ ਆਉਂਦਾ, ਸਗੋਂ ਉਲਟਾ ਹੱਥੋਂ ਦੇਵਣਾ ਪੈ ਜਾਂਵਦਾ ਏ। ਉਹ ਰਲ ਸੋਚ ਕੇ ਪੱਕ ਕਰੇਂਦੀਆਂ ਨੇ ਜੋ ਅਸਾਡੀ ਮਿਹਨਤ ਈ ਅਸਾਨੂੰ ਕ਼ੈਦੀ ਕਰਨਾ ਏ ਤਾਂ ਏਸ ਮਿਹਨਤ ਤੋਂ ਵੱਖ ਚੰਗੇ ਅਸਾਂ। ਪੂਰੀ ਸਮਝ ਤਾਂ ਖਯਾਲ ਪੜ੍ਹਨਹਾਰ, ਖੇਡਨਹਾਰ ਯਾਂ ਵੇਖਣਹਾਰ ਦੀ ਹੀ ਹੋ ਸਕਦੀ ਏ। ਅਸੀਂ ਐਵੇਂ ਇਕ ਦੋ ਗੱਲਾਂ ਸਾਂਝੀਆਂ ਕਰਨਾ ਚਾਹੰਵਦੇ ਹਾਂ, ਜੋ ਅਸਾਨੂੰ ਸਮਝ ਆਈਆਂ।

ਇਕ ਉਚੇਚੀ ਗੱਲ ਜੋ ਖਯਾਲ ਦੇ ਮੁੱਢ ਤੋਂ ਟੁਰੀ, ਉਹ ਹੈ ਪਛਾਣ ਲਈ "ਨਾਂ"। ਨਾਂ ਕਿਉਂ ਰੱਖਿਆ ਜਾਂਵਦਾ ਹੈ? ਨਾਵਾਂ ਬਨਾਵਣ ਲਈ ਯਾਂ ਪਛਾਣ ਲਈ। ਪਰ ਨਾਂ ਮੋਹਰੇ ਹੋ ਜਾਂਵਦਾ ਏ ਤੇ ਪਛਾਣ ਪਿੱਛੇ ਹੋ ਜਾਂਦੀ ਏ। ਫੇਰ ਮਾੜਿਆਂ ਦੇ ਨਾਂ ਤਾਂ ਉਹ ਰਹਿੰਦੇ ਈ ਨਹੀਂ ਜੋ ਰੱਖੇ ਜਾਂਦੇ ਨੇਂ ਤੇ ਤਗੜਿਆਂ ਦੇ ਨਾਵਾਂ ਨਾਲ ਦਰਜਿਆਂ ਤੇ ਆਹੁਦਿਆਂ ਦਾ ਵਾਧਾ ਹੋ ਜਾਂਦਾ ਏ। ਖਯਾਲ ਦੇ ਮੁੱਢ ਵਿਚ ਪਾਤਰਾਂ ਦੇ ਨਾਂ ਵੀ ਨਹੀਂ ਦਿੱਤੇ ਗਏ, ਪਾਤਰ ਆਪ ਈ ਆਪਣੀ ਗੱਲਬਾਤ ਵਿਚ ਆਪਣਾ ਨਾਂ ਤੇ ਪਛਾਣ ਦੱਸ ਕੇ ਓਸ ਨੂੰ ਰੱਦ ਵੀ ਦੇਂਦਾ ਏ। ਪਹਿਲਾਂ ਪਾਤਰ ਆਪ ਆਪਣੀ ਪਛਾਣ ਕਰਵਾਉਂਦਾ ਏ:

"ਇਕ : ਮੈਂਡਾ ਨਾ ਫੌਜੀ ਏ। ਅੱਬੇ ਮੈਂਡੇ ਪੜ੍ਹਿਆਂ-ਲਿਖਿਆਂ ਤੋਂ

ਪੁੱਛ ਕੇ ਰੱਖਿਆ ਹਾ ਫੌਜ਼ੀਆ, ਫੌਜੀ ਹੋ ਗਿਆ। ਗਲੀ ਵਿਚ ਨਿਕਲਾਂ ਤੇ ਕੋਈ ਨਾ ਕੋਈ ਆ ਦੰਦ ਕੱਢਦਾ ਏ "ਅੱਜ ਫੌਜਾਂ ਕਿਦੇ ਚੱਲੀਆਂ ਨੇ ?" ਮੈਂ ਆਹਨੀ ਆਂ ਢੱਠੇ ਖੂਹ ਵਿਚ। ਨਹੀਂ ਟਲਦੇ "ਸਾਨੂੰ ਵੀ ਲੈ ਚੱਲੋ" ਮੈਂ ਆਹਨੀ ਆਂ ਤੁਸੀਂ ਸਬੂਤਿਆਂ ਖੂਹਾਂ ਵਿਚ ਈ ਰਹੋ, ਜਿਨ੍ਹਾਂ ਨੂੰ ਪਲੀਤ ਕਰਨ ਦਾ ਕੰਮ ਤੁਹਾਨੂੰ ਮਿਲਿਆ ਹੋਇਆ ਏ। ਚਲੋ ਛੋੜੋ। ਇਹ ਮੈਂਡੇ ਨਾਲ ਜੇ, ਰੱਖੋ। ਰੱਖਿਆ ਨਾਂ ਤੇ ਹੈ ਰਖ਼ਸ਼ੰਦਾ ਪਰ ਉਹ ਰੱਖਿਆ ਈ ਰਹਿ ਗਿਆ। ਅੱਗੇ ਫੁੱਫੀ ਪੀਨਾ ਜੇ। ਪਰਵੀਨ ਕੁਝ ਪੁਰਾਣਾ ਥੀ ਗਿਆ ਏ। ਅੱਜ ਕੱਲ ਸ਼ਹਿਰਾਂ ਵਿਚ ਕੌਣ ਰੱਖਦਾ ਏ।"

ਵੇਖੋ ਇਹਨਾਂ ਹਮਾਤੜਾਂ ਦੇ ਨਾਵਾਂ ਦਾ ਲੇਖਾ, ਪੜ੍ਹੇ-ਲਿਖੇ ਏਸ ਅਨਪੜ੍ਹ ਨੂੰ ਵੀ ਫੌਜ਼ੀਆ ਈ ਰੱਖਦੇ ਤਾਂ ਫੇਰ ਤੇ ਕੋਈ ਫ਼ਰਕ਼ ਈ ਨਹੀਂ ਸੀ ਰਹਿਣਾ ਨਾਵਾਂ ਵਾਲਿਆਂ ਤੇ ਬੇਨਾਵਿਆਂ ਦਾ। ਸ਼ਹਿਰ ਵਾਲਿਆਂ ਵਾਂਗ ਉਹਨਾਂ ਦੇ ਨਾਂ ਵੀ ਓਪਰੇ ਨੇਂ ਯਾਂ ਪਿੰਡ ਬੁਲਾਵਣ ਵਾਲਿਆਂ ਦੀ ਜੀਭ ਤੇ ਨਾ ਚੜ੍ਹਿਆ ਤੇ ਫ਼ੌਜ਼ੀਆਂ ਤੋਂ ਫ਼ੌਜੀ, ਫੌਜੀ ਹੋ ਗਿਆ। ਨਿਮਾਣਿਆਂ ਲਈ ਇਹਨਾਂ ਸ਼ਹਿਰੀ ਨਾਵਾਂ ਵਿਚ ਈ ਫੌਜਾਂ, ਧਾੜੇ ਤੇ ਲੁੱਟ-ਮਾਰ ਲੁਕੀ ਏ। ਰਖ਼ਸ਼ੰਦਾ ਤੋਂ ਰੱਖੋ ਤੇ ਪਰਵੀਨ ਤੋਂ ਪੀਨਾ। ਅਰਜਮੰਦ ਤੋਂ ਮਹੰਦਾ, ਸਬਾ ਤੋਂ ਛੱਬੋ, ਨੂਰ ਜਹਾਨ ਤੋਂ ਨੂਰੀ ਤੇ ਸਤੂਨ ਤੋਂ ਸੱਤੋ। ਇਹ ਸੱਤ ਸਖੀਆਂ ਰਲ ਕੁਸੰਭਾ ਚੁੱਗ ਥੱਕ ਕੇ ਬੈਠੀਆਂ ਨੇਂ ਤੇ ਆਪਣੀ ਹੱਡ-ਵਾਪਰੀ ਸੁਣਾਂਵਦੀਆਂ ਨੇਂ। ਇਹਨਾਂ ਕੁਸੰਭਾ ਚੁਗਿਆ ਏ ਆਪਣੀਆਂ ਨਿੱਕੀਆਂ ਵੱਡੀਆਂ ਸਧਰਾਂ ਪੂਰੀਆਂ ਕਰਨ ਕੀਤੇ। ਇਕ ਨੇ ਨਵੇਂ ਕਪੜੇ ਸਵਾਣੇ ਨੇਂ, ਇਕ ਨੇ ਸਲਾਈ ਮਸ਼ੀਨ ਲੈਣੀ ਏ ਤੇ ਇਕ ਨੇ ਕਮੇਟੀ ਪਾਉਣੀ ਏ ਆਪਣੇ ਵਿਆਹ ਲਈ। ਕੁਸੰਭਾ ਚੁਗਦੀਆਂ ਨੂੰ ਬੁੱਲ੍ਹੇ ਸ਼ਾਹੀ ਕਾਫ਼ੀ ਚੇਤੇ ਆਈ ਏ :

ਹਾਰੀ ਨੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਚੁਗ ਚੁਗ ਕੇ ਮੈਂ ਢੇਰੀ ਕੀਤਾ
ਲੱਥੇ ਆਣ ਵਪਾਰੀ ਨੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਏਸ ਕੁਸੰਭੇ ਦੇ ਚਾਰ ਮੁਕ਼ੱਦਮ
ਮਲਬਾ ਮੰਗਦੇ ਭਾਰੀ ਨੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਏਸ ਕੁਸੰਭੇ ਦਾ ਹਾਕਮ ਕਰੜਾ

ਜ਼ਾਲਮ ਹੈ ਪਟਵਾਰੀ ਨੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਏਸ ਕੁਸੰਭੇ ਦੇ ਕੰਡੇ ਭਲੇਰੇ
ਅੜ ਅੜ ਚੁੰਨੜੀ ਪਾੜੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਹੋਰਨਾਂ ਚੁਗਿਆ ਫੋਹਿਆ ਫੋਹਿਆ
ਮੈਂ ਭਰ ਲਈ ਪਟਾਰੀ ਨੀ
ਮੈਂ ਕੁਸੰਭੜਾ ਚੁਣ ਚੁਣ ਹਾਰੀ
ਔਖੀ ਘਾਟੀ ਮੁਸ਼ਕਲ ਪੈਂਡਾ
ਸਿਰ ਪਰ ਗਠੜੀ ਭਾਰੀ
ਮੈਂ ਕੁਸੰਭੜਾ ਚੁਣ ਚੁਣ ਹਾਰੀ

ਕੁਸੰਭਾ, ਫੁੱਲ ਏ ਲਾਲ ਰੰਗ ਦਾ, ਰੰਗਣ ਦੇ ਕੰਮ ਆਉਂਦਾ ਏ, ਪਰ ਰੰਗ ਇਹਦਾ ਕੱਚਾ ਹੈ। ਇਹਦੇ ਕੱਚੇ ਰੰਗ ਪਾਰੋਂ ਹੀ ਇਹ ਚਾਲੂ ਵਿਹਾਰ ਦੇ ਕੱਚ ਦਾ ਨਿਸ਼ਾਨ ਬਣਿਆ ਏ। ਸਾਰਾ ਮੱਲ ਵਿਹਾਰ ਹੈ ਈ ਕੁਸੰਭਾ, ਏਸ ਦਾ ਆਪਣਾ ਰੰਗ ਪੱਕਾ ਕੋਈ ਨਹੀਂ। ਇਕੋ ਕੱਚਾ ਰੰਗ ਹੈ ਏਸ ਦਾ ਜੋ ਲਾਹਾ ਹੈ। ਲਾਹਾ, ਜਿਸ ਰੰਗ ਵੀ ਢੇਵੇ ਓਹੋ ਰੰਗ ਹੈ ਏਸ ਦਾ। ਕੁਸੰਭੇ ਦੇ ਰੰਗ ਦੀ ਕਚਿਆਈ ਦੇ ਉਲਟ ਪੱਕੇ ਰੰਗ ਲਈ ਮਜੀਠ ਹੈ, ਜੋ ਕੁਦਰਤੀ ਵਿਹਾਰ ਦੀ ਪਕਿਆਈ ਦੀ ਰਮਜ਼ ਬਣ ਆਇਆ ਏ, ਪੰਜਾਬੀ ਸ਼ਿਅਰ ਰੀਤ ਵਿਚ। ਲਾਲ ਰੰਗ ਉੱਥਲ ਦਾ ਨਿਸ਼ਾਨ ਬਣਿਆ ਏ, ਹਰ ਵਾਰੇ ਤੇ ਲੋਕ ਸੁਰਤ ਨੇ ਮੱਲ-ਵਿਹਾਰ ਦੇ ਕੂੜ ਵਰਤਾਰੇ ਨੂੰ ਭੰਡਣ ਕੀਤੇ ਏਸ ਦੇ ਕੱਚ ਨੂੰ ਦਸਾਵਣ ਕੀਤੇ ਕੁਸੰਭੇ ਦੀ ਰਮਜ਼ ਵਰਤੀ ਏ।

ਕਾਫ਼ੀ ਵਿਚ ਆਏ ਪਾਤਰ ਵਪਾਰੀ, ਮੁਕ਼ੱਦਮ, ਪਟਵਾਰੀ ਤੇ ਹਾਕਮ, ਸਭ ਕੁੜੀਆਂ ਆਪ ਬਣਾ ਕੇ ਵਖਾਉਂਦੀਆਂ ਨੇਂ। ਮਤਾਂ ਆਪ ਈ ਬਣ-ਬਣ ਵੇਖਦੀਆਂ ਹੋਵਣ ਕਿ ਕੀ ਸਵਾਦ ਏ ਇਹਨਾਂ ਨਾਵਾਂ ਤੇ ਦਰਜਿਆਂ ਦਾ। ਸੱਤੋ ਤੇ ਮਹੰਦਾਂ ਵਪਾਰੀ ਬਣ ਮਾਲ ਖ੍ਰੀਦਣ ਲੱਗੀਆਂ। ਵਪਾਰੀ ਕੇਵੇਂ ਮਾਲ ਦਾ ਘੱਟ ਮੁੱਲ ਲਾ ਕੇ ਆਪਣਾ ਲਾਹਾ ਖੱਟਦੇ ਨੇਂ, ਕੇਵੇਂ ਮਾੜਿਆਂ ਦੀ ਮਿਹਨਤ ਚਲਾਕੀ-ਹੁਸ਼ਿਆਰੀ ਨਾਲ ਆਪਣੇ ਪੇਟੇ ਪਾਉਂਦੇ ਨੇ। ਪੋਰਹੇਤ ਵਿਚਾਰੇ ਮਿੰਨਤਾਂ ਤਰਲਿਆਂ ਨਾਲ ਆਪਣੀ ਕੀਤੀ ਇੰਜ ਵਪਾਰੀਆਂ ਅੱਗੇ ਢੇਰੀ ਕਰਦੇ ਨੇਂ ਜੇਵੇਂ ਵਪਾਰੀਆਂ ਦਾ ਅਹਿਸਾਨ ਹੋਏ ਇਹਨਾਂ ਦਾ ਮਾਲ ਲੈਣਾ। ਵਪਾਰੀ ਇਹਨਾਂ ਮਿਹਨਤੀਆਂ ਤੋਂ ਬਿਨਾਂ ਤੋਲੇ ਮਾਲ ਚੁੱਕਦੇ ਨੇਂ ਤੇ ਅੱਗੇ ਜਾ ਕੇ ਰੱਤੀਆਂ-ਮਾਸਿਆਂ ਦਾ ਵੀ ਮੁੱਲ ਲਾਉਂਦੇ ਨੇਂ। ਵਪਾਰੀਆਂ ਨਾਲ ਰੋਜ਼ ਦਿਹਾੜੀ ਦਾ ਵਾਹ ਹੋਇਆ ਸੂ ਉਹਨਾਂ ਦਾ ਸੁਭਾਅ, ਗੱਲਬਾਤ ਕਰਨ ਦਾ ਢੰਗ, ਮਾਲ ਨੂੰ ਨਖਿੱਦਣ ਦੇ ਚਲਿੱਤਰ ਸਭ ਦੀਆਂ ਜਾਣੂੰ ਹਨ, ਇਹ ਕੁੜੀਆਂ।

"ਵਪਾਰੀ : ਸਾਡੀਆਂ ਤੇ ਅੱਖਾਂ ਈ ਤੱਕੜ ਨੇ ਕਾਕੀ। ਉਮਰਾਂ ਗਲ ਗਈਆਂ ਨੇਂ। ਤੋਲਾ ਹੋਵੇ ਤੇ ਪਾ ਅੱਧ ਪਾ ਘੱਟ ਵੀ ਕੱਢੇ। ਅਸਾਂ ਤੇ ਪੂਰੇ ਸੇਰ ਦੇ ਪੈਸੇ ਦੇਣੇ ਆਂ ਪਏ। ਅਜੇ ਚਵਾਈ ਵੀ ਦੇਣੀ ਏ। ਗੱਡ ਦਾ ਖਰਚਾ ਵੱਖਰਾ ਏ। ਅੱਗੇ ਲਹਾਈ ਦੇਣੀ ਏ। ਆੜ੍ਹਤੀ ਅੱਖਾਂ ਮੱਥੇ ਧਰੀ ਬੈਠੇ ਹੋਂਦੇ ਨੇਂ।"

ਵਪਾਰੀਆਂ ਤੋਂ ਪਿਛੋਂ ਮੁਕ਼ੱਦਮ ਤੇ ਪਟਵਾਰੀ ਆ ਜਾਂਦੇ ਨੇ। ਮਹੰਦਾਂ ਪਟਵਾਰੀ ਬਣ ਕੇ ਅਜਿਹਾ ਖਾਤਾ ਖੋਲਦੀ ਏ, ਜਿਸ ਦੀ ਸਮਝ ਖ਼ਬਰੇ ਓਸ ਨੂੰ ਆਪ ਵੀ ਹੈ ਕਿ ਕੋਈ ਨਾ। ਮੁਕ਼ੱਦਮ, ਪਟਵਾਰੀ, ਮੁਨਸਫ਼ਦਾਰ ਤੋਂ ਹਾਕਮ ਤੀਕ ਇਕ ਲੰਮਾ ਸਿਲਸਿਲਾ ਏ ਟੈਕਸ ਉਗਰਾਹੀ ਦਾ। ਭੋਏਂ ਦੀ ਉਪਜ ਹੋਵੇ ਜਾਂ ਹੱਥ ਦੀ ਕਾਰ ਟੈਕਸ ਲਾਜ਼ਮ ਏ। ਫ਼ੌਜਾਂ ਪਾਲਣ, ਦਰਬਾਰ ਚਲਾਵਣ, ਪੁਲਸਾਂ ਬਨਾਵਣ ਕੀਤੇ ਜੋ ਧਨ ਲੋੜੀਂਦਾ ਏ ਉਹ ਏਸੇ ਜਮ੍ਹਾਂ ਕੀਤੇ ਟੈਕਸ ਤੋਂ ਆਉਂਦਾ ਏ। ਫੇਰ ਟੈਕਸ ਦੀਆਂ ਅੱਗੋਂ ਹੋਰ ਵਣੱਕਾਂ ਨੇ ਬਰੀਕ, ਚੌਕੀਦਾਰਾ, ਚੁੱਲ੍ਹਾ, ਪਟਵਾਰਨਾ, ਮੁਕ਼ੱਦਮੀ। ਪਟਵਾਰੀ ਦੀ ਬੋਲੀ ਸੁਣੋ:

"ਪਟਵਾਰੀ: ਫੌਜੀ ਉਰਫ਼ ਫੌਜ਼ੀਆ ਦੀਨੇ ਉਰਫ਼ ਮੁਹੰਮਦ ਦੀਨ ਗੁਸਾਲ ਦੀ। ਅੱਧੀ ਤੇ ਅੱਧੀ ਤੇ ਅੱਧੀ ਤੇ ਪੂਣੀ ਇਕ ਤੇ ਸਵਾਈ ਚੌਂ ਦੋ ਕੱਢੀਆਂ ਸਵਾ ਦੋ ਤੇ ਫੇਰ ਪੂਣੀ ਚੋਂ ਅੱਧੀ। ਸਵਾ ਦੋ ਇਕ ਤੇ ਪੂਣੀ ਇਕ। ਸਾਡੀਆਂ ਤ੍ਰੈ ਗੱਠਾਂ ਬਣਦੀਆਂ ਨੇਂ ਜੀ ਇਹਦੀਆਂ।"

ਇਹਨਾਂ ਮਾੜਿਆਂ ਨਿਮਾਣਿਆਂ ਦੀ ਕੀਤੀ ਵੇਖੋ ਤੇ ਪਟਵਾਰੀ ਦਾ ਕੀਤਾ ਹਿਸਾਬ ਵੇਖੋ। ਕੇਵੇਂ ਉਹਨਾਂ ਦੇ ਪੋਟੇ ਵਿੰਨ੍ਹੇ ਗਏ ਨੇਂ ਕੁਸੰਭਾ ਚੁਗਦੀਆਂ ਦੇ ਤੇ ਜੇਵੇਂ ਵਪਾਰੀਆਂ ਥੋਕ ਦੇ ਭਾ ਮਾਲ ਚੁੱਕਿਆ ਏ। ਹੁਣ ਓਸ ਤੇ ਟੈਕਸ ਲਾਵਣ ਵਾਲਿਆਂ ਦੀ ਖੇਡ ਵੇਖੋ। ਅੱਧਾ ਪੌਣਾ, ਸਵਾਇਆ, ਕਿਤਨਾ ਬਰੀਕ ਹਿਸਾਬ ਏ ਲੈਣ ਦਾ ਤੇ ਜੋ ਚੁਗਣ ਹਾਰਾਂ ਦੀ ਮਿਹਨਤ ਤੇ ਖੇਚਲ ਏ ਉਹ ਕਿਸੇ ਖਾਤੇ ਨਹੀਂ ਏ। ਇਹਨਾਂ ਦੀ ਕਰਨੀ ਦਾ ਹਿਸਾਬ ਨਹੀਂ ਕਰਦੇ ਪਰ ਥਾਵਾਂ ਦਾ ਲੇਖਾ ਪੂਰਾ ਏ, ਪਟਵਾਰੀ ਕੋਲ :

"ਪਟਵਾਰੀ: ਖ਼ਸਰਾ ਸ਼ੁਮਰਦਹ ਪੰਜ ਸ਼ੁਮਾਲੀ ਨਸਫ਼ ਤੇ ਖ਼ਸਰਾ ਸ਼ੁਮਰ ਦਹ ਤੇਰਾਂ ਸ਼ੁਮਾਲੀ ਮਗ਼ਰਬੀ ਸਾਲਮ ਵਿਚੋਂ।"

ਮੁਕ਼ੱਦਮਾਂ ਦੀਆਂ ਜ਼ਾਤਾਂ ਉਹਨਾਂ ਦੀ ਪਛਾਣ ਨੇਂ ਜੇਵੇਂ ਪਟਵਾਰੀ ਦਾ ਦਰਜਾ ਉਹਦੀ ਪਛਾਣ ਏ। ਮਲਕ, ਮੀਆਂ, ਖ਼ਾਨ, ਮਹਿਰ ਸਭ ਮੁਕ਼ੱਦਮ ਨੇਂ ਸਰਕਾਰ-ਦਰਬਾਰ ਦੇ ਕਾਰਿੰਦੇ। ਮਾੜਿਆਂ ਦਾ ਕੀਤਾ ਖੱਸ ਕੇ ਆਪਣਾ ਤੇ ਹਾਕਮ ਦਾ ਢਿੱਡ ਭਰਨ ਵਾਲੇ। ਫੇਰ ਆਪਸ ਵਿਚ ਇਹ ਸਾਰੇ ਇੰਜ ਜੁੜੇ ਹੋਏ ਨੇਂ ਇਕ ਦੂਜੇ ਦੇ ਖਾਤਿਆਂ ਵਿਚ ਕਿ ਚਾਹਵਣ ਵੀ ਤਾਂ ਵੱਖ ਨਾ ਹੋਵਣ। ਪਹਿਲੋਂ ਆਪਣਾ ਹਿਸਾਬ ਸਿੱਧਾ ਕੀਤਾ ਏ ਮੁਕ਼ੱਦਮ, ਪਟਵਾਰੀ, ਮੁੜ ਸਰਕਾਰੀ ਮਾਮਲੇ ਤੇ ਆਏ ਨੇਂ:

"ਮੁਕ਼ੱਦਮ 1 : ਸਰਕਾਰੀ ਮਾਮਲਾ ਕਿਤਨਾ ਬਣਿਆ ਪਟਵਾਰੀ ਜੀ
ਪਟਵਾਰੀ : ਤਿੰਨ ਪੰਜੋਲੀ ਸ਼ਰਹ ਏ ਆਲਮਗੀਰੀ ਪੰਜਾਂ ਚੋਂ ਤ੍ਰੈ
ਮੁਕ਼ੱਦਮ : ਤੇ ਚੌਕੀਦਾਰ, ਚੁੱਲ੍ਹਾ, ਪਟਵਾਰਨਾ, ਮੁਕ਼ੱਦਮੀ ਪਾ ਕੇ ਕੁੱਲ ਮਲਬਾ ਕਿਤਨਾ ਬਣਿਆ ?
ਪਟਵਾਰੀ : ਦਸਾਂ ਵਿਚੋਂ ਤ੍ਰੈ ਚੌਕੀਦਾਰਾ, ਪੰਦਰਾਂ ਵਿਚੋਂ ਦੋ ਚੁੱਲ੍ਹਾ, ਦਸਾਂ ਵਿਚੋਂ ਡੂਢ ਪਟਵਾਰਨਾ। ਕੰਮ ਵੇਖੋ ਤੇ ਇਵਜ਼ਾਨਾ ਵੇਖੋ। ਮਖ਼ੌਲ ਏ ਨਾ। ਕੀ ਕਰੇ ਬੰਦਾ। ਅੱਠਾਂ 'ਚੋਂ ਪੌਣੀ ਮੁਕ਼ੱਦਮੀ।

ਲਫ਼ਜ਼ ਮਾਮਲਾ ਆਮ ਵਰਤੋਂ ਵਿਚ ਵਰਤੀਂਦਾ ਹਾ। ਕੋਈ ਵੀ ਦੋ ਜੀਆਂ ਵਿਚਕਾਰ ਜੋ ਲੈਣ-ਦੇਣ ਹੈ ਉਹ ਮਾਮਲਾ ਅਖਵਾਂਦਾ ਏ। ਏਥੋਂ ਈ ਏਸ ਦੀ ਵਰਤੋਂ ਸਰਕਾਰੀ ਬਣ ਗਈ। ਸਰਕਾਰ ਤੇ ਖ਼ਲਕ਼ਤ ਦਾ ਮਾਮਲਾ, ਸਰਕਾਰ ਵਲੋਂ ਲੋਕਾਈ ਦੀ ਰੱਖਿਆ ਲਈ ਇਨਸਾਫ਼, ਪੁਲਸ ਤੇ ਫ਼ੌਜ ਦਾ ਬੰਦੋਬਸਤ, ਸਿਹਤ-ਸਫ਼ਾਈ ਦੇ ਕੰਮ ਤੇ ਹੋਰ ਅਜੇਹੇ ਢੇਰ ਕੰਮ (ਜੋ ਕਦੀ ਹੋਏ ਤਾਂ ਨਹੀਂ, ਜੇ ਹੋਵਣ ਵੀ ਤਾਂ ਉਹਨਾਂ ਵਿਚ ਸਰਕਾਰ ਦਾ ਆਪਣਾ ਫ਼ਾਇਦਾ ਈ ਹੋਂਦਾ ਏ) ਸਰਕਾਰੀ ਬੰਦੋਬਸਤ ਦੇ ਸਿੱਟੇ ਵਿਚ ਜੋ ਖ਼ਲਕ਼ਤ ਨੇ ਸਰਕਾਰ ਨੂੰ ਦੇਣਾ ਉਹ ਵੀ ਮਾਮਲਾ ਹੈ। ਆਮ ਮਾਮਲਾ ਇਕ ਜੀਅ ਦਾ ਦੂਜੇ ਜੀਅ ਨਾਲ ਯਾਂ ਇਕ ਧੜੇ ਦਾ ਦੂਜੇ ਧੜੇ ਨਾਲ ਹੋਂਦਾ ਏ ਪਰ ਸਰਕਾਰੀ ਮਾਮਲੇ ਵਿਚ, ਸਰਕਾਰ ਇਕ ਤੇ ਖ਼ਲਕ਼ਤ ਅਣਗਿਣਤ ਹੈ। ਨਿਰੀ ਮਾਮਲੇ ਤੇ ਗੱਲ ਨਹੀਂ ਮੁੱਕਦੀ ਨਾ। ਮਾਮਲਾ ਕੱਠਾ ਕਰਨ ਲਈ ਵੀ ਕੋਈ ਹੋਂਦਾ ਏ ਤੇ ਜੋ ਮਾਮਲਾ ਕੱਠਾ ਕਰਨ ਵਾਲੇ ਨੇਂ ਉਹ ਸਰਕਾਰੀ ਤਨਖ਼ਾਹ ਤਾਂ ਲੈਂਦੇ ਨੇਂ ਪਰ ਨਾਲ ਕੁਝ ਹੋਰ ਵੀ ਆਪਣੇ ਲਈ ਉਹਨਾਂ ਬੰਦੋਬਸਤ ਕਰਨਾ ਹੋਇਆ ਉਹ ਅਖਵੇਂਦਾ ਏ, ਮਲਬਾ। ਮਲਬਾ ਨਿਰਾ ਇਕ ਨਹੀਂ ਏਸ ਦੀਆਂ ਅੱਗੋਂ ਹੋਰ ਮੋਨਹੀਆਂ ਨੇਂ ਜੋ ਚੁੱਲ੍ਹਾ, ਚੌਂਕੀਦਾਰਾ, ਅਖਵੇਂਦਾ ਏ। ਖ਼ਬਰੇ ਹੋਰ ਵੀ ਹੋਵਣ ਕੋਈ ਏਸ ਰੰਗ ਦੇ ਮਲਬੇ ਖ਼ਲਕ਼ਤ ਦਾ ਸਾਹ ਘੁਟੀਵਣ ਕੀਤੇ। "ਮਲਬਾ" ਆਮ ਵਰਤੋਂ ਵਿਚ ਤੇ ਫ਼ਾਲਤੂ ਕੂੜ-ਕਬਾੜ ਨੂੰ ਆਖਦੇ ਨੇਂ, ਜੇਵੇਂ ਮਕਾਨ ਢੱਠਾ ਹੋਏ ਤੇ ਓਸ ਦਾ ਸਾਰਾ ਕੁਝ ਇੱਟਾਂ, ਬੂਹੇ, ਬਾਰੀਆਂ, ਮਿੱਟੀ, ਲੋਹਿਆ ਸਾਰਾ ਕੱਠਾ ਹੋ ਕੇ ਮਲਬਾ ਅਖਵੇਂਦਾ ਏ। ਜੋ ਸਰਕਾਰ ਟੈਕਸ ਉਗਰਾਂਹਵੰਦੀ ਏ ਨਿਮਾਣੀ ਖ਼ਲਕ਼ਤ ਤੋਂ ਓਸ ਲਈ ਟੋਕ ਵੀ ਹੋ ਸਕਦਾ ਏ, ਮਲਬੇ ਦਾ ਲਫ਼ਜ਼ ਲੋਕ ਬੋਲੀ ਵਲੋਂ। ਇਕ ਤੇ ਇਹ ਜੋ ਇਹ ਸਾਰੇ ਦਰਜੇ ਹਾਕਮ ਤੋਂ ਲਾਅ, ਉਮਰਾਅ, ਵੁਜ਼ਰਾਅ, ਦੀਵਾਨ, ਆਲਮ, ਮੁਕ਼ੱਦਮ, ਪਟਵਾਰੀ ਸਾਰੇ ਈ ਮਲਬਾ ਨੇਂ। ਕੁਦਰਤ ਦੇ ਵਿਹਾਰੋਂ ਨਿਕਲੇ ਹੋਏ ਆਪਣੀ ਹਸਤੀ ਦੇ ਮੋਏ-ਮੁੱਕੇ ਹੋਵਣ ਤੋਂ ਅਨਜਾਣ ਯਾਂ ਫੇਰ ਇਹ ਜੋ ਸਾਰੇ ਨਿੱਕੇ-ਨਿੱਕੇ ਟੈਕਸ ਨੇਂ ਇਹਨਾਂ ਦਾ ਢਿੱਡ ਭਰਨ ਕੀਤੇ ਇਹ ਸਾਂਝਾ ਕੂੜਾ ਏ ਜੋ ਸਾਰੇ ਕਰਨਹਾਰ ਇਹਨਾਂ ਦੇ ਖਾਤੇ ਵਿਚ ਜਮ੍ਹਾਂ

ਕਰਵਾਉਂਦੇ ਨੇਂ। ਏਸ ਮਲਬੇ ਦੇ ਸਿਰ ਪਏ ਜੀਊਂਦੇ ਨੇਂ ਇਹ ਸਾਰੇ ਸਰਕਾਰੀ ਅਹਿਲਕਾਰ। ਮਲਬਾ ਦੇਸੀ ਲਫ਼ਜ਼ ਏ ਤੇ ਦੇਸੀ ਲਫ਼ਜ਼ਾਂ ਦਾ ਆਪਣਾ ਇਕ ਜਹਾਨ ਏ ਜੋ ਆਪਣੇ ਵਰਤਨਹਾਰਾਂ ਨੂੰ ਭੰਡਦਾ ਵੀ ਏ ਨਾਲੋਂ ਨਾਲ, ਪਰ ਇਹਨਾਂ ਅਰਥਾਂ ਤੋਂ ਜਾਣੂੰ ਨਹੀਂ ਸ਼ਹਿਰਵਾਸ ਤੇ ਉਤਲਾ ਮੇਲ। ਵੰਨਗੀ ਲਈ ਏਹੀ ਲਫ਼ਜ਼ ਵੇਖ ਲਵੋ "ਮਲਬਾ" ਇਹ "ਮੱਲ" ਤੇ "ਬਾਹ" ਦਾ ਜੋੜ ਹੈ, ਮੱਲ ਕਬਜ਼ਾ ਤਾਂ ਹੈ ਪਰ ਮੇਲ ਵੀ ਏ। ਬਾਹ, ਅਰਬੀ ਹੋਏ ਤਾਂ ਤਾਕ਼ਤ ਏ ਜਣੇ ਦੀ ਜਣਿਆਈ ਦੀ ਤੇ ਦੇਸੀ ਹੋਏ ਤਾਂ "ਵਾਹ" ਏ। ਵਾਹ ਵੀ ਜ਼ੋਰ ਏ ਤਾਕ਼ਤ ਏ, ਜਿਤਨਾ ਕੋਈ ਦਬੱਲ ਸਕੇ, ਖੋਹ ਸਕੇ, ਖਾ ਸਕੇ, ਮਾਰ ਸਕੇ। ਮਲਬਾ ਮੱਲ ਦੀ ਤਾਕ਼ਤ ਏ ਜੋ ਕਰਨਹਾਰਾਂ ਦੀ ਕਰਨੀ ਤੇ ਕ਼ਾਬਜ਼ ਹੋਂਦੀ ਏ। ਏਹੀ ਹੋਂਦੀ ਏ ਪਈ ਸਾਰੀ ਸਾਡੀ ਮਖ਼ਲੂਕ਼ ਨਾਲ, ਜੋ ਬੁੱਲ੍ਹੇ ਸ਼ਾਹ ਜੋੜ ਜੋੜਿਆ ਹੈ ਤੇ ਕੁੜੀਆਂ ਖਯਾਲ ਵਿਚ ਏਹੀ ਖਾਤਾ ਖੋਲੀ ਬੈਠੀਆਂ ਨੇਂ, ਜੋ ਚਾਲ੍ਹੀ ਪੈਸੇ ਲੱਭੇ ਨੇ ਸੱਤਾਂ ਨੂੰ ਮਿਹਨਤ ਦਾ ਕੁੱਲ ਮੁਆਵਜ਼ਾ ਤੇ ਪਟਵਾਰੀ ਹੋਰਾਂ ਟੈਕਸ ਤ੍ਰੈ-ਸੌ ਲਾਇਆ ਏ। ਹੈ ਨਾ ਹਨੇਰ ਇਹਨਾਂ ਡਾਢਿਆਂ ਦਾ ਪਾਇਆ, ਆਪ ਵਿਹਲੇ ਬਹਿ ਕੇ ਪੈਸਿਆਂ ਦਾ ਜੋੜ-ਤੋੜ ਪਏ ਕਰਦੇ ਨੇ ਤੇ ਕਰਨਹਾਰਾਂ ਤੋਂ ਖੱਸਣ ਦੇ ਦਾਅ-ਪੇਚ ਨਵੇਂ ਤੋਂ ਨਵੇਂ ਪਏ ਬਣਾਉਂਦੇ ਨੇਂ। ਓਝੜਾਂ ਵਿਚ ਖਲੀ ਧਰਤੀ ਦਾ ਆਪ ਉਗਾਇਆ ਕੁਸੰਭਾ ਚੁਗਿਆ ਏ ਕੁੜੀਆਂ ਨੇ, ਕੋਈ ਪੈਲੀ ਨਹੀਂ ਵਾਹੀ, ਕੋਈ ਫ਼ਸਲ ਨਹੀਂ ਵੱਢੀ। ਕੋਈ ਸਰਕਾਰੀ ਬੀਂ, ਖਾਦ, ਪਾਣੀ ਨਹੀਂ ਵਰਤਿਆ, ਫੇਰ ਵੀ ਇਹਨਾਂ ਨੂੰ ਦੇਣਾ ਪਿਆ ਪੈਂਦਾ ਏ। ਤੇ ਸਵਾਲ ਪੁੱਛਣ ਦਾ ਹੱਕ਼ ਵੀ ਨਹੀਂ ਰੱਖਦੇ ਮਾੜੇ। ਜੇ ਫੌਜੀ ਨੇ ਪੁੱਛ ਈ ਲਿਆ ਏ ਕਿ ਜੇ ਅਸਾਂ ਕੁੱਲ ਕਮਾਈ ਸਰਕਾਰ ਹੱਥ ਈ ਨਪਾਣੀ ਏ ਤਾਂ ਅਸਾਂ ਇਹ ਸਿਆਪਾ ਸਹੇੜਿਆ ਈ ਕਿਉਂ ਏ। ਫੌਜੀ ਦੀ ਏਸ ਪੁੱਛ ਤੇ ਮੁਕ਼ੱਦਮ ਸਾਹਿਬ ਨੂੰ ਓਸ ਦੇ ਪਿਓ ਦੇ ਪੁਰਾਣੇ ਖਾਤੇ ਖੋਲ੍ਹਣੇ ਪੈਂਦੇ ਨੇਂ ਜੋ ਬੰਦ ਕੀਤੇ ਹੋਏ ਸਨ। ਆਪਣੇ ਕੀਤੇ ਧ੍ਰੋਹ ਨੂੰ ਮੁਕ਼ੱਦਮ ਕੇਵੇਂ ਸਰਕਾਰ ਦਾ ਕਰਮ ਕਰ ਦੱਸਦਾ ਏ :

"ਮੁਕ਼ੱਦਮ 2 : (ਪੀਨਾ ਨਾਲ) ਤੂੰ ਤੇ ਸਿਆਣੀ ਏਂ। ਤੂੰ ਈ ਸਮਝ। ਅਸਾਂ ਪੈਸੇ ਆਪਣੇ ਪੇਟੇ ਤੇ ਨਹੀਂ ਨਾ ਪਾਵਣੇ ਖ਼ਜ਼ਾਨੇ ਤਾਰਨੇ ਨੇਂ। ਖ਼ਜ਼ਾਨੇ ਪੈਸਾ ਨਾ ਚੜ੍ਹੇ ਤੇ ਹਕੂਮਤ ਕੇਵੇਂ ਚੱਲੇ। ਫ਼ੌਜ ਕਿਥਾਓਂ ਖਾਵੇ। ਤੇ ਫ਼ੌਜ ਨਾ ਖਾਵੇ ਤੇ ਮੁਲਕ ਈ ਨਾ ਰਹੇ। ਚੜ੍ਹ ਆਣ ਬਾਹਰਲੇ ਏਥੇ। ਫ਼ਨਾ ਕਰ ਦੇਵਣ ਸਾਡਿਆਂ ਸ਼ਹਿਰਾਂ ਨੂੰ ਵੀ, ਗਰਾਵਾਂ ਨੂੰ ਵੀ। ਵੱਢ ਸੁੱਟਣ ਮਰਦਾਂ ਨੂੰ ਤੇ ਬੁੱਢੀਆਂ, ਨੱਢੀਆਂ ਬੰਨ੍ਹ ਖੜਨ ਸਭ ਆਪਣਿਆਂ ਬਜ਼ਾਰਾਂ ਵਿਚ ਖਲਿਆਰ ਵੇਚਣ ਲਈ। ਸ਼ੁਕਰ ਕਰੋ ਏਸ ਬਾਦਸ਼ਾਹ ਦਾ ਸਾਇਆ ਏ ਤੁਹਾਡੇ ਸਿਰਾਂ ਤੇ।"

ਵੇਖੋ ਕੇਵੇਂ ਮੁਕ਼ੱਦਮ ਕਥ ਬਣਾ ਵਰਤਾਈ ਏ, ਤੇ ਬਾਦਸ਼ਾਹ ਇਤਨਾ ਇਮਾਨਦਾਰ ਏ ਜੋ ਕ਼ੁਰਾਨ-ਕਿਤਾਬਤ ਕਰਕੇ ਆਪਣਾ ਰੋਟੀ-ਟੁੱਕਰ ਟੋਰਦਾ ਏ ਪਿਆ। ਹੈ ਨਾ ਕਮਾਲ, ਇਤਨੀ ਵਧੀਆ ਬਾਦਸ਼ਾਹੀ ਏ ਜਿੱਥੋ ਮਾੜਿਆਂ ਦੀ ਕੀਤੀ, ਲੁਕ ਕੇ ਖੋਂਹਦੀ ਏਂ ਸਰਕਾਰ। ਜਿੱਥੇ ਕਮਾਈ ਤੋਂ ਵੱਧ ਲਗਾਨ ਭਰਨਾ ਪੋਂਦਾ ਏ। ਜਿੱਥੇ ਸੋਨੇ ਵਰਗੀਆਂ ਪੈਲੀਆਂ ਵਾਹਣ-ਗਾਹਣ, ਉਗਾਵਣ ਵਾਲਿਆਂ ਦੀ ਪੂਰੀ ਨਹੀਂ ਪੈਂਦੀ। ਜਿੱਥੇ ਕੁੜੀਆਂ ਨਿਮਾਣੀਆਂ ਨੂੰ ਆਪਣੀਆਂ ਨਿੱਕੀਆਂ-ਨਿੱਕੀਆਂ ਸਧਰਾਂ ਪੂਰੀਆਂ ਕਰਨ ਲਈ ਪੋਟੇ ਵਿੰਨ੍ਹਣੇ ਪੈਂਦੇ ਨੇਂ। ਕਿਆ ਅਦਲ ਏ ਹਾਕਮ ਸਰਕਾਰ ਦਾ ਤੇ ਰਈਅਤ ਦਾ ਕੇਡਾ ਧਿਆਨ ਏ ਜੋ ਨਿਤਾਣੀਆਂ ਕੁੜੀਆਂ ਕੀਹ ਤੇ ਵਡੇਰੀਆਂ ਸਵਾਣੀਆਂ ਕੀਹ, ਸਭ ਨੂੰ ਤਨ ਸੂਲੀ ਚਾੜ੍ਹਨਾ ਪੋਂਦਾ ਏ। ਜਦ ਵੀ ਕਿਸੇ ਨੂੰ ਸੱਦਾ ਆ ਜਾਵੇ ਸਰਕਾਰੀ, ਉਹ ਇਨਕਾਰ ਨਹੀਂ ਕਰ ਸਕਦੀ, ਪਿਓ, ਭਰਾ, ਖਸਮ ਆਪ ਦਲਾਲ ਬਣੇ ਹੋਏ ਨੇਂ। ਢਿੱਡ ਦੀ ਭੁੱਖ ਇਤਨੀ ਵੱਧ ਗਈ ਏ ਏਸ ਆਜਜ਼ ਬਾਦਸ਼ਾਹ ਦੀ ਹੁਕਮਰਾਨੀ ਵਿਚ, ਜੋ ਇਖ਼ਲਾਕ਼ੀ ਕ਼ਦਰਾਂ ਕਿਤੇ ਦਫ਼ਨ ਹੋ ਗਈਆਂ ਨੇ :

"ਪਟਵਾਰੀ : ਵੇਹਲਿਆਂ ਹੋ ਕੇ ਨਾ ਸ਼ਾਮੋ-ਸ਼ਾਮ ਈ ਆਇਓ ਮੈਂਡੇ ਡੇਰੇ ਤੇ। ਕ਼ਾਗਜ਼ ਬਣਾ ਰੱਖਸਾਂ ਮੈਂ ਸੱਤਾਂ ਦੇ। ਮੁਹਰਾਂ ਲਵਾਵਣ ਲਈ ਲੈ ਜਾਇਓ ਮੁਕ਼ੱਦਮ ਸਾਹਬਾਂ ਵੱਲ, ਜੇਹਦੀ ਜੇਹਦੇ ਵੱਲ ਵੰਡ ਬਣਦੀ ਏ, ਹਰ ਖ਼ਸਰੇ ਦੀ ਸ਼ਜਰੇ ਮੂਜਬ ਵੱਖਰੀ ਪੈਣੀ ਏ। ਪੇਸ਼ੀਆਂ ਚਾਰ-ਚਾਰ ਈ ਬਣਦੀਆਂ ਨੇਂ ਸੱਤਾਂ ਦੀਆਂ ਮਹੀਨੇ ਵਿਚ। ਜਿਹੜੀ-ਜਿਹੜੀ ਮੁਹਰ ਲਵਾ ਆਵੇ ਓਹ ਮੈਂਡੇ ਕੋਲੋ ਚਾ ਤਸਦੀਕ਼ ਕਰਵਾਏ ਆ। ਕ਼ਾਨੂੰਨ ਗੋਈ, ਜਿਹੜੀ ਬਣਦੀ ਏ ਨਾ ਮੈਂਡੀ ਅੱਧੀ ਛੋੜ ਦੇਸਾਂ। ਸਿਫਾਰਸ਼ਾਨਾ ਜੇ ਛੋੜਿਆ ਏ ਉਹਨਾਂ। ਕਾਨੂੰਨਗੋਈ ਤੇ ਦੂਣੀ ਬਣਦੀ ਏ ਚੌਂਹੁੰ ਦੇ ਸਿਫ਼ਾਰਸ਼ਾਨੇ ਨਾਲੋਂ, ਅੱਧੀ ਅਗਲੀ ਫ਼ਸਲ ਤੇ ਪਾ ਦੇਸਾਂ। ਸ਼ਾਮੋ-ਸ਼ਾਮ ਆਇਓ। ਮੈਨੂੰ ਕੰਮ ਬਹੁੰ ਨੇਂ। ਦੌਰ੍ਹਾ ਪਿਆ ਆਉਂਦਾ ਏ ਨਾਇਬ ਆਮਲ ਸਾਹਬ ਦਾ।"

ਮਹੰਦਾਂ ਪਟਵਾਰੀ ਬਣ ਕੇ ਪਟਵਾਰਖ਼ਾਨੇ ਦੀਆਂ ਗੁਝ ਪਰਤਾਂ ਖੋਲ ਵਖਾਲੀਆਂ ਨੇਂ। ਇਹ ਧੁਰਾ ਏ ਵਿਚਕਾਰ ਜਿਸ ਨਾਲ ਜੁੜਿਆ ਹੋਇਆ ਏ ਮੱਲ ਦਾ ਸਾਰਾ ਲੇਖਾ। ਪਹਿਲੇ ਤਿੰਨ ਅੰਤਰਿਆਂ ਵਿਚ ਜ਼ੋਰ ਵਾਲਿਆਂ ਤੇ ਸਾਂਭਣਹਾਰਾਂ ਦੀ ਕਰਨੀ ਸਾਂਗ ਬਣਾ ਖੇਡ ਵਖਾਈ ਏ ਕੁੜੀਆਂ ਨੇ। ਅਗਲੇ ਤਿੰਨ ਅੰਤਰੇ ਕਰਨਹਾਰਾਂ ਦੀ ਘਾਲ ਤੇ ਉਹਨਾਂ ਦੀ ਜਰੀ ਔਖਤ ਦਾ ਲੇਖਾ ਕਰੇਂਦੇ ਨੇ। ਏਸ ਨੂੰ ਸਾਂਗ ਬਣਾ ਖੇਡਣ

ਦੀ ਲੋੜ ਈ ਨਹੀਂ। ਇਹ ਹੱਡ-ਵਾਪਰੀ ਹੈ ਇਹਨਾਂ ਦੀ ਤੇ ਸਾਂਗ ਓਪਰੇ ਦਾ ਬਣਾ ਵਰਤਾਇਆ ਜਾਂਦਾ ਏ, ਤਨ-ਝਾਗੀ ਦਾ ਨਹੀਂ। ਜੇਵੇਂ ਵਪਾਰੀ, ਪਟਵਾਰੀ, ਮੁਕ਼ੱਦਮ ਤੇ ਹਾਕਮ ਸਾਂਗ ਬਣੇਂਦੇ ਨੇਂ ਆਪਣਿਆਂ ਦਰਜਿਆਂ ਦਾ। ਉਹ ਬਣ ਵਖਾਉਂਦੇ, ਵਰਤਾਉਂਦੇ ਨੇਂ ਜੋ ਉਹ ਹਨ ਤਾਂ ਨਹੀਂ ਪਰ ਦਿਸਦੇ ਨੇਂ। ਇਹ ਕੁੜੀਆਂ ਨਿਮਾਣੀਆਂ ਆਪਣੀ ਹਾਲਤ ਬਣ ਕੇ ਕੀ ਦਸਾਉਣੀ ਏ, ਇਹਨਾਂ ਦੀਆਂ ਪਾਟੀਆਂ ਚੁੰਨੀਆਂ, ਛਾਨਣੀ ਹੋਏ ਹੱਥ ਗਵਾਹ ਨੇਂ ਆਪ, ਇਹਨਾਂ ਦੀ ਹਾਲਤ ਦੇ। ਅਖ਼ੀਰਲੇ ਅੰਤਰਿਆਂ ਵਿਚ ਆਪਣਾ-ਆਪ ਸਹੀ ਕਰਨ ਪਿਛੋਂ ਹੁਣ ਸੁਰਤ ਸਾਰ ਹੋਈ ਏ ਕਰਨਹਾਰਾਂ ਨੂੰ, ਜੋ ਪਵਾੜਾ ਸਾਰਾ ਅਸਾਡੀ ਕੀਤੀ ਦੇ ਸਿਰ ਈ ਬਣਿਆ ਏ। ਨਾ ਕਰੀਏ ਤੇ ਨਾ ਜਰੀਏ ਮਾਰ ਸਾਂਭਣਹਾਰਾਂ ਦੀ। ਵਿਹਰ ਜਗੀ ਕੁੜੀਆਂ ਅੰਦਰ ਏਸ ਸੁਰਤ ਵਿਚਾਰ ਪਾਰੋਂ। ਪੀਨਾ, ਵੱਡੀ ਏ ਉਮਰੋਂ, ਫੁੱਫੀ ਲੱਗਦੀ ਏ ਇਹਨਾਂ ਸਾਰੀਆਂ ਦੀ ਉਹ ਸਾਰੀ ਹਯਾਤੀ ਏਹਾ ਕੁਝ ਹੋਂਦਾ ਵੇਖਦੀ ਆਈ ਏ। ਉਹ ਸਮਝਾਉਂਦੀ ਏ ਕੁੜੀਆਂ ਨੂੰ ਜੋ ਸਵਾਣੀ ਦਾ ਏਹੋ ਕੰਮ ਏ, ਉਹ ਇਨਕਾਰ ਨਹੀਂ ਕਰ ਸਕਦੀ ਤੇ ਕ਼ੁਰਕ਼ੀ ਤੋਂ ਬਚਣ ਕੀਤੇ ਪਿਓਆਂ, ਭਰਾਵਾਂ ਕੋਲ ਏਹੋ ਰਾਹ ਏ :

> "ਪੀਨਾ : ਟੁੱਕਰ ਪਿਆਰਾ ਏ ਨੀ ਹਰ ਕੇਹੀਂ ਨੂੰ। ਆਪਣੀ ਜਾਨ ਸੁਖਾਲੀ ਰੱਖਦਾ ਏ ਹਰ ਕੋਈ। ਲੱਜ ਨਾ ਖੂਹ ਦੀ ਹੋਂਦੀ ਏ ਨਾ ਸਵਾਣੀ ਦੀ, ਜੇਹਨੂੰ ਤ੍ਰੇਹ ਲੱਗੇ ਬੋਕਾ ਵਗਾਵੇ ਚਾ। ਖੂਹ ਨਾਂਹ ਨਹੀਂ ਕਰ ਸਕਦਾ। ਨਾਂਹ ਪੈਲੀ ਵੀ ਨਹੀਂ ਕਰ ਸਕਦੀ। ਉਹਨੂੰ ਵਾਹੋ, ਉਹਦਾ ਈ ਖਾਓ ਤੇ ਉਹਦੇ ਉਤੇ ਬਹਿ ਕੇ ਹੱਗੋ।"

ਲੱਜ ਰੱਸੀ ਏ ਤੇ ਸ਼ਰਮ-ਹਯਾ ਵੀ। ਸਵਾਣੀ ਤੇ ਖੂਹ ਨੂੰ ਕੇਵੇਂ ਇਕ ਕੀਤਾ ਏ, ਪੀਨਾ ਦੀ ਸੋਚ ਨੇਂ। ਲੋੜ ਪੂਰੀ ਹੋਂਦੀ ਏ ਸਭ ਦੀ ਇਹਨਾਂ ਤੋਂ। ਇਹ ਆਪ ਹਨ ਵੀ ਕਿ ਨਹੀਂ, ਇਹ ਸੋਮਾ ਕਿਥੋਂ ਫੁੱਟਦਾ ਏ ਪਿਆ ਤੇ ਕੀ ਕੁਝ ਵਰਤਾਉਂਦਾ ਏ ਪਿਆ ਕੁੱਲ ਜੀਆਂ ਨੂੰ। ਸਵਾਣੀ ਨਾਂਹ ਕੇਵੇਂ ਕਰੇ ਜਦ ਆਪਣੇ ਪਿਓ ਭਰਾ ਉਹਨਾਂ ਨੂੰ ਵੇਚਣ ਖਲੋ ਜਾਵਣ। ਜਨਾਨੀਆਂ ਉਹਨਾਂ ਭਾਣੇ ਜੀਊਂਦੇ ਜੀਅ ਤਾਂ ਨਹੀਂ, ਉਹ ਤਾਂ ਮਸ਼ੀਨਾਂ ਹੋਈਆਂ ਬੇ-ਜ਼ੁਬਾਨ ਜੇਵੇਂ ਚਾਹੋ ਵਰਤੋ। ਮਸ਼ੀਨ ਖਰਾਬ ਹੋਏ ਯਾਂ ਖਲੋ ਜਾਵੇ ਤਾਂ ਰੂੜੀ ਤੇ ਸੁੱਟੋ ਮੁੜ ਨਵੀਂ ਲੈ ਆਓ। ਕੁੜੀਆਂ ਸਿਆਣ ਘਿੱਦਾ ਏ ਜੋ ਮਸਲਾ ਸਾਰਾ ਕੁਸੰਭੇ ਦਾ ਚੁਗਣ ਏ ਤੇ ਕੁਸੰਭਾ ਕੀ ਏ ? ਹਰ ਕੀਤਾ ਕੰਮ ਜੋ ਸਾਂਭਣਹਾਰਾਂ ਦੇ ਲੇਖੇ ਲੱਗਾ ਉਹ ਕੁਸੰਭਾ ਈ ਹੈ। ਹੁਣ ਇਹ ਸਾਰੀਆਂ ਨਾਂਬਰ ਥੀਆਂ ਨੇਂ ਕੁਸੰਭਾ ਚੁਗਣੋਂ। ਰਲ ਵਿਚਾਰਨ ਲੱਗੀਆਂ ਏਸ ਦਾ ਤਰੋੜ, ਕਦੀਂ ਸ਼ਹਿਰ ਜਾਵਣ ਦਾ ਸੋਚਦੀਆਂ ਨੇਂ, ਕਦੀਂ ਨੌਕਰੀ ਕਰਨ ਦਾ। ਕੁਸੰਭੇ ਦਾ ਕੱਚ ਸਿਆਣ ਲਿਆ ਏ ਇਹਨਾਂ ਸੱਤਾਂ ਨੇਂ। ਏਸ ਕੁਸੰਭੇ ਦੇ ਸਿਰ ਖਲਾ ਵਿਹਾਰ ਵੀ ਪਛਾਣਦੀਆਂ ਨੇਂ ਪਈਆਂ

ਹੁਣ :

"ਪੀਨਾ : ਕੱਚ ਏਹਦਾ ਈ ਨਹੀਂ, ਜੋ ਉੱਗਦਾ ਏ ਕੁਸੰਭਾ ਹੋ ਵੇਂਦਾ ਏ। ਏਹੋ ਆਹਰ ਏ ਏਸ ਪਟਵਾਰੀ, ਮੁਕ਼ੱਦਮੀ ਦਾ। ਸਭ ਉੱਗਿਆ ਚੁਗਿਆ ਕਰੋ ਕੁਸੰਭਾ। ਕਿਉਂ, ਕੁਸੰਭੇ ਉਤੇ ਈ ਵਪਾਰੇ ਤੇ ਸ਼ਾਹੂਕਾਰੇ ਪਲਦੇ ਹੋਏ ਚੌਧਰਾਂ ਪੱਸਰਦੀਆਂ ਹੋਈਆਂ। ਇਹਨੂੰ ਈ ਖਾਂਦੀ ਹੱਗਦੀ ਏ ਮੰਡੀ ਦੇਹੁੰ ਪਰ ਰਾਤ। ਕੀ ਨੇਂ ਦੀਵਾਨੀਆਂ ਤੇ ਸੂਬੇਦਾਰੀਆਂ। ਏਸ ਕੁਸੰਭੇ ਦੀ ਸਾਂਭ-ਸੰਭਾਲ ਹੋਰ ਕੀ ਏ। ਏਹੋ ਨੇ ਪੰਜ ਹਜ਼ਾਰੀਆਂ ਤੇ ਫ਼ੌਜਦਾਰੀਆਂ ਤਖ਼ਤ ਤੇ ਤਖ਼ਤੇ। ਏਹੋ ਨੇਂ ਸ਼ਰੀਅਤਾਂ ਤੇ ਤਰੀਕ਼ਤਾਂ ਏਹੋ ਰੱਬ ਏ ਇਹਨਾਂ ਦਾ।"

ਜਨਾਨੀਆਂ ਵੀ ਏਸ ਵਿਹਾਰ ਲਈ ਕੁਸੰਭਾ ਈ ਨੇਂ। ਇਹਨਾਂ ਦਾ ਖਿੜਨ ਵੀ ਵਾਰੇ ਨਹੀਂ ਨਰ-ਪ੍ਰਧਾਨ ਵਿਹਾਰ ਦੇ, ਜਦ ਤਾਈਂ ਇਹਨਾਂ ਨੂੰ ਵਰਤ ਵੇਚ ਕੇ ਹੰਡਾ ਨਾ ਲਵੇ। ਵਸਤ ਈ ਹੈ ਸਵਾਣੀ ਵਿਹਾਰ ਲੇਖੇ, ਵਰਤਣ ਕਾਨ ਬਣੀ ਵਸਤ, ਨਰ ਦੀ ਹੱਥ-ਬੰਨ੍ਹ ਗ਼ੁਲਾਮ। ਹਵਸ ਦੇ ਅੰਨ੍ਹੇ ਵਿਹਾਰ ਨੂੰ ਜੇਵੇਂ ਹਰ ਉੱਗੀ ਸ਼ੈ ਵਿਚ ਲਾਹਾ ਦਿਸਦਾ ਏ ਤੇਵੇਂ ਜਨਾਨੀ ਮੱਲ ਦੀ ਹਵਸ ਏ। ਆਪਣੇ ਅੰਦਰ ਥੁੜ ਦੇ ਪਾਏ ਖੱਪੇ ਪੂਰਨ ਕੀਤੇ ਉਹ ਨਿਮਾਣੀ ਨਾਰ ਤੇ ਧਾਉਂਦੇ ਨੇਂ, ਝੱਟ ਪਲ ਦਾ ਨਸ਼ਾ ਦੂਜੇ ਪਲ ਲਹਿ ਵੇਂਦਾ ਏ। ਆਪਣੀ ਤਾਕਤ ਘਟਦੀ ਦਿਸਦੀ ਏ ਤੇ ਓਸ ਨੂੰ ਵਖਾਵਣ ਕਾਨ ਉਹ ਮੁੜ ਨਾਰ ਤੇ ਹੱਲਾ ਬੋਲਦਾ ਏ। ਪਰ ਨਾਰਾਂ ਨੇ ਹੁਣ ਮਤਾ ਪਕਾ ਲਿਆ ਏ, ਅੰਦਰਾਂ ਵਿਚ ਦਬੀਜੀ ਨਾਂਹ ਹੁਣ ਜੀਭਾਂ ਤੇ ਆ ਗਈ ਏ। ਹੁਣ ਉਹਨਾਂ ਦਾ ਗਾਉਣ ਰੰਗ ਹੋਰ ਏ ਓਸ ਵਿਚ ਵਿਹਰ ਏ। ਹੁਣ ਥੱਕਣ ਹੁੱਟਣ ਨਹੀਂ ਏ, ਇਨਕਾਰ ਏ। ਹੁਣ ਸਮਝ ਏ ਕੁਸੰਭਾ ਚੁਗਣ ਦੀ, ਮੁਕ਼ੱਦਮੀਆਂ ਦੀ, ਹਾਕਮਾਂ ਦੀ, ਪਟਵਾਰੀਆਂ ਦੀ। ਪਾਟੀਆਂ ਚੁੰਨੀਆਂ ਦਾ ਓਹਲਾ ਵੀ ਲਾਹ ਸੁੱਟਿਆ ਨੇਂ ਹੁਣ। ਕੁੜੀਆਂ ਦੀ ਵਿਹਰ ਨੂੰ ਦਬਾਵਣ ਦਾ ਜਤਨ ਕੀਤਾ ਏ ਪੀਨਾ ਨੇ ਪਰ ਉਹਨਾਂ ਦੀ ਹਠ ਦਾ ਪੱਕ ਵੇਖ ਹੁਣ ਆਪ ਵੀ ਆ ਰਲੀ ਏ ਉਹਨਾਂ ਦੇ ਨਾਲ ਕੁੜੀਆਂ ਦੀ ਕੀਤੀ ਟੋਕ ਸਹੀ ਜਾਣੀ ਪੀਨਾ ਨੇ ਜੋ ਇਹਨਾਂ ਦੇ ਚੁੱਪ ਪਾਰੋਂ ਈ ਧਗਾਣ ਪੱਕਾ ਥੀਆ ਸਵਾਣੀਆਂ ਨਾਲ। ਪੀਨਾ ਕੁੜੀਆਂ ਦੀ ਸਾਥਣ ਬਣ ਗਈ ਏ, ਸਹਿਜੇ ਈ। ਪੁਰਾਣੀ ਤੇ ਨਵੀਂ ਪੀੜ੍ਹੀ ਦੀ ਗੱਲ ਹਿਕ ਹੋਈ ਏ:

"ਪੀਨਾ : ਤੁਹਾਡੀਆਂ ਸੁਣ ਕੇ ਲੱਗਦਾ ਏ ਏਸ ਸੁੱਤੇ ਮਾਸ ਨੂੰ ਵੀ ਜੇਵੇਂ ਜਾਗ ਲੱਗ ਗਈ ਏ। ਜਿਹੜੀ ਨਾਂਹ ਨੂੰ ਅੰਦਰੇ ਘੁਟੀਜ ਰੱਖਿਆ ਮੁੱਢ ਲਾਅ ਉਹਦੀਆਂ ਸੁੱਕੀਆਂ ਜੜ੍ਹਾਂ ਨੂੰ ਵਿੱਲ੍ਹ ਪਈ ਛੋਂਹਦੀ ਏ। ਹੁਣ ਮੈਂਡੇ ਜੇਹੀਆਂ ਦਾ ਹੱਥ ਤੁਹਾਡੀ ਨਾਂਹ ਦੇ ਹੱਥ ਜੇ। ਛੋੜਿਓ ਨਾ ਏਹਨੂੰ।"

ਕੁੜੀਆਂ ਰਲ ਮਤਾ ਪਕਾਇਆ ਏ ਜੋ ਰੋਜ਼ ਰੋਜ਼ ਦੇ ਮਰਨੋਂ ਹਿੱਕ ਵਾਰ ਦਾ ਮਰਨਾ ਈ ਚੰਗਾ ਏ। ਮੱਲ ਨੇ ਕੇਵੇਂ ਤਾਣਾ ਤਣਿਆ ਹੋਇਆ ਏ ਪੂਰੇ ਜਹਾਨ ਉੱਪਰ। ਏਸ ਦਾ ਉਪਾਅ ਰਲ ਕੇ ਹੀ ਹੋਸੀ। ਗੱਲ ਸਮਝ-ਵਿਚਾਰ ਕਰਨੀ ਪੋਸੀ। ਕੀਹ ਢੰਗ ਵਰਤਣਾ ਏ, ਕੀਹ ਲੁਕਾਣਾ ਏ, ਕੀਹ ਵਖਾਣਾ ਏ। ਸਾਰੇ ਮਾਮਲੇ ਨੀਝ ਨਾਲ ਪੜਚੋਲ ਕੇ ਪੈਰ ਪੁੱਟਣਾ ਏ। ਮੱਲ ਦਾ ਤਾਣਾ ਆਪਣੇ ਪੈਰ ਪੱਕੇ ਕੀਤੀ ਬੈਠਾ ਏ ਜਿਸ ਮਾੜੀ ਮਖ਼ਲੂਕ਼ ਦੇ ਸਿਰ ਤੇ, ਓਸ ਨੂੰ ਸੁਰਤਵਾਨ ਕਰਨਾ ਪੋਸੀ। ਜਿਹਨਾਂ ਦੀ ਕੀਤੀ ਕੁਸੰਭਾ ਪਈ ਹੋਂਦੀ ਏ ਉਹਨਾਂ ਨੂੰ ਸਾਵਧਾਨ ਕਰਨਾ ਪੋਸੀ। ਲੋੜ ਲਈ ਕੀਤੀ ਮਿਹਨਤ ਤੇ ਲੋੜੋਂ ਵੱਧ ਕੀਤੀ ਮਿਹਨਤ ਦੀ ਨਖੇੜ ਕਰਕੇ ਸਮਝਾਵਣੀ ਪੈਣੀ ਏ। ਲੋੜੋਂ ਵੱਧ ਕੀਤੀ ਮਿਹਨਤ ਈ ਲਾਹਾ ਜੋੜਦੀ ਏ ਤੇ ਮੁੜ ਆਪਣੇ ਕਰਨਹਾਰਾਂ ਦੇ ਸਿਰ ਤੇ ਧਨਵਾਨਾਂ ਦੀਆਂ ਜੁੱਤੀਆਂ ਬਣ ਵਰ੍ਹਦੀ ਏ। ਕੰਮੀ ਮੇਲ ਦੀ ਕਰਨੀ ਖਾਵਣ ਕੀਤੇ ਹੀ ਏਸ ਨੂੰ ਆਪਸ ਵਿਚ ਲੜਵਾਂਦਾ ਏ ਹਾਕਮ, ਵੰਨੋਂ-ਵੰਨ ਵੰਡਾਂ ਦੇ ਰੰਗ ਖਿਡਾ ਕੇ। ਹੁਣ ਕੁੜੀਆਂ ਏਹਨਾਂ ਦੀ ਖਿਡਾਈ ਖੇਡ, ਆਪ ਖੇਡ ਵੇਖੀ ਏ ਤਾਂ ਸਾਰ ਥਈ ਨੇਂ। ਜੋ ਅਸਾਂ ਸਾਰੇ ਈ ਫਾਤੇ ਪਏ ਹਾਂ ਏਸ ਮੁਕ਼ੱਦਮੀ ਵਿਚ ਪਰ ਏਸ ਤੋਂ ਛੁਟਕਾਰਾ ਚਾਹੁੰਨੇ ਹਾਂ। ਹਰ ਇਕ ਦੇ ਅੰਦਰ ਮਿਲਨ ਦੀ ਸਿਕ ਵੀ ਹੈ ਸੋ ਮੁਕੱਦਮੀਆਂ ਲਾਂਭੇ ਧਰ ਕੇ ਹਿਕ-ਬਏ ਨੂੰ ਮਿਲੀਏ। ਮੁਕ਼ੱਦਮੀਆਂ ਤਾਂ ਏਸ ਮੱਲ ਵਿਹਾਰ ਨੇ ਸਾਡੇ ਅੰਦਰ ਪਾਈਆਂ ਨੇਂ। ਇਹਨਾਂ ਤੋਂ ਛੁਟਕਾਰੇ ਦਾ ਹਿੱਕੋ-ਹਿਕ ਰਾਹ ਮੇਲ ਹੈ। ਇਹ ਲਾਹੇ ਤੋਂ ਵੱਖ ਹੋਇਆ ਮੇਲ ਈ ਮਿਲਨ ਏ ਅਸਲੋਂ, ਜੋ ਸੱਤਿਆ ਏ ਹਰ ਜੀਅ ਅੰਦਰ, ਕੁਦਰਤ ਦਾਨ ਕੀਤੀ। ਜੇ ਲਾਹੇ ਨਾਲ ਲਾਹਾ ਜੁੜ ਕੇ ਵੱਧ ਸਕਦਾ ਏ ਤੇ ਮੇਲ ਸੁਮੇਲ ਹੋ ਕੇ ਸੱਤਿਆ ਵੀ ਵੱਧ ਸਕਦੀ ਏ, ਏਹੀ ਮੇਲ ਤਰੋੜ ਬਣਸੀ ਮੇਲ-ਬੰਦ ਵਿਹਾਰ ਦਾ। ਇਹ ਸੁੱਚਾ ਮਿਲਨ ਈ ਨਾਵਾਂ, ਦਰਜਿਆਂ ਤੇ ਵੱਖ-ਵੱਖ ਪਛਾਣਾਂ ਤੋਂ ਉਧਾਰਸੀ ਕੱਲੇ-ਦੂ-ਕੱਲੇ ਨੂੰ। ਇਹ ਸੱਤ ਕੁੜੀਆਂ ਜੋ ਜੁੜੀਆਂ ਨੇ, ਏਹੀ ਸੱਚ ਏ ਅਜੋਕੇ ਵੇਲੇ ਦਾ, ਜੋ ਦਾਨ ਹੋਵਣ ਕੀਤੇ ਜੁੜਿਆ ਏ। ਜਿਹਨੂੰ ਮਿਲਸਨ ਇਹ ਓਸ ਵਿਚ ਵੀ ਇਹ ਛਿੱਟ ਜਾਗਦੀ ਲੱਗਸੀ। ਇਹਨਾਂ ਦੀ ਸੱਤਿਆ ਈ ਹੈ ਆਪ ਪਛਾਣ ਦੀ ਜੋ ਸੱਤਾਂ ਜ਼ਮੀਨਾਂ, ਸੱਤਾਂ ਅਸਮਾਨਾਂ ਤੇ ਧੁਰ-ਪਾਤਾਲਾਂ ਅੰਦਰ ਹੈ। ਮਹੰਦਾਂ, ਜੋ ਪਟਵਾਰੀ ਬਣ ਖਯਾਲ ਖੇਡੀ, ਓਸ ਦੀ ਆਖਣੀ ਵਿਚ ਕਿਤਨੀ ਸਮਝ-ਸੁਰਤ ਹੈ ਜੋ ਓਸ ਨੂੰ ਏਸ ਰੰਗ ਖੇਡਣ ਨੇ ਦਿੱਤੀ। ਵੇਖੋ ਕੇਵੇਂ ਨਤਾਰਦੀ ਏ ਕੁੱਲ ਜੀਵਨ ਤੇ ਕੁੱਲ ਜੂਨ ਨੂੰ :

> "ਮਹੰਦਾਂ : ਅਸਾਂ ਸੱਤਾਂ ਵਿਚ ਕੁਸੰਭੇ ਦੀ ਮੁਕ਼ੱਦਮੀ ਏ। ਕਿਸੇ ਵਿਚ ਅੱਧੀ, ਕਿਸੇ ਵਿਚ ਪੌਣੀ, ਕਿਸੇ ਸਵਾਈ ਜਿਹਨਾਂ ਨੂੰ ਮਿਲਸਾਂ ਉਹਨਾਂ ਵਿਚ ਵੀ ਸਰਪਰ ਹੋਸੀ। ਪਰ ਹਰ ਕਿਸੇ ਵਿਚ ਉਹਦੇ ਕੰਨੋ ਛੁਟਕਾਰੇ ਦੀ ਤਾਂਘ ਵੀ ਏ ਸਰਪਰ, ਖੁੱਲੀ ਜਾਅ, ਅੱਧੀ, ਪੌਣੀ, ਸਵਾਈ। ਜਿਹਨੂੰ ਮਿਲੀਏ

ਆਪਣੀ ਮੁਕ਼ੱਦਮੀ ਨੂੰ ਉਹਦੀ ਮੁਕ਼ੱਦਮੀ ਨਾਲ ਨਾ ਭਿੜਾਈਏ। ਖੁੱਲੀ ਜਾਅ ਨੂੰ ਖੁੱਲੀ ਜਾਅ ਨਾਲ ਮੇਲੀਏ। ਹਿੱਕ-ਦੂਜੀ ਦੀ ਸਕਤ ਵਧਾਈਏ ਮੁਕ਼ੱਦਮੀ ਕੰਨੋ ਛੁਟਕਾਰੇ ਦੀ। ਸ਼ਾਂਮੋ-ਸ਼ਾਮ ਈ ਆਇਓ ਮਤਾਂ ਮੈਂਡੇ ਅੰਦਰ ਨਾਇਬ ਆਮਲ ਸਾਹਬ ਨੂੰ ਦੌਰਾ ਨਾ ਪੈ ਵੰਜੇ (ਉੱਪਰ ਵੇਖ ਕੇ) ਸ਼ਾਮਾਂ ਤੇ ਪੈ ਈ ਨਹੀਂ ਗਈਆਂ ?"

ਸ਼ਾਮ, ਮਿਲਨ ਵੇਲਾ ਹੈ ਦਿਨ-ਰਾਤ ਦਾ। ਗੂੜ੍ਹ-ਚਾਨਣ ਤੇ ਗੂੜ੍ਹ-ਹਨੇਰ ਦੇ ਵਿਚਕਾਰ ਦਾ ਵੇਲਾ, ਜਦ ਇਹ ਸਮਝ ਨਾ ਲੱਗੇ ਕਿ ਦਿਨ ਆਖੀਏ ਯਾਂ ਰਾਤ। ਏਹੀ ਵੇਲਾ ਹੈ ਵਿਚਾਰਨ ਦਾ, ਰਾਤ ਤੇ ਦਿਨ ਦੀ ਵਿੱਥ ਜਾਨਣ ਦਾ। ਦਿਨ ਦੀ ਕੱਟੀ ਵਗਾਰ, ਮੁਕ਼ੱਦਮੀਆਂ ਨਾਵੇਂ ਲਾਇਆ ਤਨ ਤੇ ਆਪਣੀ ਕੀਤੀ ਮਿਹਨਤ ਪੜਚੋਲਣ ਦਾ। ਰਾਤ ਦਾ ਸੰਗ ਕਰਨਾ ਏ ਹੁਣ ਯਾਂ ਰਾਤ ਵੀ ਦਿਨ ਵਾਂਗ ਮਾਲਕਾਂ ਦੇ ਢਾਏ ਚਾੜ੍ਹਨੀ ਏ। ਮੱਲ-ਮਾਲਕੀ ਤੇ ਨਰ-ਪ੍ਰਧਾਨੀ ਦਾ ਦੇਹੁੰ ਮੰਨਣਾ ਏ ਯਾਂ ਆਪਣੀ ਜੁਰਤ ਦੀ ਰਾਤ ਦੇ ਹਨੇਰ ਵਿਚ ਏਸ ਧ੍ਰੋਹ ਦੇ ਦੇਹੁੰ ਨੂੰ ਕਾਲਕ ਮਲਣੀ ਏ। ਕਾਲਕ, ਰਾਤ, ਇਨਕਾਰ ਏ ਦਿਨ ਦੇ ਓਸ ਚਾਨਣ ਦਾ ਜਿਸ ਵਿਚ ਅੱਖੀਆਂ ਅੰਨ੍ਹੀਆਂ ਨੇਂ, ਵਖਾਲੇ ਦੀ ਲਿਸ਼ਕ ਮੋਹ ਵਿਚ ਫਸੀਆਂ। ਇਹਨਾਂ ਸੱਤਾਂ ਨੇ ਸ਼ਾਮ ਵੇਲਾ ਮਿਥਿਆ ਏ ਮਿਲਣ ਦਾ ਯਾਂ ਖਬਰੇ ਘਰੀਂ ਪਰਤਣ ਦਾ। ਆਪਣੇ ਅਸਲ ਘਰ ਆਪਣੀ ਸਿਆਣ-ਸਾਰ ਦੀ ਸੇਧੇ ਟੁਰਨ ਦਾ। ਜੋ ਘਰ ਇਹਨਾਂ ਦੀ ਹਸਤੀ ਨੂੰ ਮੰਨਣ ਤੋਂ ਇਨਕਾਰੀ ਹੋਏ, ਹੁਣ ਇਹ ਵੀ ਉਹਨਾਂ ਘਰਾਂ ਵਿਚ ਪਰਤਣ ਤੋਂ ਇਨਕਾਰੀ ਥੀਆਂ ਨੇਂ। ਕੰਮ ਦੇਹੁੰ ਨੂੰ ਤਜ ਕੇ ਰਾਤ ਵਿਹਲ ਹੰਢਾਵਣ ਜੁੜ ਬੈਠੀਆਂ ਨੇਂ। ਸ਼ਾਮੀਂ ਝੋਹਿਆ ਕੰਮ ਈ ਰਾਤ ਵਿਚ ਪੂਰਾ ਥੀਸੀ ਤੇ ਦਿਨ ਵੇਲੇ ਕਾਲ ਬਣ ਲੱਥਸੀ ਪਟਵਾਰ, ਮੁਕ਼ੱਦਮ, ਹਾਕਮ ਦੇ ਚਲਾਏ ਕੂੜ ਵਪਾਰ ਸਿਰੀਂ। ਮਹੰਦਾਂ ਸ਼ਾਮੋ-ਸ਼ਾਮ ਆਵਣ ਦਾ ਆਖ ਕੇ ਨਾਲ ਆਖਦੀ ਏ ਸ਼ਾਮਾਂ ਤੇ ਪੈ ਨਹੀਂ ਗਈਆਂ ਇਹ ਜੋ ਸੁਰਤ ਬਣੀ ਨਵੀਂ ਅਸਾਡੀ ਏਸ ਨੂੰ ਹੁਣ ਵੇਲੇ ਦੀ ਉਡੀਕ ਕਾਹਦੀ, ਹੁਣ ਅਸਾਂ ਆਪ ਵੇਲਾ ਹਾਂ, ਆਪ ਕਰਨਹਾਰ ਹਾਂ, ਆਪ ਸਾਂਭਣਹਾਰ ਤੇ ਆਪ ਵਰਤਾਵਣਹਾਰ। ਆਪਣੇ ਕਰ ਪੈਰਾਂ ਦੀ ਕੀਤੀ ਤੇ ਆਪ ਵਸਾਹ ਹੋਵਣ ਤੇ ਆਪ ਵਰਤਣ ਈ ਟੀਚਾ ਏ ਹੁਣ ਅਸਾਡਾ। ਮੰਡੀ ਲਈ ਹੋਰ ਕੁਸੰਭਾ ਨਾ ਚੁਗਸਾਂ ਤੇ ਨਾ ਪਟਵਾਰ, ਮੁਕ਼ੱਦਮੀ, ਹਾਕਮੀ ਨੂੰ ਪੱਕਿਆਂ ਕਰੇਸਾਂ। ਅਸਾਡੇ ਰਲ ਕੀਤੇ ਇਨਕਾਰ ਦੀ ਹਿੱਕ ਛੋਹ ਬਥੇਰੀ ਏ ਏਸ ਕੂੜ ਉਸਾਰੇ ਦੇ ਢਾਵਣ ਲਈ। ਬੁੱਲ੍ਹੇ ਸ਼ਾਹੀ ਕਾਫ਼ੀ ਹੁਣ ਬੁੱਲ੍ਹੇ ਸ਼ਾਹੀ ਰੰਗ ਵਿਚ ਗੰਵਣ ਗੰਵਾਵਣ ਟੁਰੀ ਏ ਇਹ ਜੁਵੜੀ। ਇਹ ਨਿਰਾ ਜੋੜ ਈ ਨਹੀਂ ਏ ਹੁਣ ਇਹ ਐਲਾਨ ਏ ਆਪਣੇ ਹੋਵਣ ਦਾ, ਏਸ ਜੋੜ ਸਿਆਣ ਪਾਰੋਂ ਜੁੜੀ ਜੁਵੜੀ ਕੁਸੰਭੇ ਵਿਹਾਰ ਦਾ ਕੱਚ ਤੇ ਆਪਣੇ ਹੋਵਣ ਦਾ ਪੱਕ ਵੀ ਗੱਜ ਕੇ ਸੁਣਾਇਆ ਏ।

# ਕੀੜ-ਕਹਾਣੀ

ਕੀੜ ਕਹਾਣੀ ਆਪਣੇ ਸਰਨਾਵੇਂ ਤੋਂ ਕੋਈ ਬਾਲਾਂ ਦੀ ਖੇਡ ਜਾਪੀ ਸੀ। ਪੜ੍ਹੀ ਤਾਂ ਪਤਾ ਲੱਗਾ, ਨਹੀਂ ਨਾਂ ਦਾ ਧੋਖਾ ਏ। ਨਾਂ ਅਸਲ ਲੁਕਾ ਲੈਂਦੇ ਨੇਂ ਤੇ ਕੁਝ ਹੋਰ ਬਣਾ ਵਖਾਉਂਦੇ ਨੇਂ। ਕਹਾਣੀ ਪੂਰੀ ਹੀ ਬਦਲ ਵੇਂਦੀ ਏ ਨਾਵੇਂ ਦੇ ਚੱਕਰ ਵਿਚ ਫਸਿਆਂ। ਇਹ ਤਾਂ ਕੀੜੀ ਦੀ ਕੱਥ ਏ ਮਾੜੀ ਜੇਹੀ ਕੀੜੀ ਜੋ ਹਰ ਵੇਲੇ ਕੰਮ ਕਰੇਂਦੀ ਏ ਸਾਂਝ-ਭੰਡਾਰ ਵਿਚ ਆਪਣਾ ਹਿੱਸਾ ਪਾਵਣ ਕੀਤੇ। ਇਹ ਰਲ-ਮਿਲ ਕੱਠੀਆਂ ਵਸੇਂਦੀਆਂ ਨੇਂ, ਘਰ ਇਹਨਾਂ ਦੇ 'ਭੌਣ" ਹੋਏ, ਵੱਖੋ-ਵੱਖ ਘਰ ਨਹੀਂ ਪਾਉਂਦੀਆਂ। ਵਾਜ ਕਦੇ ਨਹੀਂ ਸੁਣੀ ਕਿਸੇ ਨਾ ਇਹਨਾਂ ਦੇ ਕੰਮ ਕਰਨ ਦੀ, ਨਾ ਟੁਰਨ ਦੀ, ਨਾ ਆਪਸੀ ਗੱਲ-ਬਾਤ ਦੀ। ਪਰ ਇਹ ਕੀੜ-ਕਹਾੜੀ ਘੱਟ ਤੇ ਪੀੜ-ਕਹਾਣੀ ਬਹੁਤੀ ਜਾਪਦੀ ਏ। ਮਾੜੀ ਨਿਮਾਣੀ ਕੁੱਲ-ਖੁਲਕ਼ਤ ਦੀ ਕਹਾਣੀ ਜੋ ਕੀੜੀ ਵਾਂਗ ਬੇ-ਨਾਂ, ਬੇ-ਨਿਸ਼ਾਨ ਏ। ਜੋ ਵੱਡੀਆਂ ਤਾਕ਼ਤਾਂ ਦੇ ਪੈਰਾਂ ਹੇਠ ਆ ਕੇ ਮਿੱਧੀ-ਮਧੋਲੀ ਜਾਂਦੀ ਏ ਤੇ ਜੀਭ ਹੋਂਦਿਆਂ ਵੀ ਓਸ ਨੂੰ ਬੋਲਣ ਦੀ ਮਨਾਹੀ ਏ। ਚਲੋ ਖਯਾਲ ਪੜ੍ਹਨੇ ਹਾਂ ਫੇਰ ਵਿਚਾਰਨੇ ਹਾਂ ਏਸ ਕੀੜ-ਕਹਾਣੀ ਨੂੰ ਯਾਂ ਪੀੜ-ਕਹਾਣੀ ਨੂੰ।

ਕਾਢਿਆਂ ਦਾ ਬਾਦਸ਼ਾਹ, ਸ਼ਾਹ ਮਕੌੜ ਕੀੜੀ ਮਾਸ ਖਾਵਣ ਤੋਂ ਇਨਕਾਰੀ ਥੀਆ ਏ ਤੇ ਅੰਨ ਖਾਵਣ ਮੰਗਦਾ ਏ। ਮਹਲ ਅੰਦਰ ਵੱਡੀ ਭੀੜ ਬਣ ਖਲੋਤੀ ਏ। ਮਲਕਾ ਤਿੱਤਲ ਮਕੌੜ ਤੇ ਵਜ਼ੀਰ ਪਾਇੰਦਾ ਮਲਕ ਦੇ ਗਠਜੋੜ ਨਾਲ ਬਾਦਸ਼ਾਹ ਦੇ ਏਸ ਬਦਲਣ ਨੂੰ ਲੁਕਾਵਣ ਕੀਤੇ ਦਰਗਾਹ ਘੱਲ ਦਿੱਤਾ ਜਾਂਦਾ ਏ। ਦਰਗਾਹ ਦਾ ਸਜਾਦਹ ਨਸ਼ੀਨ ਮੀਆਂ ਮਾਸ਼ੂਕ਼ ਮਕੌੜ ਬਾਦਸ਼ਾਹ ਤੋਂ ਅੱਕ ਵੇਂਦਾ ਏ ਜੋ ਆਮ ਲੋਕਾਈ ਦਰਗਾਹ ਆਉਂਦੀ ਹੋਈ ਤੇ ਬਾਦਸ਼ਾਹ ਦਾ ਕੀੜੀ ਖਾਜਾ ਛੱਡਣ ਮਸ਼ਹੂਰ ਪਿਆ ਹੋਂਦਾ ਏ। ਚੌਧਰੀ ਨੂਰ ਮਕੌੜ ਮਹਲੋਂ ਆਇਆ ਤੇ ਮੀਆਂ ਮਾਸ਼ੂਕ਼ ਓਸ ਨਾਲ ਗੱਲ ਸਾਂਝੀ ਕੀਤੀ ਏ ਕਿ ਰੌਲਾ ਕੀੜੀ ਦਾ ਏ ਸਾਰਾ। ਨੂਰ ਮਕੌੜ, ਸ਼ਾਹ ਨੂੰ ਮਿਲਦਾ ਏ ਤਾਂ ਸ਼ਾਹ ਓਸ ਨੂੰ ਸਾਰੀ ਬੀਤੀ ਵਰਤੀ ਸੁਣਾਉਂਦਾ ਏ। ਕੇਵੇਂ ਸ਼ਿਕਾਰ ਕਰੇਂਦਾ ਹੱਦੋਂ ਬਾਹਰ ਹੋਇਆ ਤੇ ਭੁੱਖ ਮੁਕਾਵਣ ਲਈ ਕੀੜੀ ਫੜੀ ਖਾਵਣ ਕੀਤੇ। ਕੀੜੀ ਵਿਹਲ ਮੰਗੀ ਝੱਟ ਪਲ ਦੀ ਜੋ ਸਿਰ ਤੇ ਚਾਇਆ ਅੰਨ, ਭੰਡਾਰ ਪੁਚਾ ਪਰਤ ਵੇਸਾਂ। ਸ਼ਾਹ ਲਈ ਅਚਰਜ ਸੀ ਜੋ ਮੌਤ ਦੇ ਮੂੰਹ ਆਈ ਉਹ ਡਰੀ ਨਹੀਂ। ਕੀੜੀ ਪਰਤੀ ਤਾਂ ਸ਼ਾਹ

ਦੀ ਭੁੱਖ ਮੁੱਕੀ ਪਈ ਸੀ, ਕੀੜੀ ਆਪਣੇ ਭੰਡਾਰ ਵਿਚੋਂ ਅੰਨ ਲਿਆ, ਸ਼ਾਹ ਨੂੰ ਖਵਾਇਆ। ਕੀੜੀ ਨਾਲ ਹੋਈ ਏਸ ਮਿਲਣੀ ਪਿਛੋਂ ਸ਼ਾਹ ਨੂੰ ਆਪਣਾ ਸਾਰਾ ਹੁਕਮ-ਹਕੂਮਤ ਧਰੋਹ ਜਾਤਾ। ਓਸ ਕੀੜੀ ਖਾਵਣ ਤੋਂ ਹੱਥ ਚਾਤਾ। ਪਰ ਦਰਬਾਰ ਇੰਜ ਤਾਂ ਨਹੀਂ ਨਾ ਚੱਲਦੇ, ਕੀੜੀ ਨਾ ਖਾਵੇ ਤਾਂ ਕੀੜੀ ਖਾਵਣ ਵਾਲਿਆਂ ਦਾ ਹਾਕਮ ਕੇਵੇਂ ਅਖਵਾਏ। ਸੋ ਹੁਣ ਦਰਗਾਹ ਲਿਆ ਬਹਾਇਆ ਏ ਦਰਬਾਰੀ ਸਿਆਣਿਆਂ ਨੇਂ। ਮਾੜਾ ਨਿਮਾਣਾ ਕਾਹਡਾ ਢੋਲਣ ਮਕੌਣ ਨਜ਼ਰ ਲਿਆਇਆ ਏ ਸ਼ਾਹ ਲਈ ਕੀੜੀ ਦੀ। ਸ਼ਾਹ ਓਸ ਨੂੰ ਨਾ ਚਾ ਕੀਤੀ ਏ ਤੇ ਢੋਲਣ ਸਿਆਣ ਘਿੱਦਾ ਏ ਜੋ ਸ਼ਾਹ ਹੁਣ ਸ਼ਾਹ ਹੈ ਈ ਨਹੀਂ। ਏਸ ਅਸਾਂ ਨਿਮਾਣਿਆਂ ਦੀ ਪੀੜ ਸੁੰਜਾਣ ਲਈ ਏ। ਸ਼ਾਹ ਦੀ ਮਾਨਤਾ ਦਰਗਾਹ ਵਿਚ ਵਧਣ ਲੱਗ ਪੈਂਦੀ ਏ ਤਾਂ ਦਰਬਾਰ ਵਾਲੇ ਓਸ ਨੂੰ ਬੰਦੀਖ਼ਾਨੇ ਘਤੀਂਦੇ ਨੇਂ ਓਥੇ ਮੁੜ ਕੀੜੀ ਆ ਮਿਲਦੀ ਏ। ਬਾਦਸ਼ਾਹ ਨੂੰ ਆਪਣੀ ਅਖ਼ੀਰ ਬੰਦੀਖ਼ਾਨਾ ਤੇ ਮੁੜ ਕ਼ਬਰ ਸਹੀ ਹੋਂਦੀ ਏ ਤਾਂ ਕੀੜੀ ਦਸੇਂਦੀ ਏ, ਨਹੀਂ ਜਿਸ ਢੋਲਣ ਨੂੰ ਤੂੰ ਸੱਤਿਆ ਦਿੱਤੀ ਦਰਗਾਹੇ, ਉਹ ਹੁਣ ਢੋਲ ਬਣ ਪਿਆ ਵੱਜਦਾ ਏ। ਕੁਲ ਖ਼ਲਕ਼ਤ ਨੂੰ ਤੇਰੀ ਕੱਥ ਪਿਆ ਸੁਣਾਉਂਦਾ ਏ ਗਾ ਕੇ "ਹੋਵਣ ਆਇਆਂ ਤੇ ਰਲ ਕੀੜੀ ਹੋਈਐ" ਸ਼ਾਹ ਕੀੜੀ ਨੂੰ ਆਪਣਾ ਆਗੂ ਮੰਨ ਬੰਦੀਖਾਨਿਓਂ ਬਾਹਰ ਨਿਕਲਣ ਦਾ ਰਾਹ ਪੁਛੇਂਦਾ ਏ, ਉਹ ਆਖਦੀ ਏ, ਕੀੜੀ ਬਣ ਤੇ ਬਾਹਰ ਨਿਕਲ, ਜੇਵੇਂ ਮੈਂ ਅੰਦਰ ਆਈ ਹਾਂ।

ਮਲਕਾ ਤਿੱਤਲ ਮਕੌੜ ਤੇ ਪੁੱਤਰ ਮਿੱਠੂ ਮਕੌੜ ਦਾ ਸੁਭਾਅ ਇੰਜ ਜਾਪਦਾ ਏ ਜੇਵੇਂ ਓਪਰੇ ਹੋਵਣ ਦੋਵੇਂ। ਉਹ ਦੋਏਂ ਜੋ ਸ਼ਾਹ ਦੇ ਸਿਰ ਤੇ ਮਲਕਾ ਤੇ ਸ਼ਹਿਜ਼ਾਦਾ ਬਣੇ ਆਪਣੇ ਏਸ ਦਰਜੇ ਨੂੰ ਕੇਵੇਂ ਤਜ ਦੇਵਣ, ਸ਼ਾਹ ਲਈ। ਉਹਨਾਂ ਲਈ ਜੀਵਨ ਏਹਾ ਏ, ਹੁਣ ਉਹ ਕੀੜੀ ਖਾਵਣ ਨਹੀਂ ਛੱਡ ਸਕਦੇ, ਹਕੂਮਤ ਜੋ ਕਰਨੀ ਹੋਈ। ਉਹਨਾਂ ਦੀ ਬੋਲੀ ਵੀ ਵੱਖ ਹੋਈ, ਜੇਵੇਂ ਸਰਕਾਰ ਦੀ ਬੋਲੀ ਵੱਖ ਹੋਂਦੀ ਏ, ਹਮੇਸ਼ ਤੋਂ। ਬੋਲੀ ਇਕ ਹੋ ਵੰਜੇ ਤਾਂ ਵਿੱਥ ਮੁੱਕ ਜਾਵੇ ਹਕੂਮਤ ਤੇ ਰਈਅਤ ਦੀ। ਪਰ ਵਿੱਥ ਮੁੱਕੇ ਈ ਕਿਉਂ, ਵਿੱਥ ਪਾਵਣ ਕਾਨ ਈ ਤਾਂ ਦਰਬਾਰ ਉਸਰੇਃ

"ਸ਼ਹਿਜ਼ਾਦਾ: ਇਹ ਤੁਹਾਡੇ ਵਾਸਤੇ ਅੱਜ ਹੋਰ ਈ ਕੁਝ ਪਿਆ ਪੱਕਦਾ ਏ, ਓਲਡ ਮੈਨ

ਮਲਕਾ : ਸੁਣ ਲਿਆ ਜੇ ?

ਸ਼ਹਿਜ਼ਾਦਾ : ਮੈਂ ਨਾ ਖਾਵਾਂ ?

ਮਲਕਾ : (ਮਿੱਠੂ ਵੱਲ ਝਪਟ ਕੇ) ਮਿੱਠੂ ਚੁੱਪ ਕਰਨਾ ਏ ਕਿ ਨਹੀਂ, ਈਡੀਅਟ। (ਪਿਆਰ ਨਾਲ) ਮੈਂ ਆਪ ਆਉਂਨੀ ਆਂ। ਜੋ ਖਵਾਣਾ ਏ ਆਪਣੇ ਸ਼ਹਿਜ਼ਾਦੇ ਨੂੰ ਆਪ ਖਵਾਨੀ ਆਂ। ਚੱਲ ਮੈਂ ਆਈ ਮੇਰੀ ਜਾਨ

(ਚਲਾ ਗਿਆ ਏ, "ਕੀੜੀ ਕਾਢਾ" ਵੀ ਮਗਰੇ ਗਿਆ)

ਮਲਕਾ : ਨਤੀਜਾ ਵੇਖ ਲਿਆ ਜੇ। ਕੀ ਸੋਚਿਆ ਏ ਤੁਸਾਂ ਅਨਾਜ ਨਾਲ ਅਸੀਂ ਜੀਉਂ ਸਕਨੇ ਆਂ ? ਮੈਂ ਤੇ ਨਹੀਂ ਜੀਉਂ ਸਕਦੀ (ਕਰੈਹਤ ਦੀ ਸੈਂਨਤਰ)

ਸ਼ਾਹ : ਜੇ ਸੋਚੋ ਤੇ ਅਸਾਂ ਅਨਾਜ ਨਾਲ ਈ ਜੀਉਂ ਸਕਨੇਂ ਆਂ (ਮਲਕਾ ਉਲਟੀ ਨੂੰ ਜੇਵੇਂ ਮਸਾਂ ਰੋਕਦੀ ਹੋਵੇ ਪਈ)

(ਕੀੜੀ ਕਾਢਾ ਖੇਡ ਏ ਅਯਾਨਿਆਂ ਦੀ ਜੋ ਜ਼ਮੀਨ ਤੇ ਲੀਕਾਂ ਮਾਰ ਕੇ ਖ਼ਾਨੇ ਬਣਾ ਕੇ ਠੀਪਾ ਸੁੱਟ ਕੇ ਖ਼ਾਨਾ ਮੱਲਣਾ ਹੋਂਦਾ ਏ। ਕਦੀਂ ਦੋ ਪੈਰਾਂ ਤੇ ਕਦੀ ਇਕ ਪੈਰ ਤੇ ਟੁਰਕੇ ਖੇਡਣਾ। ਮਤਾਂ ਅਯਾਣੇ ਨਿੱਕੇ ਹੋਂਦਿਆਂ ਤੋਂ ਈ ਇਹ ਖੇਡ-ਖੇਡ ਵਿਚ ਸਿੱਖਦੇ ਹੋਵਣ ਖ਼ਾਨੇ ਮੱਲਣ ਵਾਲੀ ਖੇਡ। ਜੋ ਮੁੜ ਦਰਜੇ ਮੱਲਣ ਦੀ ਖੇਡ ਬਣ ਵੇਂਦੀ ਹੋਏ। ਜੋ ਜਿਤਨੇ ਖ਼ਾਨੇ ਮੱਲ ਲਵੇ ਉਹੀ ਜੇਤੂ ਹੋਇਆ ਤੇ ਜਿੱਤਣ ਲਈ ਖ਼ਾਸ ਟੋਰ ਦੀ ਲੋੜ ਏ ਉਹ ਵੀ ਖੇਡ ਸਿਖਾਉਂਦੀ ਏ। ਸੈਂਨਤਰ ਵੀ ਹੈ ਖੇਡ ਦੇ ਨਾਂ ਵਿਚ ਜੋ ਕੀੜੀ ਦੀ ਖੇਡ ਮੱਲਣ ਤੇ ਜਿੱਤਣ ਨਾਲ ਈ ਕਾਢਾ ਬਣਦਾ ਏ। ਦੂਜੇ ਨੂੰ ਮਾਰਨ ਢਾਵਣ, ਹਰਾਵਣ ਈ ਕਾਢਾ ਹੋਵਣ ਏ। ਮਿੱਠੂ ਮਕੌੜ ਵੀ ਇਹ ਖੇਡ ਨਾਲੋ ਨਾਲ ਪਿਆ ਸਿੱਖਦਾ ਏ, ਆਪਣੇ ਆਉਂਦੇ ਕੱਲ ਲਈ)

ਬਾਦਸ਼ਾਹ ਤੇ ਰਈਅਤ ਦਾ ਖਾਵਣ ਇਕ ਕੇਵੇਂ ਹੋ ਸਕਦਾ ਏ। ਰਈਅਤ, ਰਿਆਇਆ ਤੇ ਉਹ ਹੋਈ ਜੋ ਟੈਕਸ ਭਰਦੀ ਏ ਸਰਕਾਰ ਦਾ, ਦਰਬਾਰ, ਹਕੂਮਤ ਚਲਾਵਣ ਕੀਤੇ। ਰਿਆਇਆ ਦਾ ਕੰਮ ਕਰਨ ਹੋਇਆ ਤੇ ਦਰਬਾਰ ਦਾ ਕੰਮ ਸਾਂਭਣ। ਦਰਬਾਰ ਕੀੜੀਆਂ ਦੀ ਏਸ ਵਾਧੂ ਕਰਨੀ ਸਿਰ ਈ ਚਲਦੇ ਹੋਏ। ਜਦ ਦੋਹਾਂ ਦੇ ਕੰਮ ਵੱਖ ਨੇਂ, ਬੋਲੀ ਵੱਖ ਏ, ਪਹਿਰਾਵੇ ਵੱਖ ਨੇਂ ਤਾਂ ਖਾਵਣ ਇਕ ਕੇਵੇਂ ਹੋ ਵੰਜੇ। ਰਈਅਤ ਦੀ ਸਾਂਭ-ਸੰਭਾਲ ਬਾਦਸ਼ਾਹ ਕਰਨ ਲੱਗੇ ਤਾਂ ਹੁਕਮ ਕੇਵੇਂ ਚਲਾਵੇ ? ਉਹਨਾਂ ਦੀ ਕੀਤੀ ਕੇਵੇਂ ਖਾਵੇ ? ਮਕੌੜ ਤਾਂ ਬਣਿਆ ਈ ਕੀੜੀਆਂ ਖਾ-ਖਾ ਕੇ ਹੈ। ਵਾਧੂ ਖਾਵਣ ਪਾਰੋਂ ਈ ਤਾਂ ਓਸ ਦਾ ਜੁੱਸਾ ਆਫਰਿਆ ਤੇ ਏਸ ਵੱਡੇ ਜੁੱਸੇ ਦਾ ਰੁਅਬ ਪਾ ਕੇ ਮਕੌੜ ਨੇ ਨਿਮਾਣੀ ਕੀੜੀ ਰਈਅਤ ਬਣਾਈ ਤੇ ਆਪ ਸ਼ਾਹ ਬਣ ਬੈਠਾ। ਹੁਣ ਕੀੜੀ ਤੋਂ ਮਕੌੜ ਹੋਵਣ ਦੀ ਵਾਰ ਤਾਂ ਭੁਲ ਬੈਠਾ ਸਾਰਾ ਸ਼ਾਹੀ ਅਡੰਬਰ। ਸ਼ਾਹ ਨੂੰ ਹਿੱਕ ਕੀੜੀ ਨੇ ਮਿਲ ਚੇਤੇ ਕਰਵਾਈ ਏ ਓਸ ਦੀ ਕਰਨੀ, ਤਾਂ ਓਸ ਹੁਣ ਆਪਣੇ ਧਰੋਹ ਤੋਂ ਹੱਥ ਚਾਤਾ ਏ। ਵਜ਼ੀਰ, ਪਾਇੰਦਾ ਮਲਕ ਜਦ ਤਲਾਅ ਵਾਲੇ ਭੌਣ ਦਾ ਰੌਲਾ ਦਸੇਂਦਾ ਏ ਤਾਂ ਸ਼ਾਹ ਆਖਦਾ ਏ ਹਿੱਕ ਦਿਨ ਮਾਸ ਖਾਓ, ਹਿੱਕ ਦਿਨ ਅੰਨ ਤਾਂ ਰੌਲਾ ਮੁੱਕ ਵੇਸੀ।

"ਵਜ਼ੀਰ : ਹਜ਼ੂਰ ਮਕੌੜ ਅਨਾਜ ਕੇਵੇਂ ਖਾ ਸਕਦਾ ਏ। ਜੋ ਕੁਦਰਤ
ਨੇ ਖ਼ੁਰਾਕ ਮਿੱਥ ਦਿੱਤੀ ਏ ਓਹਦੀ, ਓਹੋ ਓਸ ਖਾਣੀ ਏ।
ਸ਼ੇਰ ਨੂੰ ਘਾਹ ਕੇਵੇਂ ਖਵਾਲੇ ਕੋਈ।"

ਆਪਣੇ ਬਣਾਏ ਜੀਵਨ ਤੇ ਆਪਣੇ ਬਣਾਏ ਕ਼ਨੂੰਨ ਕ਼ੁਦਰਤ ਦੇ ਬਣਾ ਵਖਾਵਣ ਈ ਤਾਂ ਸਿਆਣਫ਼ ਹੋਈ ਵਜ਼ੀਰਾਂ ਦੀ। ਏਸੇ ਸਿਆਣਫ਼ ਸਿਰ ਈ ਤਾਂ ਇਹ ਸਾਂਭਣਹਾਰੇ ਬਣੇ।

ਲੜਾਈ ਸਾਰੀ ਖਾਵਣ ਦੀ ਈ ਹੈ। ਸੋ ਸ਼ਾਹ ਓਸ ਲੜਾਈ ਨੂੰ ਮੁਕਾਵਣ ਮੰਗਦਾ ਏ। ਏਸ ਖਾਵਣ ਪਾਰੋਂ ਈ ਕੁੱਲ ਮਖ਼ਲੂਕ਼ ਪਈ ਲੜਦੀ-ਭਿੜਦੀ ਏ। ਕ਼ੁਦਰਤ ਦੇ ਉਸਾਰੇ ਵਿਹਾਰ ਅੰਦਰ ਸਵਾਹਰ ਏ ਹਰ ਜੀਆ-ਜੂਨ ਵਿਚਕਾਰ। ਮਾਰਾ-ਮਾਰੀ ਨਹੀਂ ਤੇ ਅੰਨ ਦੀ ਥੋੜ੍ਹ ਵੀ ਨਹੀਂ। ਖ਼ੁਰਾਕ ਦਾ ਘਾਟਾ ਜੰਮਿਆ ਥੁੜ ਵਿਚੋਂ ਤੇ ਥੁੜ ਜੰਮੀ ਹਵਸ ਵਿਚੋਂ। ਹਵਸ ਪੈਦਾ ਹੋਈ ਬੰਦੇ ਅੰਦਰ ਜਦ ਓਸ ਜਮ੍ਹਾ-ਜੋੜ ਸ਼ੁਰੂ ਕੀਤੀ। ਪਹਿਲੋਂ ਥੋੜ੍ਹਾ ਜੋੜਿਆ ਮੁੜ ਓਸ ਥੋੜ੍ਹੇ ਦੀ ਸਾਂਭ ਪਾਰੋਂ ਹੋਰਾਂ ਨਾਲ ਓਪਰ ਥਈ। ਤੇ ਫੇਰ ਆਪਣਾ ਜਮ੍ਹਾਂ ਕੀਤਾ ਵਧਾਵਣ ਕੀਤੇ ਓਪਰਿਆਂ ਤੇ ਹੱਲਾ ਚਾ ਬੋਲਿਆ। ਏਹੀ ਗੱਲ ਸ਼ਾਹ ਸਮਝਾਉਂਦਾ ਏ, ਵਜ਼ੀਰ ਨੂੰ। ਪਰ ਓਸ ਦੀ ਸਮਝੋਂ ਬਾਹਰ ਏ ਇਹ ਗੱਲ :

"ਸ਼ਾਹ : ਕੀੜੀ ਤੇ ਅੰਨ ਖਾਂਦੀ ਏ। ਜੇ ਮਕੌੜ ਵੀ ਅੰਨ ਖਾਵੇ ਤੇ
ਸਭ ਦੀ ਜੂਨ ਹਿੱਕ ਥਈ ਵੰਜੇ। ਹਿੱਕ-ਦੂਜੇ ਨੂੰ ਖਾਵਣ
ਦੀ ਲੋੜ ਈ ਨਾ ਰਹੇ ਕੇਹੀਂ ਨੂੰ।"

ਵਜ਼ੀਰ ਹੋਰ ਗੱਲ ਸੁਨਣ ਦਾ ਰਵਾਦਾਰ ਈ ਨਹੀਂ ਉਹ ਦਰਬਾਰ ਦੇ ਕੰਮ ਦਾ ਬਹਾਨਾ ਕਰ ਨਿਕਲਦਾ ਏ। ਮਲਕਾ ਤੇ ਵਜ਼ੀਰ ਰਲ ਮਤਾ ਪਕਾਉਂਦੇ ਨੇ ਸ਼ਾਹ ਨੂੰ ਤਖ਼ਤੋਂ ਲਾਹਵਣ ਦਾ। ਤਖ਼ਤ ਵਾਲੇ ਦਾ ਖ਼ਾਸ ਰੁਅਬ ਦਬਦਬਾ ਮੁੱਕ ਜਾਵੇ ਤਾਂ ਤਖ਼ਤ, ਤਖ਼ਤਾ ਈ ਸਮਝੋ। ਸ਼ਾਹ, ਸ਼ਾਹ ਨਾ ਰਹਵੇ ਤਾਂ ਮਲਕਾ, ਵਜ਼ੀਰ ਕਿਥੋਂ ਰਹਿਸਨ ?"

"ਵਜ਼ੀਰ : ਹਕੂਮਤ ਤਖ਼ਤ ਤੇ ਬਹਿਣ ਦਾ ਨਾਂ ਨਹੀਂ। ਰਈਅਤ ਨੂੰ
ਰਈਅਤ ਰੱਖਣ ਦੇ ਇਰਾਦੇ ਦਾ ਨਾਂ ਏ ਮੈਂਡੀ ਮਲਕਾ।
ਜੀਹਦੇ ਕੋਲ ਇਹ ਇਰਾਦਾ ਈ ਨਾ ਹੋਵੇ ਉਹ..... ਉਹ

ਮਲਕਾ : ਕਰ ਕਰ ਗੱਲ ਝੱਕਣ ਦਾ ਨਹੀਂ ਇਹ ਵੇਲਾ ਪਾਇੰਦਾ

ਵਜ਼ੀਰ : ਮੈਂ ਜ਼ਾਤੀ ਗ਼ੁਲਾਮ ਹਾਂ ਮੈਂਡੀ ਮਲਕਾ। ਕੁਝ ਨਾ ਰਹੇ ਜੱਗ
ਤੇ, ਇਕ ਨਜ਼ਰ ਰਹੇ, ਗ਼ਲਾਮ ਤੇ ਜੀ ਸਕਦਾ ਏ। ਮੈਂਡੀ
ਸੂਝ-ਤਜਰਬਾ ਜੋ ਵੀ ਹੈ ਏਸ ਨਜ਼ਰ ਦਾ ਸਦਕ਼ਾ ਏ।
ਤੁਸੀਂ ਮਕੌੜ ਦੀ ਆਨ ਓ। ਏਸ ਵੇਲੇ ਮਕੌੜ ਦੀ ਜਾਨ

ਵੀ ਤੁਹਾਡੇ ਹੱਥ ਏ....ਸ਼ਹਿਜ਼ਾਦਾ ਜਵਾਨ ਏ, ਤਖ਼ਤ ਦਾ ਵਾਰਸ ਏ।"

"ਰਈਅਤ" ਖਾਸ ਲਫ਼ਜ਼ ਏ ਜੋ ਪੁਰਾਣਾ ਟੁਰਦਾ ਆਇਆ ਏ ਜਦ ਦਾ ਟੈਕਸ ਲਾਗੂ ਹੋਇਆ। ਸਾਰੀ ਮਖ਼ਲੂਕ ਰਈਅਤ ਨਹੀਂ, ਰਈਅਤ ਉਹ ਲੋਕਾਈ ਏ ਜੋ ਟੈਕਸ ਦੇਂਦੀ ਏ। ਟੈਕਸ ਦੇਵਣ ਤੋਂ ਨਾਬਰ ਥੀ ਵੰਜੇ ਤਾਂ ਉਹ ਰਈਅਤ ਨਹੀਂ। ਜਿਸ ਆਪਣੀ ਸਿਆਣ ਕਰ ਲਈ ਤੇ ਆਪਣੀ ਕਰਨ ਸਕਤ ਨੂੰ ਆਪਣੀ ਲੋੜ ਮੂਜਬ ਵਰਤਣ ਦਾ ਢੰਗ ਸਿੱਖ ਲਿਆ, ਵਾਧੂ ਕਰਨੀ ਤੋਂ ਨਾਬਰ ਥੀਆ ਉਹ ਰਈਅਤ ਤੋਂ ਬਾਹਰ ਏ। ਉਹ ਮਖ਼ਲੂਕ਼ ਬਣ ਆਪਣੇ ਖ਼ਾਲਕ਼ ਨਾਲ ਜਾ ਜੁੜਿਆ। ਉਹ ਖ਼ਾਲਕ਼ ਜੋ ਸਿਰਜਣਹਾਰ ਏ, ਉਹ ਕੁਲ ਕ਼ੁਦਰਤ ਜੋ ਦਾਨ ਕਰਨਹਾਰ ਏ ਜੋ ਦੂਜੇ ਦੀ ਕੀਤੀ ਖੱਸ ਕੇ ਆਪਣੇ ਪੇਟੇ ਨਹੀਂ ਪਾਉਂਦੀ, ਉਹ ਕ਼ੁਦਰਤ ਜੋ ਆਪਣੀ ਸਿਰਜਣਾ ਪਾਰੋਂ ਹੋਵਣਹਾਰ ਏ।

ਸ਼ਾਹ ਦਾ ਮਹਲ ਰੱਖਣ ਹੁਣ ਖ਼ਤਰਾ ਏ ਸੋ ਓਸ ਨੂੰ ਦਰਗਾਹ ਅਪੜਾਇਆ ਜਾਂਵਦਾ ਏ। ਦਰਗਾਹਵਾਂ ਤੇ ਦਰਬਾਰਾਂ ਦਾ ਗੁੱਝਾ ਜੋੜ ਖੋਲ ਵਖਾਲਿਆ ਏ ਏਸ ਖਯਾਲ ਨੇ। ਦਰਬਾਰਾਂ ਦੀਆਂ ਸਖ਼ਤੀਆਂ ਦਾ ਉਪਾਅ ਲੱਭਣ ਭੋਲੀ ਲੋਕਾਈ ਦਰਗਾਹਵਾਂ ਤੇ ਢੁੱਕਦੀ ਏ, ਅਨਜਾਣੂ ਏ ਜੋ ਦਰਗਾਹਵਾਂ ਵੀ ਏਸ ਚਾਲੂ ਵਿਹਾਰ ਦਾ ਅੰਗ ਹਨ। ਦਰਗਾਹਵਾਂ ਵਾਲੇ ਆਪ ਨਹੀਂ ਅਲੇਂਦੇ ਉਹ ਉਹੀ ਸ਼ਾਹੀ ਫ਼ੁਰਮਾਨ ਰੱਬੀ ਹੁਕਮ ਕਰ ਵਰਤਾਉਂਦੇ ਨੇਂ, ਜੋ ਦਰਬਾਰ ਧੌਂਸ ਨਾਲ ਨਾ ਮੰਨਵਾ ਸਕਿਆ, ਦਰਗਾਹ ਵਸਾਹ ਕੇ ਮੰਨਵਾ ਲੈਂਦੀ ਏ। ਟੀਚਾ ਤਾਂ ਇਕੋ ਹੈ ਦੋਵਾਂ ਦਾ, ਕਰਨੀ ਦਾ ਖੱਸਣ, ਦਰਬਾਰ ਧਰੋ-ਧੱਕਾ ਕਰਕੇ ਉਗਰਾਹੰਵਦੇ ਨੇਂ ਤੇ ਦਰਗਾਹੇ ਚੜ੍ਹਾਵਾ ਬਣ ਚੜਦਾ ਏ ਓਹੀ ਨਿਮਾਣਿਆਂ ਦਾ ਕੀਤਾ। ਦਰਗਾਹ ਦਾ ਸਜਾਦਾਹ-ਨਸ਼ੀਨ ਮੀਆਂ-ਮਾਸ਼ੂਕ਼ ਤੰਗ ਹੋਇਆ ਪਿਆ ਏ ਸ਼ਾਹ ਦੇ ਅੰਨ ਖਾਵਣ ਤੋਂ ਤੇ ਓਸ ਨੂੰ ਹਰਾਮ ਜਾਣਦਾ ਏ। ਧਰਮ ਰੀਤ ਵਿਚ ਅੰਨ ਕਹਾਣੀ ਈ ਹੈ, ਜਿਸ ਬਹਿਸ਼ਤੋਂ ਕਢਵਾਇਆ ਬੰਦੇ ਨੂੰ। ਬੰਦੇ ਜ਼ਮੀਨ ਤੇ ਬਹਿਸ਼ਤ ਉਸਾਰੀ ਤੇ ਅੰਨ ਖਾਵਣ ਦੀ ਮਨਾਹੀ ਮੁੜ ਕੀਤੀ, ਹੁਣ ਸ਼ਾਹ ਮੁੜ ਬਹਿਸ਼ਤ ਉਲਟਾਵਣ ਲੱਗਾ ਏ ਅੰਨ ਖਾ ਕੇ। ਦਰਗਾਹ ਵਾਲੇ ਦੀ ਸੋਚ ਤੇ ਲਫ਼ਜ਼ਾਈ ਵੇਖੋ ਜੋ ਉਹ ਦਰਬਾਰੀ ਨੂਰ ਮਕੌੜ ਨਾਲ ਗੱਲ ਕਰੇਂਦਾ ਏ, ਸ਼ਾਹ ਬਾਰੇ :

"ਮੀਆ : ਜਾਣੇ ਮੈਂ ਕੀੜੀ ਦੀ ਬਈਅਤ ਆਂ ਹਿੱਕ ਬਖ਼ਤਾਂ ਵਾਲੀ ਦੀ। ਹੁਣ ਆਪ ਤੂੰ ਦੱਸੇਂ ਨਾ ਚੌਧਰੀ। ਜੇ ਦਰਗਾਹ ਵਾਲਾ ਈ ਕੀੜੀ ਦੀ ਬਈਅਤ ਹੋ ਵੰਜੇ ਤਾਂ ਅਸਾਂ ਦਰਗਾਹ ਵਿਚ ਕੀਹ ਕਰੇਨੇਂ ਹਾਂ ਬੈਠੇ ਵਿਚੋਲੇ। ਕੋਠੀਖ਼ਾਨਾ ਨਾ ਖੋਲੀਏ ਇਥਾਂ।

ਨੂਰ : ਕੌਣ ਏ ਕੀੜੀ ਉਹ ?

ਮੀਆ : ਤੂੰ ਪੁੱਛ ਨਾ ਭਾਈ ਵੰਜ ਤੇ। ਅਸਾਂ ਤੇ ਹਿੱਕਾਂ ਕੰਮ ਜਾਨਣੇ ਆਂ ਕੀੜੀ ਦਾ। ਕੀੜੀ ਖਾਜਾ ਏ ਢਿੱਡ ਦਾ ਯਾਂ ਲਿੰਗ ਦਾ। ਮੁੱਢੋਂ ਐਵੇਂ ਲੱਗੀ ਆਈ ਏ। ਕੁਦਰਤ ਦਾ ਦਸਤੂਰ ਏ। ਕੋਈ ਮੈਂ ਤੂੰ ਤੇ ਨਹੀਂ ਨਾ ਘੜੀ ਇਹ ਗੱਲ। ਜਿਹੜਾ ਕੀੜੀ ਦੀ ਬਈਅਤ ਏ ਉਹ ਵੰਜ ਕਿਤੇ ਭੌਣ ਤੇ ਉੜ ਬਹਵੇ ਚਾ। ਓਥੇ ਖਾਵੇ ਖੇਹ ਜਿਹੜੀ ਖਾਣੀਸ। ਸਾਨੂੰ ਤੇ ਗੰਦਿਆਂ ਨਾ ਕਰੇ ਨਾ। ਸਾਫ਼ ਜਿਹੜੀ ਗੱਲ ਈ ਚੌਧਰੀ ਸਾਹਬਾ। ਕ਼ਿਲ੍ਹਾ ਦਰਬਾਰ ਮੰਨਿਆ ਹੱਥ ਪੈਰ ਨੇਂ ਹਕੂਮਤ ਦੇ ਪਰ ਅੱਖਾਂ, ਕੰਨ ਤੇ ਜੀਭ ਦਰਗਾਹ ਈ ਏ। ਜੇ ਅਸਾਂ ਨਾ ਰਹੇ ਤੇ ਰਹਸੋ ਤੁਸਾਂ ਵੀ ਕੋਈ ਨਾ।”

ਦਰਗਾਹ ਉਂਜ ਹੈ ਤਾਂ ਕੋਠੀਖ਼ਾਨਾ ਈ ਸ਼ੌਕਾ ਮਕੌੜ ਆਪਣੇ ਰੋਹ ਵਿਚ ਓਹਲਾ ਲਾਹ ਗਿਆ ਏ। ਜੇਵੇਂ ਸ਼ੇਰ ਦੇ ਮਾਸ ਖਾਵਣ ਨੂੰ ਵਜ਼ੀਰ, ਕ਼ੁਦਰਤ ਦਾ ਕੰਮ ਬਣਾ ਵਰਤਾਇਆ, ਤੇਵੇਂ ਸ਼ੌਕੇ ਨੇ ਕੀੜੀ ਨੂੰ ਵਰਤਣ ਵਾਲੀ ਵਸਤ ਬਣਾ ਦਸਾਇਆ ਏ। ਜਣੇ ਢਿੱਡ ਭਰਨਾ ਏ ਯਾਂ ਭੋਗਣਾ ਏ ਕੀੜੀ ਨੂੰ। ਕੀੜੀ ਦੇ ਬਸ ਏਹਾ ਦੋ ਈ ਕੰਮ ਨੇਂ ਮੁੱਢੋਂ। ਖ਼ਬਰੇ ਕਿਉਂ ਮਕੌੜ ਭੁੱਲ ਜਾਂਦੇ ਨੇਂ ਜੋ ਕੀੜੀ ਦੇ ਜੰਮੇ ਈ ਨੇਂ ਤੇ ਕੀੜੀ ਖਾ ਹੰਡਾਅ ਕੇ ਮਕੌੜ ਬਣੇ ਨੇਂ। ਐਵੇਂ ਝੌਲਾ ਜੇਹਾ ਪੈਂਦਾ ਏ ਜੋ ਕੀੜੀ ਦੇ ਓਹਲੇ ਕੱਥ ਨਾਰ ਪ੍ਰਧਾਨ ਵਾਰੇ ਦੀ ਹੈ। ਨਰ ਵਿਹਾਰ ਏਸ ਉਪਜ ਸੋਮੇ ਨੂੰ ਦਬਾਵਣ ਕੀਤੇ ਆਪਣੇ ਹੇਠ ਲਾਵਣ ਕੀਤੇ ਨਿੰਦਿਆ ਰੱਦਿਆ ਹੈ। ਜਿਸ ਤੋਂ ਸ਼ਾਹੀ ਖੱਸੀ ਹੋਵੇ ਓਸ ਦੀ ਵਿਹਰ ਦਾ ਡਰ ਤਾਂ ਹਮੇਸ਼ ਅੰਦਰ ਰਹਿੰਦਾ ਹੋਇਆ। ਕੀੜੀ ਨਿਸ਼ਾਨ ਹੈ ਸਾਰੀ ਮਾੜੀ ਨਿਮਾਣੀ ਕੰਮੀਂ ਮਖ਼ਲੂਕ਼ ਦਾ। ਓਸ ਕਰਨਹਾਰ ਲੋਕਾਈ ਦਾ ਜਿਸ ਦੀ ਕਰਨੀ ਸਿਰ, ਮੱਲ ਵਿਹਾਰ ਖਲੋਤਾ ਏ ਦਰਬਾਰ ਤੇ ਦਰਗਾਹ ਬਣ ਕੇ। ਓਸ ਨੂੰ ਵਰਤ ਭੋਗ ਕੇ ਓਸ ਦੀ ਕਰਨੀ ਖੱਸ ਕੇ ਮੁੜ ਪਲੀਤ ਤੇ ਨਖਿੱਦ ਕਰ ਰਦੇਂਦਾ ਵੀ ਏ। ਸ਼ਾਹ ਨੂੰ ਕਿਸੇ ਹਿੱਕ ਪਲ ਦੀ ਆਜ਼ਾਦੀ ਜੀਵਨ ਦੀ ਅਸਲ ਸ਼ਕਲ ਵਖਾਈ ਏ ਹੁਣ ਉਹ ਪਰਤ ਨਹੀਂ ਸਕਦਾ ਮੌਤ ਦੇ ਮੂੰਹ ਵਿਚ। ਚੌਧਰੀ ਨੂਰ, ਸ਼ਾਹ ਨੂੰ ਮਿਲ ਕੇ ਪੁੱਛਦਾ ਏ ਕਿ ਇਹ ਸਭ ਬਦਲਾਅ ਸ਼ਾਹ ਅੰਦਰ ਆਇਆ ਕੇਵੇਂ ? ਸ਼ਾਹ ਜੋ ਰਈਅਤ ਲਈ ਹੱਦਾਂ ਬਣਾਈ ਬੈਠਾ ਸੀ ਆਪਣੇ ਬੰਦੀਵਾਨ ਜੀਵਨ ਤੋਂ ਅਨਜਾਣੂ ਸੀ। ਜੇਵੇਂ ਈ ਉਹ ਸ਼ਾਹੀ ਜੱਥੇ ਤੋਂ ਵੱਖ ਹੋਇਆ ਸ਼ਿਕਾਰ ਦੀ ਮਾਰ ਵਿਚ, ਸ਼ਾਹੀ ਹੱਦੋਂ ਨਿਕਲਦਿਆਂ ਈ ਓਸ ਨੂੰ ਆਪਣਾ-ਆਪ ਦਿਸ ਪਿਆ। ਆਪਣੀ ਬੇਵਸੀ, ਆਪਣੀ ਭੁੱਖ, ਆਪਣਾ ਅਕੱਲਪ ਜੋ ਸ਼ਾਹੀ ਹੇਠ ਦਬੀਜਾ ਹਾ। ਬਾਦਸ਼ਾਹੀ ਉਤਾਂਹ ਜਾਵਣ ਦਾ ਨਾਂ ਹੋਇਆ, ਹੇਠ ਤਾਂ ਕੀੜੀਆਂ ਹੋਈਆਂ, ਮਾੜੀ ਮਖ਼ਲੂਕ਼। ਸ਼ਾਹਵਾਂ ਦੇ ਪੈਰ ਤਾਂ ਸਦਾ ਇਹਨਾਂ ਦਿਆਂ ਸਿਰਾਂ ਤੇ ਹੋਂਦੇ ਨੇਂ। ਧਰਤੀ

ਪੈਰ ਲੱਗਣ ਤਾਂ ਆਪਣਾ ਆਪ ਸਿਆਨਣ। ਸ਼ਾਹ ਆਪਣੀ ਵਾਪਰੀ ਨੂਰ ਨਾਲ ਸਾਂਝੀ ਕਰੇਂਦਾ ਏ :

"ਸ਼ਾਹ : (ਹੱਸ ਕੇ) ਤੈਂਡਾ ਇਲਮ ਤੈਂਡੇ ਕੰਮ ਆਇਆ। ਮੈਂ ਤੇ ਗ਼ੁੱਸੇ ਵਿਚ ਗਿਆ ਹਮ-ਸਿਖਲਾਈਕਾਰਾਂ ਦੀ ਨਾ ਅਹਿਲੀ ਤੇ। ਗ਼ੁੱਸੇ ਮੈਂਡੀ ਨਜ਼ਰ ਵੀ ਬੰਦ ਕਰ ਦਿੱਤੀ ਆਹੀ। ਉਹ ਸ਼ਿਕਾਰ ਵੀ ਕਿਧਰੇ ਨਾ ਲੱਭਾ ਤੇ ਮੈਂ ਗ਼ੁੱਸੇ ਦੀ ਭਾਜ ਭਜੀਂਦਾ ਤਰੁਟ ਗੇਮ। ਪਹਿਲੀ ਵਾਰ ਮੈਨੂੰ ਪਤਾ ਲੱਗਾ ਥੱਕਣ ਕੀ ਹੋਂਦਾ ਏ। ਤੇ ਭੁੱਖ, ਭੁੱਖ ਜੇਹੜੀ ਲੋਕ ਕਰੇਂਦਾ ਵਦਾ ਏ ਉਹ ਹੈ ਕੀ। ਜੀ ਤੇ ਕਰੇ ਮੈਂਡਾ ਘਾਹ ਨੂੰ ਈ ਮੂੰਹ ਮਾਰਾਂ ਚਾ ਪਰ ਅੰਦਰੋਂ ਕੋਈ ਹੱਥ ਡੱਕੇ ਮੈਨੂੰ। ਘਾਹ ਵੱਲ ਮੂੰਹ ਕਰਾਂ ਉੱਬਤ ਜੇਹਾ ਆਵੇ, ਹੱਡ-ਗੋਡੇ ਜੁੜ ਗਏ। ਅੱਖਾਂ ਅੱਗੇ ਹਨੇਰਾ। ਪਹਿਲੀ ਵਾਰ ਮੈਂ ਮੌਤ ਦੀ ਛਾਂ ਛੋਹੀ।"

ਮਹਲਾਂ ਵਾਲੇ ਕੀ ਜਾਨਣ ਭੁੱਖ ਹੋਂਦੀ ਕੀ ਏ ? ਜੇਹਨਾਂ ਨੂੰ ਹਰ ਵੇਲੇ ਵੰਨ-ਸੁਵੰਨਾ ਖਾਵਣ ਢੈਂਦਾ ਹੋਵੇ, ਭੁੱਖ ਤੋਂ ਪਹਿਲੋਂ ਈ ਵੇਲੇ ਸਿਰ ਅੱਗੇ ਮੇਜ਼ਾਂ ਸੱਜੀਆਂ ਹੋਵਣ, ਉਹ ਭੁੱਖ ਕੀ ਜਾਨਣ। ਜੇਹਨਾਂ ਕਦੀ ਕਰ-ਪੈਰਾਂ ਨਾਲ ਹਲ ਨਾ ਵਾਹਿਆ, ਖੂਹ ਨਾ ਗੇੜਿਆ, ਕੋਹਲੂ ਨਾ ਪੀੜਿਆ, ਪੰਡਾਂ ਨਾ ਢੋਈਆਂ, ਰੋੜੀਆਂ ਨਾ ਕੁੱਟੀਆਂ, ਕੀ ਜਾਨਣ ਥਕੇਵਾਂ ਕੀ ਹੋਂਦਾ ਏ। ਮਾਸ ਤਾਂ ਸੁਖਾਲੇ ਖਾਂਦੇ ਹੋਏ, ਭੁੱਖ ਦੇ ਮਾਰਿਆਂ, ਮਿਹਨਤ ਦੇ ਹੁੱਟਿਆਂ ਨੂੰ ਜੋ ਲੱਭ ਜਾਵੇ ਖਾ ਕੇ ਸਬਰ-ਸ਼ੁਕਰ ਕਰਦੇ ਨੇਂ। ਸ਼ਾਹ ਨੇ ਇਹ ਪਹਿਲੀ ਵਾਰ ਭੋਗਿਆ, ਭੁੱਖ ਵੀ ਤੇ ਥਕੇਵਾਂ ਵੀ। ਏਸ ਨੇ ਸਮਝ ਦਿੱਤੀ ਹੈਨ ਮੇਲ ਦੇ ਦੁੱਖਾਂ ਦੀ। ਹਿੱਕ ਕੀੜੀ ਲੱਭੀ ਤਾਂ ਓਸ ਨੂੰ ਆਪਣੇ ਮਰਨ ਤੋਂ ਬਹੁਤਾ ਆਪਣੇ ਕੰਮ ਦੀ ਚਿੰਤਾ ਸੀ। ਸ਼ਾਹ ਹੈਰਾਨ, ਜੋ ਮੌਤ ਦੇ ਮੂੰਹੋਂ ਨਿਕਲੀ ਮੁੜ ਪਰਤ ਆਈ ਏ ਪਰ ਕੀੜੀ ਲਈ ਆਪਣੇ ਤੇ ਹੋਰ ਕੀੜੀਆਂ ਵਿਚ ਨਖੇੜ ਹੋਂਦੀ ਤਾਂ ਨਾ ਪਰਤਦੀ। ਮੌਤ ਦਾ ਓਸ ਨੂੰ ਡਰ ਈ ਕੋਈ ਨਹੀਂ ਇਹ ਵੀ ਅੱਤ ਅਚੰਭਾ ਸੀ ਸ਼ਾਹ ਲਈ :

"ਸ਼ਾਹ : (ਆਪ ਨਾਲ) ਇਤਨੀ ਉਮਰ ਥਈ ਏ। ਏਹ ਅੱਜ ਪਹਿਲੀ ਵਾਰ ਏ। ਸ਼ਿਕਾਰ ਅਜੇਹੇ ਵੇਲੇ ਸਹਿਮ ਨਾਲ ਈ ਅੱਧ ਮੋਇਆ ਥੀ ਵੇਂਦਾ ਏ। ਆਪ ਈ ਮੂੰਹ ਵਿਚ ਆ ਢੈਂਦਾ ਏ। ਜੇਵੇਂ ਕੰਮ ਹੋਵੇਸ, ਫਰਜ਼ ਹੋਵੇਸ ਇਹ ਅੱਜ ਪਹਿਲੀ ਵਾਰ ਏ ਮੈਂ ਕੀੜੀ ਗੱਲ ਕਰੇਂਦੀ ਡਿੱਠੀ ਏ ਐਡੀ ਭੀੜ ਬਣੀ ਵਿਚ, ਏਡੇ ਸਹਿਜ ਨਾਲ। ਢਿੱਡ ਮੈਂਡੇ ਤੋਂ

ਭੁੱਖ ਦਾ ਪੰਜਾ ਢਿੱਲਾ ਥੀ ਗਿਆ ਏ ਕੁਝ। ਇਹ ਵੀ ਅਜਬ ਏ। ਅੱਗੇ ਵੀ ਮਤੇ ਬੋਲਦੀਆਂ ਈ ਹੋਵਣ ਕੀੜੀਆਂ ਪਰ ਸਾਡਾ ਸੁਨਣ ਸੁਨਾਵਣ ਹੋਰ ਹੋਵੇ (ਕੀੜੀ ਵਗ ਤਗ ਪਰਤ ਆਈ ਏ)"

ਸ਼ਾਹੀ ਮਹੱਲ, ਤਖ਼ਤ, ਹਕੂਮਤ ਇਤਨੀ ਨਿਮਾਣੀ ਵਾਜ ਕਦ ਸੁਨਣ ਦੇਂਦੇ ਨੇਂ, ਨਕਾਰਿਆਂ ਦੀਆ ਵਾਜਾਂ ਤੇ ਆਪਣੀ ਸ਼ੁਹਰਤ ਦੇ ਢੋਲ ਸੁਨਣ ਗਿੱਝੇ ਕੰਨ ਆਪਣੀ ਵਡਿਆਈ ਤੋਂ ਅੱਡ ਹੋਰ ਕੁਝ ਸੁਨਣਾ ਈ ਨਹੀਂ ਚਾਹੰਵਦੇ। ਜਿਸ ਪਲ ਇਹਨਾਂ ਦੀ ਚਰਚਾ ਨਾ ਹੋਵੇ ਸਮਝੋ ਇਹ ਮੋਏ। ਸ਼ਾਹ ਲਈ ਅਚਰਜ ਏ ਮੌਤ, ਕੀੜੀ ਲਈ ਨਹੀਂ ਮੌਤ ਹਕੱਲੇ ਨੂੰ ਏ ਸਾਂਝੇ ਨੂੰ ਨਹੀਂ। ਐਵੇਂ ਤਾਂ ਬੁੱਲ੍ਹਾ ਨਹੀਂ ਆਖਦਾ "ਅਸਾਂ ਮਰਨਾ ਨਾਹੀਂ ਗੋਰ ਪਿਆ ਕੋਈ ਹੋਰ" ਕੀੜੀ ਲਈ ਆਪਣਾ ਮਰਨ ਯਾਂ ਆਪਣੇ ਵਰਗੀ ਕਿਸੇ ਬਈ ਦਾ ਮਰਨ ਇਕੋ ਗੱਲ ਏ, ਸੋ ਉਹ ਆਪਣੀ ਜਾਨ ਆਪਣੇ ਵਰਗੀਆਂ ਤੋਂ ਵਾਰਨ ਕੀਤੇ ਪਰਤ ਆਈ ਏ। ਜਾਨ ਬਚਾਵਣ ਨਾਲ ਤਾਂ ਨਹੀਂ ਬਚਦੀ ਇਹ ਤਾਂ ਕੁਰਬਾਨ ਹੋਵਣ ਨਾਲ ਬਚਦੀ ਏ। ਸ਼ਾਹ ਲਈ ਓਪਰੀਆ ਨੇਂ ਇਹ ਗੱਲਾਂ ਉਹ ਨਹੀਂ ਮਨੀਂਦਾ ਏਸ ਮੌਤ ਨੂੰ ਜੋ ਕੀੜੀ ਦਸਾਉਂਦੀ ਏ :

"ਕੀੜੀ : ਨਹੀਂ, ਮੌਤ ਓਵੇਂ ਹੈ ਜੇਵੇਂ ਕੋਈ ਜੀਵੇ। ਤੁਸਾਂ ਮਕੌੜ ਤੇ ਆਪੋ-ਆਪਣੀ ਭੁੱਖ ਲਈ ਜੀਊਂਦੇ ਓ। ਆਪੋ-ਆਪਣੀ ਭੁੱਖ ਦੇ ਬੱਧੇ, ਹਕੱਲੇ ਆਪੋ-ਆਪਣੀ ਮੌਤ ਦੀ ਪੇਸ਼ੀ ਭੋਗੇਂਦੇ ਓ। ਵੱਖੋ-ਵੱਖਰੀ ਕ਼ਬਰੇ ਪੋਂਦੇ ਓ।"

ਮੌਤ ਦੀ ਸਮਝ ਲੱਗੀ ਕੁਝ ਸ਼ਾਹ ਨੂੰ, ਪਰ ਭੁੱਖ ਦੀ ਨਹੀਂ ਲੱਗੀ ਅਜੇ। ਕੀੜੀ ਓਸ ਲਈ ਆਪਣੇ ਭੰਡਾਰ ਵਿਚੋਂ ਅੰਨ ਲਿਆਈ। ਰਜ਼ਮ-ਰਜ਼ਮ ਜੁੜ ਬਣਿਆਂ ਭੰਡਾਰ ਸਭ ਦੀ ਲੋੜ ਥੋੜ੍ਹ ਪੂਰੀ ਕਰਦਾ ਏ। ਇਹ ਕੀ ਜੀਵਨ ਏ ਸ਼ਾਹ ਦੀ ਸਮਝੋਂ ਬਾਹਰ ਏ ਪਰ ਕੀੜੀ ਦੀਆਂ ਗੱਲਾਂ ਨਾਲ ਪਲੋ-ਪਲ ਪਿਆ ਬਦਲਦਾ ਏ। ਆਜ਼ਾਦ ਸਾਹ ਪਾਰੋਂ ਸੋਚ ਪਈ ਨਵੀਂ ਥੀਂਦੀ ਏ। ਆਪਣੇ ਬਣਾਏ ਕ਼ਨੂੰਨਾਂ ਦੀ ਸਮਝ ਮੁੜ ਪਈ ਬਣਦੀ ਏ।

"ਜੀਹਨੂੰ ਕਾਨੂੰਨ ਆਂਹਦਾ ਹੈਂ ਉਹ ਜੀਵਨ ਦਾ ਰੰਗ ਈ ਤਾਂ ਹੋਇਆ। ਮਕੌੜ ਕ਼ਾਨੂੰਨ, ਮਕੌੜ ਦਾ ਜੀਵਨ, ਕੀੜੀ ਕ਼ਾਨੂੰਨ, ਕੀੜੀ ਦਾ ਜੀਵਨ ਯਾਂ ਇੰਜ ਆਖ ਲਈਏ ਮਕੌੜ ਜੀਵਨ ਮਕੌੜ ਕ਼ਾਨੂੰਨ, ਕੀੜੀ ਜੀਵਨ, ਕੀੜੀ ਕ਼ਾਨੂੰਨ। ਆਪਣੇ ਜੀਵਨ ਰੰਗ ਤੋਂ ਬਾਹਰ ਆਇਓਂ, ਮਕੌੜਸ਼ਾਹੀ ਦਾ ਭਰਮ-ਭੁਲਾਵਾ ਪਿੱਛੇ ਰਹਿ ਗਿਆ। ਆਮ ਜਨਾਵਰ ਵਾਲਾ ਥਕੇਵਾਂ, ਭੁੱਖ ਆਮ ਜਨਾਵਰ ਵਾਲੀ ਪਹਿਲੀ ਵਾਰ ਤੈਂ ਭੋਗੀ।"

"ਸ਼ਾਹ : ਤੈਨੂੰ ਕੇਵੇਂ ਖ਼ਬਰ ਏ ਸਾਰੀ। ਉਹ ਤੂੰ ਈ ਆਹੀਓਂ ਜੀਹਦੇ ਮਗਰ ਮੈਂ ਧਾਈਮ ਹੱਦ ਤਰੋੜ ਕੇ?"

"ਕੀੜੀ : ਮੈਂ ਨਾ ਹੋਈ ਮੈਂਡੇ ਵਰਗੀ ਹੋਰ ਹੋਈ। ਸਾਨੂੰ ਸਾਰੀਆਂ ਨੂੰ ਹਿੱਕ ਬਈ ਦੀ ਸਾਰ ਏ, ਵੱਖੋ-ਵੱਖ ਅਸਾਂ ਹਾਂ ਤੇ ਹਿਕ ਵੀ।"

"ਸ਼ਾਹ : ਮੈਂ ਵੀ ਤੁਹਾਡੇ ਵਿਚੋਂ ਹਾਂ ਕਿ ਕੋਈ ਨਹੀਂ। ਮਕੌੜ ਮੈਂ ਹਾਂ ਕਿ ਕੋਈ ਨਾ। ਕੌਣ ਹਾਂ ਮੈਂ।"

"ਕੀੜੀ : ਜਨਾਵਰ ਜੂਨ ਹੈਂ ਜੇਵੇਂ ਸਾਰੀਆਂ ਹਾਂ। ਮਕੌੜ ਕੋਈ ਜੂਨ ਨਹੀਂ ਵੱਖਰੀ, ਭਰਮ ਹੈ। ਕੀੜੀ ਖਾਵਣ ਕੀਤੇ ਜੋੜ ਬਣਾਇਆ। ਸਦੀਆਂ ਪੁਰਾਣਾ ਭਰਮ ਹੈ ਇਹ ਪਰ ਹਿਕ ਪਲ ਲੱਗਦਾ ਏ ਤਰੁੱਟਣ ਵਿਚ ਏਹਨੂੰ। ਆਪ ਜੇਵੇਂ ਤੂੰ ਡਿੱਠਾ ਏ, ਕਰ ਡਿੱਠਾ ਏ।"

ਕੀੜੀ ਨੇ ਜੀਵਨ ਦੀ ਮੁੱਢਲੀ ਪੁੱਛ ਲਿਆ ਰੱਖੀ ਏ, ਸ਼ਾਹ ਅੱਗੇ। ਸ਼ਾਹ ਨੂੰ ਆਪਣੀ ਮੈਂ-ਸ਼ਾਹੀ ਵਿਚੋਂ ਕਦੀਂ ਵਿਹਲ ਈ ਨਾ ਲੱਭੀ ਏਸ ਪੁੱਛ ਨੂੰ ਵਿਚਾਰਨ ਦੀ। ਜੇ ਇਹ ਮੋਹਰਲੇ ਸਵਾਲ ਹਰ ਵੇਲੇ ਚੇਤੇ ਵਿਚ ਹਾਜ਼ਰ ਹੋਵਣ ਕਿ ਮੈਂ ਕੌਣ ਹਾਂ, ਏਸ ਕੁੱਲ ਕ਼ਾਇਨਾਤ ਤੇ ਏਸ ਵਿਚ ਵਸੇਂਦੀ ਮਖ਼ਲੂਕ਼ ਨਾਲ ਕੀ ਸੰਬੰਧ ਏ ਮੇਰਾ, ਏਸ ਜੀਵਨ ਦਾ ਕੰਮ ਕੀ ਏ? ਤਾਂ ਸ਼ਾਹੀ ਨਹੀਂ ਹੋ ਸਕਦੀ। ਸ਼ਾਹੀ ਤਾਂ ਕੰਮ ਈ ਲੁੱਟ-ਮਾਰ ਦਾ ਹੋਇਆ, ਵਿਜੋਗ ਦਾ, ਓਪਰ ਦਾ। ਆਪਣੀਆਂ ਬਣਾਈਆਂ ਹੱਦਾਂ ਤੇ ਕ਼ਾਨੂੰਨਾਂ ਵਿਚ ਲੋਕਾਈ ਨੂੰ ਈ ਨਹੀਂ ਡਕੀਂਦਾ ਨਿਰਾ ਇਹ, ਮੈਂ ਦਾ ਭਰਮ-ਭੁਲਾਵਾ ਕ਼ਾਨੂੰਨ ਬਨਾਵਣ-ਚਲਾਵਣ ਵਾਲੇ ਨੂੰ ਵੀ ਬੰਦੀਵਾਨ ਬਣਾ ਦੇਂਦਾ ਏ। ਓਸ ਤੋਂ ਸਮਝਣ-ਸੋਚਣ ਦੀ ਸਕਤ ਖੱਸ ਲੈਂਦਾ ਏ। ਫੇਰ ਬੱਸ ਏਹੋ ਚੇਤੇ ਹੋਂਦਾ ਏ ਜੋ ਆਪਣਾ ਖ਼ਜ਼ਾਨਾ ਭਰਨਾ ਏ, ਆਪਣਾ ਵਖਰਪ ਕਾਇਮ ਰੱਖਣਾ ਏ ਉਹ ਧਨ ਦੇ ਜ਼ੋਰ ਤੇ ਹੋਏ ਯਾਂ ਤਾਕ਼ਤ ਦੇ। ਇਕੋ ਜੂਨ ਹੋਂਦਿਆਂ ਵੀ ਵਖਰੇਵਾਂ ਸ਼ਾਹ ਤੇ ਰਈਅਤ, ਮਾਲਕ ਤੇ ਗ਼ੁਲਾਮ ਦੀ ਵੰਡ ਕਰਕੇ ਈ ਮੇਲ-ਬੰਦ ਵਿਹਾਰ ਉਸਾਰਦਾ ਏ। ਫੇਰ ਏਸ ਮੇਲ ਬੰਦ ਵਿਹਾਰ ਨੂੰ ਚਲਾਵਣ ਕੀਤੇ ਹਾਕਮ ਆਪਣੇ ਬਣਾਏ ਕ਼ਾਨੂੰਨ, ਕ਼ੁਦਰਤ ਦੇ ਕ਼ਾਨੂੰਨ ਬਣਾ ਵਰਤਾਉਂਦਾ ਹੈ। ਹਵਸ ਦੀ ਭੁੱਖ ਇਤਨੀ ਵਧਦੀ ਏ ਜੋ ਕਦੀਂ ਪੂਰੀ ਨਹੀਂ ਹੋਂਦੀ ਤੇ ਏਸ ਭੁੱਖ ਪਿੱਛੇ ਕਮਲਾ ਹੋ ਕੇ ਆਪਣੇ ਵਰਗਿਆਂ ਨੂੰ ਮਾਰਨ-ਦਬੱਲਣ ਆਪਣੀ ਹਕੂਮਤ ਖਲਾਰਨ-ਪਸਾਰਨ, ਧਾਵੇ ਕਰਨ ਤੇ ਮਾਲਕੀ ਵਧਾਵਣ ਈ ਕੰਮ ਜਾਪਦਾ ਏ ਆਪਣਾ। ਕੀੜੀਆਂ ਕੇਵੇਂ ਰਲ ਵਸੇਂਦੀਆ ਨੇਂ ਪਈਆਂ ਇਕੋ ਭੌਣ ਵਿਚ, ਸਾਰੀਆਂ ਅੰਨ ਕੱਠਾ ਕਰੇਂਦੀਆਂ ਨੇਂ, ਸਾਰੀਆਂ ਰਲ ਕੇ ਰਿਜ਼ਕ ਸਾਂਝਾ ਕਰਦੀਆਂ ਨੇਂ। ਵੱਖ ਨਾਵਾਂ, ਵੱਖ ਸ਼ਕਲਾਂ, ਵੱਖ ਥਾਵਾਂ ਦੀ ਵੰਡੋਂ ਆਜ਼ਾਦ ਨੇਂ। ਕੀੜੀ ਦਾ ਜੀਵਨ ਸ਼ਾਹੀ ਜੀਵਨ ਦਾ ਉਲਟਾਅ ਹੋਇਆ। ਸ਼ਾਹ ਨੂੰ ਆਪਣੀ

ਸਿਆਣ ਹੋਈ, ਸ਼ਾਹੀ ਹੱਦੋਂ ਬਾਹਰ ਥੀ ਕੇ, ਭੁੱਖ ਤੇ ਥਕੇਵਾਂ ਝਾਗ ਕੇ। ਇਹ ਸਿਆਣ ਜੋ ਆਪਣੀ ਹਸਤੀ ਦੀ ਪਛਾਣ ਕਰਾਵੇ, ਆਪਣੇ ਜੀਵਨ ਕੰਮ ਨਾਲ ਜੋੜੇ, ਕੁੱਲ ਮਖ਼ਲੂਕ ਨਾਲ ਸੰਜੋਗ-ਸਬੰਧ ਬਣਾਵੇ, ਇਹ ਮੱਲ-ਵਿਹਾਰ ਨੂੰ ਵਾਰੇ ਨਹੀਂ। ਸ਼ਾਹ ਆਪਣੀ ਸ਼ਾਹੀ ਅੰਦਰ ਪਰਤ ਤਾਂ ਆਇਆ ਪਰ ਹੁਣ ਉਹ ਸ਼ਾਹ ਨਹੀਂ ਫ਼ਕ਼ੀਰ ਹੋ ਪਰਤਿਆ ਏ। ਹੁਣ ਏਸ ਸ਼ਾਹੀ ਦਰਬਾਰ ਅੰਦਰ ਉਹ ਵੱਸ ਨਹੀਂ ਸਕਦਾ, ਸੋ ਉਹ ਦਰਗਾਹ ਅਪੜੀਜਾ। ਦਰਗਾਹੇ ਹੀਣ ਮੇਲ ਢੋਲਣ ਚੜ੍ਹਾਵਾ ਲੈ ਅੱਪੜਿਆ ਏ। ਸ਼ਾਹੀ ਦਰਬਾਰ ਤਾਂ ਇਹਨਾਂ ਮਾੜਿਆਂ-ਹੀਣਿਆਂ ਦੀ ਪੁੱਜੋਂ ਬਾਹਰਾ ਹਾਂ, ਪਰ ਦਰਗਾਹ ਆਏ ਸ਼ਾਹ ਨੂੰ ਮਿਲਣ ਸੌਖਾ ਏ। ਜੇਵੇਂ ਮਲਕਾ ਤੇ ਵਜ਼ੀਰ ਰਲ ਕੇ ਗੀਤ ਮੂਜਬ ਸ਼ਾਹ ਨੂੰ ਦਰਗਾਹੇ ਅਪੜਾਇਆ ਤੇਵੇਂ ਇਹ ਢੋਲਣ ਵਰਗੇ ਨਿਮਾਣੇ ਸਿਆਣੇ ਵੀ ਜਾਣੂੰ ਹਨ ਏਸ ਗੀਤ ਦੇ ਕਿ ਕਿਉਂ ਸ਼ਾਹਵਾਂ ਨੂੰ ਦਰਗਾਹੇ ਬਿਠਾਵਣ ਦੀ ਲੋੜ ਪੈਂਦੀ ਏ ਉਹ ਬਿਨਾਂ ਓਹਲੇ ਦੇ ਆਖਦਾ ਏ:

> "ਢੋਲਣ : ਭੁਲੇਖਾ ਕਾਈ ਨਹੀਂ। ਜਦ ਤਾਈਂ ਤੂੰ ਬਾਦਸ਼ਾਹ ਹਾਵੇਂ ਸਾਡੀ ਜਾਅ ਕਦ ਆਹੀ ਤੈਂਡੇ ਕੋਲ ਆਵਣ ਦੀ, ਸ਼ੌਕ਼ ਵੀ ਨਾ ਹਾ। ਪਟਵਾਰੀਆਂ ਲੰਬੜਾਂ ਨਾਲ ਈ ਰੱਜ ਹੋ ਵੇਂਦਾ ਹਾ ਸਾਡਾ। ਜਦੋਕਾ ਸੁਣਿਆ ਏ ਤਖ਼ਤ ਛੋੜ ਇਥਾਈਂ ਆ ਲੱਥਾ ਹੈਂ, ਸਾਨੂੰ ਸ਼ਾਹ ਵੀ ਤੂੰਹੀਓਂ ਹੈਂ ਤੇ ਰਾਹ ਵੀ ਤੂੰਹੀਓਂ"

ਢੋਲਣ ਦਰਗਾਹ ਦੀ ਰੀਤ ਮੂਜਬ ਕੀੜੀ ਭੁੰਨ ਨਜ਼ਰ ਦੀ ਲਿਆਇਆ ਏ ਸ਼ਾਹ ਦੇ ਹਜ਼ੂਰ, ਆਪਣੇ ਦੁੱਖਾਂ ਦੇ ਮੁੱਕਣ ਦੀ ਦੁਆ ਕਰਾਵਣ ਕੀਤੇ। ਸ਼ਾਹ ਨੇ ਦੁੱਖ ਦਾ ਵੇਰਵਾ ਕੀਤਾ ਏ, ਅੱਤ ਸੋਹਣਾ ਇਕ ਜੁੰਮਲੇ ਅੰਦਰ:

> "ਸ਼ਾਹ : ਦੂਜਿਆਂ ਨੂੰ ਦੁੱਖ ਦੇ ਕੇ ਆਪਣੇ ਦੁੱਖ ਕਟੀਂਦੇ ਨੇਂ ਭਾਈਆ ਢੋਲਣਾ ਕਿ ਦੂਜਿਆਂ ਦੇ ਦੁੱਖ ਵੰਡ ਕੇ"

ਸ਼ਾਹ ਦੀ ਤਨ ਝਾਗੀ ਬੋਲੀਂਦੀ ਏ ਏਸ ਆਖਣੀ ਵਿਚ। ਦੁੱਖ ਦਾ ਉਪਾਅ ਦੁੱਖ ਸਾਂਝੇ ਕਰਨ ਵਿਚ ਹੈ। ਅਸਾਂ ਆਪਣਾ-ਆਪਣਾ ਦੁੱਖ ਚੁੱਕੀ ਫਿਰਨੇ ਹਾਂ, ਅਨਜਾਣ ਜੋ ਹੋਏ ਕੁੱਲ ਖ਼ਲਕ਼ਤ ਦੇ ਦੁੱਖੋਂ। ਏਹੀ ਜੋੜ ਜੋੜੀਂਦੇ ਆਏ ਮੁੱਢ ਲਾਅ ਤੋਂ ਫ਼ਰੀਦ ਤੇ ਨਾਨਕ:

ਮੈਂ ਜਾਨਿਆਂ ਦੁੱਖ ਮੁਝ ਕੂੰ ਦੁੱਖ ਸਭਾਏ ਜੱਗ
ਉੱਚੇ ਚੜ੍ਹ ਕੇ ਵੇਖਿਆ ਘਰ ਘਰ ਏਹਾ ਅੱਗ

(ਫ਼ਰੀਦ)

ਦੀਵਾ ਮੇਰਾ ਏਕ ਨਾਮ ਦੁੱਖ ਵਿਚ ਪਾਇਆ ਤੇਲ
ਉਨ ਚਾਨਣ ਉਹ ਸੋਖੀਆ ਚੁੱਕਾ ਜੰਮ ਸਿਓਂ ਮੇਲ

(ਨਾਨਕ)

ਜੀਵਨ ਦੁੱਖ ਦਾ ਕਾਰਨ ਤਾਂ ਬਿਰਹਾ ਦੀ ਗ਼ੈਰ-ਹਾਜ਼ਰੀ ਹੈ। ਇਸ਼ਕ ਤੋਂ ਦੂਰੀ, ਪਿਆਰ ਦਾ ਮੁੱਕਣ ਈ ਰੋਗ ਹੈ ਮੁੱਢਲਾ। ਦਿਲੋਂ ਅਪਣੀਤ ਮੁੱਕੀ ਤਾਂ ਓਪਰ ਵੱਸੀ, ਓਪਰ ਨੇ ਡੇਰਾ ਪੱਕਾ ਕੀਤਾ ਤੇ ਆਪਣਾ ਪਰਵਾਰ ਵਧਾਇਆ ਵਿਜੋਗ, ਦੂਈ, ਮੈਂ, ਮੱਲ, ਮੇਲ-ਵੰਡ। ਸ਼ਾਹ ਮੇਲ-ਵੰਡੋਂ ਨਿਕਲਿਆ ਤਾਂ ਦੁੱਖ ਸਹੀ ਹੋਇਆ, ਹੁਣ ਢੋਲਣ ਨੂੰ ਓਹੀ ਸੁਰਤ ਪਿਆ ਵਰਤਾਉਂਦਾ ਏ। ਢੋਲਣ ਆਪਣੇ ਦੁੱਖ ਮੁਕਾਵਣ ਦੀ ਦੁਆ ਕਰਵਾਵਣ ਕੀਤੇ ਆਇਆ ਏ, ਸ਼ਾਹ ਤਾਈਂ, ਪਰ ਸ਼ਾਹ ਆਪ ਢੋਲਣ ਦਾ ਦੁੱਖ ਸਾਂਝੀ ਏ ਹੁਣ। ਹਯਾਤੀ ਪੂਰੀ ਦੇ ਕਮਾਏ ਧ੍ਰੋਹ ਦਾ ਲੇਖਾ ਦੇਵਣ ਕੀਤੇ ਹੁਣ ਸ਼ਾਹ ਨੂੰ ਵੀ ਦੁੱਖ ਤਾਂ ਜਰਨਾ ਪੈਣਾ ਏ ਨਾ, ਆਪਣੀ ਕੀਤੀ ਦਾ ਭਾਰ ਲਾਹਵਣ ਕੀਤੇ। ਨੂਰ ਮਕੌੜ ਲਿਆਂਵਦੀ ਨਜ਼ਰ ਮਾਸ਼ੂਕ਼ ਸ਼ਾਹ ਨੂੰ ਦੇਵਣ ਦਾ ਆਖਦਾ ਏ ਤਾਂ ਢੋਲਣ ਇਨਕਾਰ ਕਰੇਂਦਾ ਏ ਕਿ ਜਦ ਨਜ਼ਰ ਪਰਵਾਨ ਈ ਨਹੀਂ ਹੋਈ ਤਾਂ ਵੰਡ ਕਾਹਦੀ। ਇਹ ਹੁਣ ਉਥਾਈਂ ਪਰਤ ਜਾਸੀ ਜਿਥੋਂ ਆਈ ਏ। ਨੂਰ ਨੇ ਬੋਲਦੇ ਹੋਏ ਢੋਲਣ ਨੂੰ ਤਾੜ ਘਿੱਦਾ ਏ। ਸੱਤ ਪੀੜ੍ਹੀਆਂ ਤੋਂ ਦਰਬਾਰੀ ਏ, ਆਪਣੇ ਕੰਮ ਦਾ ਸਿਆਣਾ ਏ। ਉਂਜ ਵੀ ਜੋ ਗੱਲ ਆਪਣੇ ਬਾਰੇ ਨਾ ਹੋਏ ਉਹਦੀ ਸਮਝ ਛੇਤੀ ਆ ਜਾਂਦੀ ਏ। ਨੂਰ ਤਾਂ ਓਹੀ ਪੜ੍ਹਦਾ ਆਇਆ ਏ ਜੋ ਸ਼ਾਹਵਾਂ ਲਿਖਿਆ ਏ ਤੇ ਸ਼ਾਹਵਾਂ ਦਾ ਪੜ੍ਹਾਵਣ ਏਹੀ ਹੈ, ਜਿਸ ਅੱਖ ਵਿਚ ਮੈਲ ਆਵੇ ਉਹ ਅੱਖ ਨਾ ਰਹਵੇ :

"ਨੂਰ : ਜਿਹੜੀ ਸਾਰੀ ਉਮਰ ਤੁਸਾਂ ਲਿਖੀ ਹਜ਼ੂਰ। ਸੱਤ ਪੀੜ੍ਹੀਆਂ ਲਿਖਦੀਆਂ ਆਈਆਂ ਤੁਸਾਡੀਆਂ, ਓਹਾ, ਜੀਹਦਿਆਂ ਲਫ਼ਜ਼ਾਂ ਤਖ਼ਤ ਦੇ ਪਾਵੇ ਘੜੇ। ਦਰਬਾਰ ਦੀ ਛੱਤ ਦੇ ਥੰਮ ਉਸਾਰੇ। ਜੀਹਨੂੰ ਘੋਟ ਕੇ ਪੀਤੀ ਬੈਠਾ ਏ ਮਲਕ ਪਾਇੰਦਾ ਖ਼ਾਨ ਮਕੌੜ। ਜਿਹੜੀ ਮਲਕਾ ਆਲੀਆ ਤਿੱਤਲ ਮਕੌੜ ਦੇ ਮੁਸਕਣ-ਡੁਸਕਣ ਵਿਚ ਬੋਲੀਂਦੀ ਏ ਇਹ ਨੌਕਰ ਵੀ ਨਾਕ਼ਸ ਸਮਝੋ, ਉਸੇ ਕਿਤਾਬ ਨੂੰ ਈ ਮੂੰਹ ਮਾਰੀ ਆਇਆ ਏ, ਥੋੜ੍ਹਾ ਬਹੁੰ, ਬਸ ਲੋੜ ਮੁਤਾਬਕ। ਹਜ਼ੂਰ ਦੀ ਨਜ਼ਰ ਨੇ ਏਸ ਢੋਲਣ ਦੀ ਅੱਖ ਵਿਚ ਜਿਹੜੀ ਕਿਤਾਬ ਅੱਜ ਖੋਲ੍ਹੀ ਏ ਓਹਦੇ ਵਿਚ ਤਹਿਰੀਰ ਕੋਈ ਨਹੀਂ, ਬਸ ਹਿਕ ਲਕੀਰ ਦੇ ਸ਼ੁਰੂ ਤੋਂ ਆਖ਼ਰ ਤਾਈਂ ਜਿਹੜੀ ਸਾਡੀ ਕਿਤਾਬ ਦੇ ਲਫ਼ਜ਼-ਲਫ਼ਜ਼ ਨੂੰ ਰੱਦਦੀ-ਕੱਟਦੀ ਲੱਗੀ ਗਈ ਏ। (ਸ਼ਾਹ ਦੇ ਗੋਡੇ ਛੋਹ ਕੇ) ਹੁਣ ਇਜਾਜ਼ਤ ਚਾ ਦੇਵੋ। ਸ਼ੂਕੇ ਸ਼ਾਹ ਮਕੌੜ ਦੀ, ਮੈਂਡੇ ਮਿਹਰਬਾਨ ਦੀ ਸੌੜ ਬਹੁੰ ਵਧ ਗਈ ਹੋਸੀ। ਅੱਗੇ ਓਹਦੀ ਜਾਨ ਤੇ ਬਣੀ ਪਈ ਏ। ਜੇ

ਝੱਬ ਮੁੜ ਹਾਜ਼ਰ ਥੀ ਨਾ ਸਕਾਂ ਤਾਂ ਪੇਸ਼ਗੀ ਮੁਆਫ਼ੀ ਤੁਸਾਂ ਇਨਾਇਤ ਕਰ ਈ ਦੇਸੋ।"

ਸ਼ਾਹ ਦਾ ਪੈਂਡਾ ਹੁਣ ਅਣ-ਮੁੱਕਣਾ ਏ। ਓਸ ਨੂੰ ਤਖ਼ਤੋਂ ਲਾਹ ਕੇ ਦਰਗਾਹੇ ਸੁੱਟਿਆ ਗਿਆ। ਜਦ ਦਰਗਾਹ ਵੀ ਰੌਲਾ ਬਣਦਾ ਡਿੱਠਾ ਤਾਂ ਬੰਦੀਖ਼ਾਨੇ ਘੱਤਿਆ। ਇਹ ਪੁੱਠਾ ਪੈਂਡਾ ਕਰਕੇ ਹੀ ਸ਼ਾਹ ਮੁੜ ਕੀੜੀ ਬਣ ਸਕਦਾ ਏ। ਭੋਰੇ ਦੀ ਸਖ਼ਤੀ ਤੇ ਹਨੇਰੇ ਵਿਚ ਈ ਮਨ ਦੀ ਲਾਟ ਜਗਸੀ। ਹਨੇਰਾ ਭੋਗ ਕੇ ਈ ਜੀਵਨ ਲੱਭਦਾ ਏ, ਪਰ ਹਸਤੀ ਦਾ ਭੁਲਾਵਾ ਜੂਨ ਵਟਾ ਦੇਂਦਾ ਏ। ਮੈਂ ਦਾ ਭਰਮ ਸ਼ਾਹ ਬਣਾ ਦੇਂਦਾ ਏ। ਹੁਣ ਮੁੜ ਮੁੱਢਲੇ ਜੀਵਨ ਵਿਚ ਪਰਤਣ ਕਾਨ ਹਨੇਰਾ ਭੋਗਣ ਨਸੀਬਾ ਏ, ਸ਼ਾਹ ਦਾ। ਜੇਵੇਂ ਈ ਸ਼ਾਹ ਨਿਰੋਲ ਥੀਆ, ਕੀੜੀ ਬੰਦੀਖ਼ਾਨੇ ਆ ਮਿਲੀ। ਸ਼ਾਹ ਮੁੜ ਹੈਰਾਨ ਕਿ ਇਹ ਕੇਵੇਂ ਪੁੱਜੀ ਇਥਾਈਂ? ਕੀੜੀ ਨੂੰ ਵੱਡਿਆਂ ਬੂਹਿਆਂ ਦੀ ਲੋੜ ਈ ਕਾਈ ਨਹੀਂ ਉਹ ਤਾਂ ਨਿੱਕੀ ਜਿੰਨੀ ਹਸਤੀ ਏ ਪਰ ਆਪਣੀ ਸਕਤ ਤੇ ਵਸਾਹ ਹੈ ਪੂਰਾ, ਰਾਹ ਆਪਣਾ ਉਹ ਆਪ ਬਣਾ ਲੈਂਦੀ ਏ। ਕੰਧਾਂ ਕੀੜੀਆਂ ਦਾ ਰਾਹ ਡੱਕ ਨਹੀਂ ਸਕਦੀਆਂ। ਸ਼ਾਹ ਆਪਣੀ ਵਾਪਰੀ ਸਾਰੀ ਸੁਣਾਉਂਦਾ ਏ ਕੀੜੀ ਨੂੰ, ਜੋ ਵਜ਼ੀਰ ਤੇ ਮਲਕਾ ਓਸ ਨਾਲ ਕੀਤੀ। ਏਸ ਤੰਗੀ ਨੂੰ ਹੰਢਾ ਕੇ ਸ਼ਾਹ ਕੌਣ ਹੋ ਗਿਆ ਏ ਤੇ ਕੀੜੀ ਨਾਲ ਆਪਣਾ-ਆਪ ਸਾਂਝਾ ਕਰੇਂਦਾ ਏ। ਕੀੜੀ ਦਸੇਂਦੀ ਏ ਜੋ ਖਾਵਣ ਬੰਦੇ ਦੀ ਜੂਨ ਕੇਵੇਂ ਵਟੀਂਦਾ ਏ:

"ਕੀੜੀ : ਹੋਰ ਕੀ ਕਰਨਾ ਹਾਂ ਤੁਧ, ਟੁੱਕਰ ਸੱਤ ਏ, ਜੋ ਖਾਸੋ ਥੀ ਵੇਸੋ। ਟੁੱਕਰ ਨਿਸ਼ਾਨ ਵੀ ਏ, ਜੋ ਹਾਂ ਅਸਾਂ, ਓਹਦਾ। ਹੁਕਮਾਂ ਵਾਲੇ ਨਿਸ਼ਾਨ ਤਾਂ ਪੜ੍ਹਦੇ ਹੋਏ। ਨਿਸ਼ਾਨ ਪੜ੍ਹਨ ਈ ਤੇ ਹੋਇਆ ਹੁਕਮ ਚਲਾਵਣ।

ਕੀੜੀ : ਕੀੜੀ ਖਾਵਣ ਦੇ ਢੋ ਨੇਂ ਸਭ। ਕੀ ਸਾਕ ਸੰਬੰਧ-ਸੱਜਣਾਈ, ਕੀ ਇਸ਼ਕ਼-ਮੁਸ਼ਕ ਤੇ ਵੈਰ ਖਾਰ। ਇਕ ਕੀੜੀ ਖਾਵਣ ਦੇ ਸਿਰ ਤੇ ਖਲਾ ਏ ਜੱਗ ਮਕੌੜ ਇਹ ਸਾਰਾ।"

ਕੀੜੀ ਕਿਤਨੇ ਸੋਹਣੇ ਢੰਗ ਨਾਲ ਟੁੱਕਰ ਦੀ ਆਦਰ ਕੀਤੀ ਏ, ਜੋ ਰਿਜ਼ਕ਼ ਰਲ ਖਾਵਣ ਤੇ ਦਾਨ ਕਰਨ ਪਾਰੋਂ ਨਵੀਂ ਹਸਤੀ ਸਿਰਜਦਾ ਏ ਬੰਦੇ ਦੀ। ਰਿਜ਼ਕ਼ ਗ਼ਰੀਬਾਂ-ਮਸਕੀਨਾਂ ਦੀ ਕਰਨੀ ਦਾ ਨਿਸ਼ਾਨ ਏ। ਧੁੱਪਾਂ-ਪਾਲੇ ਜਰ ਕੇ ਇਤਨਾ ਅੰਨ-ਉਗਾਵਣਹਾਰ ਕੇਵੇਂ ਭੁੱਖ ਜਰਦੇ ਤੇ ਮੰਗ ਖਾਂਵਦੇ ਨੇਂ ਆਪਣੀ ਕੀਤੀ ਹੀ। ਹਾਕਮ ਇਹ ਸਾਰੀ ਕਰਨੀ ਆਪਣੇ ਕ਼ਬਜ਼ੇ ਕਰਕੇ ਭੁੱਖ-ਨੰਗ ਨਾ ਵੰਡਣ ਤਾਂ ਉਹ ਹਾਕਮ ਕੇਵੇਂ ਰਹਿਵਣ? ਸੋ ਸਿਆਣ ਸਾਰੀ ਹੈ ਉਹਨਾਂ ਨੂੰ ਆਪਣੇ ਕੰਮ ਦੀ, ਹੁਕਮ-ਹਕੂਮਤ ਚਲਾਵਣ ਦੀ। ਏਸ ਵਿਹਾਰ ਵਿਚ ਹੁਣ ਪਿਆਰ ਤੇ ਵੈਰ ਵੀ ਨਕ਼ਲੀ ਨੇਂ ਏਸ ਭੁੱਖ ਦੇ

ਸਿਰ ਖਲੋਤੇ ਨੇਂ। ਰੌਲਾ ਹਿਕੋ ਏ, ਮਾੜਿਆਂ ਨੂੰ ਕੇਵੇਂ ਦਾਅ-ਫਰੇਬ ਨਾਲ ਠੱਗਣਾ ਏ। ਮਾੜਿਆਂ ਨੂੰ ਵੀ ਭਰਮ-ਭੁਲਾਵੇ ਵੱਲ ਕੇ ਸਰਦਾਰ ਅੱਧ-ਪਚੱਧ ਆਪਣੇ ਰੰਗ, ਰੰਗ ਲੈਂਦੇ ਨੇਂ, ਕਦੀਂ ਟੋਪੀਆ ਪਵਾ ਕੇ, ਕਦੀਂ ਵਰਦੀਆਂ ਵਿਚ ਕੱਸ ਕੇ, ਕਦੀਂ ਦਰਜੇ ਦੇ ਕੇ। ਪਰ ਜੋ ਵੀ ਹਾਕਮੀ ਪਈ ਕਰੇ ਅੰਦਰ ਦੀ ਵਿਹਰ ਤਾਂ ਅੰਦਰ ਧੁਖਦੀ ਏ ਇਹਨਾਂ ਨਿਮਾਣਿਆਂ ਦੇ। ਬਸ ਰਤਾ ਆਸਰਾ ਲੱਭਣ ਦੀ ਢਿੱਲ ਹੋਂਦੀ ਏ ਤੇ ਵਿਹਰ ਖਲੋਂਦੇ ਨੇਂ। ਅਜੇਹਾ ਮਾੜਾ-ਨਿਮਾਣਾ ਈ ਢੋਲਣ ਵੀ ਏ ਵੇਖੋ ਕੀ ਹੋਂਦੀ ਏ ਓਸ ਨਾਲ। ਕੀੜੀ ਦਸੇਂਦੀ ਏ :

> "ਧੀਆਂ ਓਹਦੀਆਂ ਜਦ ਚਾਹਣ ਅਗਲੇ ਚਾ ਖੜਣ। ਜਦ ਚਾਹਣ ਵੇਚ ਕੇ ਆਪਣੀਆਂ ਪਏ ਵਿਆਹਣ। ਪੁੱਤਰ ਓਹਦੇ ਜਦ ਕੁਸਕਣ ਲੱਤ-ਬਾਂਹ ਭਨਾਵਣ। ਰੰਨ ਓਹਦੀ ਘਰ-ਘਰ ਦਾ ਕੂੜਾ ਚਾਵੇ। ਰੰਗ-ਰੰਗ ਦੇ ਰੋਗ ਸਹੇੜ ਸੰਭਾਲੇ। ਇਕ ਢੋਲਣ? ਕੁੱਲ ਮਾੜੀ ਮਕੌੜ ਪਈ ਜੀਂਵਦੀ-ਮਰਦੀ ਏ ਏਸੇ ਰੰਗ ਈ।"
>
> "ਸ਼ਾਹ : ਸਭ ਅੱਖੀਂ ਵੇਂਹਦਿਆਂ ਵੀ ਸਾਨੂੰ ਸਾਰ ਕਦੇ ਨਾ ਹੋਈ"
>
> "ਕੀੜੀ : ਅੱਖੀਂ ਵੇਖਿਆਂ ਸਾਰ ਤੇ ਨਹੀਂ ਨਾ ਹੋਂਦੀ, ਪਵੇ ਵੇਖੋ। ਵਰਤਿਆ ਨਹੀਂ ਤੇ ਵੇਖਿਆ ਵੀ ਨਹੀਂ। ਨਿਰਾ ਵੇਖਣ ਜੋ ਵਖੇਂਦਾ ਏ ਉਹ ਭਰਮ ਬਨਾਵਣ ਦੇ ਕੰਮ ਆਉਂਦਾ ਏ।"

ਵੇਖਣ ਤੇ ਭੋਗਣ ਦੋ ਵੱਖ ਕੰਮ ਹਨ। ਅੱਖੀਆਂ ਨਿਰਾ ਵੇਖਦੀਆਂ ਨੇਂ ਪਰ ਤਨ ਓਸ ਨੂੰ ਜਰਦਾ ਏ। ਹਾਸ਼ਮ ਸ਼ਾਹ ਐਵੇਂ ਤਾਂ ਨਹੀਂ ਆਖਦਾ "ਹਾਸ਼ਮ ਬਾਝ ਲੱਗੇ ਤਨ ਆਪਣੇ ਕੌਣ ਜਾਣੇ ਪੀੜ ਪਰਾਈ" ਇਹ ਮਾੜੀ ਮਖ਼ਲੂਕ ਤਾਂ ਪਰਾਈ ਹੋਈ, ਓਪਰੀ, ਏਸ ਦਾ ਦੁੱਖ ਆਪਣਾ ਕੇਵੇਂ ਜਾਪੇ। ਕੇਵੇਂ ਸਮਝ ਲੱਗੇ ਸ਼ਿਖ਼ਰ ਦੁਪਹਿਰੇ ਸੜਕ ਤੇ ਰੋੜੀ ਕੁੱਟਣ ਤੇ ਪੰਡਾਂ ਢੋਵਣ ਵਾਲਿਆਂ ਦੀ ਪੀੜ ਕੀ ਏ। ਠੰਡੇ ਕਮਰੇ ਵਿਚ ਬੈਠ ਕੇ ਮੋਬਾਈਲ ਫ਼ੋਨ ਤੇ ਆਰਡਰ ਕਰਨ ਵਾਲੇ ਤੇ ਬੱਸ ਦੀ ਉਡੀਕ ਵਿਚ ਲੈਣ (ਲਾਈਨ) ਲੱਗ ਖਲੋ ਉਡੀਕਣਹਾਰ ਇਕ ਕੇਵੇਂ ਹੋ ਸਕਦੇ ਨੇਂ। ਅੱਖੀਆਂ ਤੱਕਦੀਆ ਨੇਂ ਕਾਰ ਦੀ ਬਾਰੀ ਥਾਣੀ ਰੇੜ੍ਹੀ-ਛਾਬੇ ਵਾਲਿਆਂ ਨੂੰ, ਤੰਦੂਰ ਤੇ ਰੋਟੀ ਲਾਉਂਦਿਆਂ ਨੂੰ ਪਰ ਬਾਹਰ ਦੀ ਗਰਮੀ ਅੱਖੀਂ ਤੱਕਿਆਂ ਤਾਂ ਨਹੀਂ ਸਹੀ ਹੋਂਦੀ। ਇਹ ਤਾਂ ਜਰਿਆਂ-ਭੋਗਿਆਂ ਈ ਪਤਾ ਲੱਗਦਾ ਏ ਸੇਕ ਨਾਲ ਚਮੜੀ ਸੜਨ ਦੀ ਪੀੜ ਕੀ ਹੋਂਦੀ ਏ। ਸਾਰੀ ਦਿਹਾੜ ਮਜ਼ਦੂਰੀ ਕਰਕੇ ਵੀ ਘਰ ਦੇ ਚਾਰ ਜੀਆਂ ਦਾ ਢਿੱਡ ਨਾ ਭਰੇ ਤਾਂ ਇਹ ਦੁੱਖ ਰੋਗ ਬਣ ਕੇਵੇਂ ਹੱਡਾਂ ਵਿਚ ਲਹਿ ਜਾਂਵਦਾ ਏ, ਪਰ ਜੇ ਏਸ ਦੁੱਖ-ਭੁੱਖ ਦੀ ਸਮਝ ਲੱਗ ਵੰਜੇ ਤਾਂ ਆਪਣੇ ਕੋਠੇ ਭਰੇ ਹੋਂਦਿਆਂ ਵੀ ਭੁੱਖ ਮੁੱਕ ਵੇਂਦੀ ਏ, ਜੇਵੇਂ ਸ਼ਾਹ ਦੀ ਮੁੱਕੀ। ਹੁਣ ਉਹ ਕੇਵੇਂ ਮਾਸ ਖਾਵੇ ਤੇ ਕੇਵੇਂ ਸ਼ਾਹ ਬਣ ਹੁਕਮ ਚਲਾਵੇ, ਓਸ ਪੀੜ ਆਪ ਝਾਗੀ ਏ, ਹੁਣ ਪੀੜ ਤੇ ਕੀੜ ਓਪਰੀ ਨਹੀਂ ਓਸ ਲਈ। ਪਰ ਅੰਦਰ ਚਾਲੂ

ਵਿਹਾਰ ਵੀ ਨਾਲ ਈ ਬੈਠਾ ਏ, ਏਹੋ ਦੂਈ ਏ ਅੰਦਰ ਦੀ ਜਿਸ ਨਾਲ ਹਰ ਪਲ ਨਜਿੱਠਣਾ ਪੋਂਦਾ ਏ। ਜੇਵੇਂ ਕ਼ੈਦ ਵਿਚ ਸ਼ਾਹ ਹਿਕ ਬੁਰਕੀ ਤੇ ਚਾਤੀ ਭੁੱਖੋਂ ਮਜ਼ਬੂਰ ਥੀ ਕੇ ਸਰਕਾਰੀ ਖ਼ਾਣੇ ਦੀ, ਜੀਹਦੇ ਵਿਚ ਕੀੜੀਆਂ ਈ ਰਿੱਧੀਆਂ ਹੋਈਆਂ ਨੇਂ। ਪਰ ਕੀੜੀ ਦੇ ਮਿਲਿਆਂ ਮੁੜ ਰੰਗ ਬਦਲ ਗਿਆ ਏ। ਸ਼ਾਹ ਹੁਣ ਜੀਵਨ ਮੰਗਦਾ ਏ ਜੋ ਮਹਲ ਵਾਲਿਆਂ ਲਈ ਓਪਰਾ ਏ, ਹੁਣ ਮਹਲ ਵਾਲਿਆ ਨਾਲ ਜੀਵਨ ਕੋਈ ਨਹੀਂ ਓਸ ਦਾ। ਨਵਾਂ ਹੋਇਆ ਸ਼ਾਹ ਪੁਰਾਣੀ ਵੱਸੋਂ ਵਿਚ ਨਹੀਂ ਰਹਿ ਸਕਦਾ ਹੁਣ। ਪਰ ਮਾੜਿਆਂ ਕੋਲ ਵੀ ਏਸ ਦੀ ਜਾਅ ਬਨਣ ਸੁਖਾਲਾ ਨਹੀਂ ਹੁਣ, ਓਹ ਵਸਾਹ ਨਾ ਕਰੇਸਨ ਏਸ ਦਾ। ਪਰ ਸ਼ਾਹ ਦਾ ਤਖ਼ਤੋਂ ਲੱਥਣ, ਦਰਗਾਹੇ ਪੁੱਜਣ ਤੇ ਮੁੜ ਬੰਦੀਖ਼ਾਨੇ ਕ਼ੈਦ ਥੀਵਣ, ਸ਼ਾਹ ਦੇ ਸੱਚ ਤੇ ਪੱਕ ਦਾ ਗਵਾਹ ਥੀਆ। ਕੀੜੀ ਦਸਾਂਵਦੀ ਏ, ਢੋਲਣ ਅੰਦਰ ਤੈਨੂੰ ਮਿਲ ਕੇ ਜੋ ਚਿਣਗ ਜਗੀ ਉਹ ਹੁਣ ਭਾਂਬੜ ਬਣ ਮੱਚੀ ਪਈ ਏ। ਤੇ ਤੂੰ ਹੁਣ ਬੰਦੀਖਾਨਿਓਂ ਕੀੜੀ ਭੌਣ ਦੇ ਰਾਹ ਪੋਸੀਂ। ਹੁਣ ਤੈਨੂੰ ਆਪਣਾ ਸੱਚ ਦਸਾਵਣ ਦੀ ਲੋੜ ਨਹੀਂ। ਸੱਚ ਉਂਜ ਵੀ ਦੱਸਣ ਦੀ ਲੋੜ ਨਹੀਂ ਹੋਂਦੀ, ਸੱਚ ਹੋਵੇ ਤਾਂ ਆਪ ਈ ਵੱਜਦਾ-ਗੱਜਦਾ ਏ। ਐਲਾਨ, ਬਿਆਨ, ਮਸ਼ਹੂਰੀ, ਕੂੜ ਵਰਤਾਰਾ ਏ ਤੇ ਕੂੜ ਦੀ ਲੋੜ ਵੀ। ਕੂੜ ਆਪਣਾ-ਆਪ ਇਤਨਾ ਪਰਚਾਰਦਾ ਏ ਜੋ ਸੱਚ ਬਣ ਦਿਸੇ ਤੇ ਲੋਕਾਈ ਵਸਾਹ ਕੇ ਮਾਰਨ ਦਾ ਢੋ ਬਣੇ। ਸੱਚ ਦੀ ਤਾਂ ਹਿਕ ਚਿਣਗ ਵੀ ਢੇਰ ਏ। ਢੋਲਣ ਨੂੰ ਆਪਣੇ ਸੱਚ ਦਾ ਰੰਗ ਸ਼ਾਹ ਦੀ ਅੱਖੀਂ ਸਹੀ ਹੋਇਆ ਤੇ ਉਹ ਹੁਣ ਵੱਜਦਾ ਏ ਪਿਆ:

"ਕੀੜੀ : ਢੋਲਣ, ਢੋਲ ਬਣ ਗਿਆ ਏ। ਸੁਣ, ਸਾਂਗਰੂ ਢੋਲ, ਗੁੰਮ ਮਾੜਿਆਂ ਕੰਨਾਂ ਨੂੰ ਈ ਪਿਆ ਸੁਣੀਂਦਾ ਏ ਤੇ ਉਹਨਾਂ ਦੀ ਸੁੱਤੀ, 'ਨਾਹ' ਨੂੰ ਪਿਆ ਜਗੇਂਦਾ ਏ।"

ਢੋਲ ਤੇ ਪਿਆ ਵੱਜਦਾ ਹੈ ਪਰ ਓਸ ਦੀ ਵਾਜ ਨਿਮਾਣੇ ਕੰਨ ਈ ਸੁਣ ਸਕਦੇ ਨੇਂ। ਕੀੜੀ ਸੰਗ ਨਾਲ ਰਲ ਨੱਚਦੀ-ਗਾਉਂਦੀ ਏ ਢੋਲਣ ਦੇ ਸਾਂਗਰੂ ਢੋਲ ਦਾ ਵਜਾਇਆ ਗਾਉਣ। ਕੀੜੀ ਤੇ ਢੋਲਣ ਰਲ ਗਾਉਂਦੇ ਸੁਣਦਾ ਏ ਪਰ ਸ਼ਾਹ ਇੰਜ ਜੇਵੇਂ ਕੰਨ ਸੁੰਨ ਵਿਚ ਵਾਜ ਹੋਵੇ :

"ਹੋਵਣ ਆਈਆਂ ਤੇ ਰਲ ਕੀੜੀ ਹੋਈਏ
ਸਾਡੀ ਰਾਤ ਸਵੇਰ ਅੜੀਓ
ਅੰਦਰ ਬਾਹਰ ਚੋਰ ਦਾ ਪਾਹਰਾ
ਤੇਰ ਨੇ ਤਾੜੇ ਮੇਰ ਨੇ ਮਾਰੇ
ਕੀ ਬਗਲੇ ਕੀ ਸ਼ੇਰ ਅੜੀਓ
ਹੋਵਣ ਆਈਆਂ ਤੇ ਰਲ ਕੀੜੀ ਹੋਈਏ
ਅਸਾਂ ਈ ਆਵਣਾ ਫੇਰ ਅੜੀਓ

ਲੋੜ ਹੈ ਸਾਂਝੀ ਰਾਹ ਸਵਾਹਰਾ
ਨੱਥ ਨਹੀਂ ਝੱਲਣੀ ਰੱਥ ਨਹੀਂ ਮੱਲਣੀ
ਮੁੱਖ ਦੀ ਛੋਹ ਹੈ ਢੇਰ ਅੜੀਓ
ਹੋਵਣ ਆਈਆਂ ਤੇ ਰਲ ਕੀੜੀ ਹੋਈਏ
ਤੋੜ ਭਰਮ ਦਾ ਘੇਰ ਅੜੀਓ"

"ਹੋਵਣ" ਆਪਣੀ ਪਛਾਣ ਏ। ਆਪਣੀ ਹਸਤੀ, ਆਪਣੇ ਕੰਮ, ਆਪਣੇ ਜੀਵਨ ਦੀ ਸੁਰਤ-ਸਾਰ। ਜੇ ਹੋਵਣਾ ਹੈ ਯਾਂ ਹੋਵਣ ਤੇ ਆ ਈ ਗਏ ਹਾਂ ਤਾਂ ਚਲੋ ਕੀੜੀ ਹੋ ਜਾਈਏ। ਕੀੜੀ ਦੀ ਬਣਾਈ ਰਾਤ ਈ ਸਵੇਰ ਏ। ਦੇਹੁੰ ਤਾਂ ਓਸ ਦਾ ਵਿਹਾਰ ਲੇਖੇ ਈ ਲੱਗ ਵੇਂਦਾ ਏ ਯਾਂ ਰਾਤ ਤੇ ਸਵੇਰ ਦੋਵੇਂ ਈ ਕੀੜੀਆਂ ਦੇ ਬਣਾਏ ਨੇਂ। ਰਾਤ ਕੀ ਹੈ ਤੇ ਸਵੇਰ ਕੀ ਹੈ? ਸੂਰਜ ਨਿਕਲੇ, ਚਾਨਣ ਹੋਏ ਤਾਂ ਸਵੇਰ, ਚੰਨ ਨਿਕਲੇ ਹਨੇਰਾ ਹੋਏ ਤਾਂ ਰਾਤ। ਪਰ ਕੰਮ ਕੀ ਏ ਦੋਹਾਂ ਦਾ। ਚਾਨਣ ਜਵਾਲਦਾ ਏ ਜੀਵਨ ਨੂੰ ਹਰ ਦੇਹੁੰ, ਭੁੱਖ ਦਾ ਉਪਾਅ ਕਰੇਂਦਾ ਏ ਤੇ ਹਨੇਰਾ ਥਕੇਵਾਂ ਲਾਂਹਵਦਾ ਏ ਸੁੱਖ ਦੇਂਦਾ ਏ। ਰਲ ਜੁੜ ਬਹਿਣ ਦਾ ਆਪਣੀ ਸੋਚ-ਸਾਂਝ ਦਾ ਢੋ ਬਣੇਂਦਾ ਏ। ਮਤਾਂ "ਸਾਡੀ ਰਾਤ ਸਵੇਰ ਅੜੀਓ" ਵਿਚ ਆਪਣੇ ਲੇਖੇ ਲਾਵਣ ਦੀ ਮੰਗ ਹੋਵੇ। ਜੋ ਦੇਹੁੰ ਦਾ ਕੀਤਾ ਤਾਂ ਮਹਲ-ਮਾੜੀਆਂ ਉਸਰੀਂਦਾ ਏ ਪਿਆ ਤੇ ਏਸ ਵਗਾਰ ਪਾਰੋਂ ਰਾਤ ਵਿਚ ਮਿਲਣ ਸਕਤ ਉਂਜ ਈ ਮੁੱਕ ਵੇਂਦੀ ਏ। ਅਸਾਂ ਆਪਣਾ ਦਿਨ ਤੇ ਰਾਤ ਆਪ ਮਾਣੀਏ, ਆਪ ਹੰਡਾਈਏ, ਆਪਣੇ ਲੇਖੇ ਲਾਈਏ, ਅੰਦਰ-ਬਾਹਰ ਦੀ ਦੂਈ ਹੀ ਚੋਰ ਹੈ। ਅੰਦਰ-ਬਾਹਰ ਦਾ ਵਖਰੇਵਾਂ ਈ ਤੇਰ-ਮੇਰ ਪੈਦਾ ਕਰਦਾ ਏ। ਜਿਤਨਾ ਵੀ ਕੋਈ ਤਾਕਤ ਵਾਲਾ ਹੋਏ, ਧਰਮ ਵਾਸੀ ਯਾਂ ਵਾਅ ਦਾ ਸਾਥੀ, ਜਿਸ ਪਲ ਦੂਈ ਜੰਮ ਪਈ ਓਸ ਦੇ ਅੰਦਰ ਓਸ ਨੂੰ ਫ਼ਨਾ ਏ। ਕੀੜੀ ਜੂਨ ਵਿਚ ਤੇਰ-ਮੇਰ ਨਹੀਂ ਏ ਸੋ ਇਹ ਦੂਈ ਲਿੱਬੜੀ ਨਹੀਂ, ਇਕਾਈ ਤਾਂ ਮੁੱਢ ਲਾਅ ਤੋਂ ਏ ਤੇ ਹਮੇਸ਼ ਰਹਿਸੀ। ਇਕਾਈ ਦਾ ਜੀਵਨ, ਜੀਵਣ ਵਾਲਿਆਂ ਨੂੰ ਮੌਤ ਨਹੀਂ। ਮੌਤ ਵੱਖਰੇ ਨਾਂ, ਪਛਾਣ, ਦਰਜੇ ਜ਼ਾਤ-ਪਾਤ ਨੂੰ ਏ। ਇਹਨਾਂ ਮਾੜਿਆਂ ਦੀਆਂ ਲੋੜਾਂ ਹਿਕੋ ਜੇਹੀਆ ਨੇਂ। ਇਹਨਾਂ ਲੋੜਾਂ ਨੂੰ ਪੂਰਨ ਦਾ ਰਾਹ ਵੀ ਹਿਕੋ ਏ। ਇਨਕਾਰ ਦਾ, ਨਾਂਹ ਦਾ, ਨਾਬਰੀ ਦਾ। "ਨੱਥ ਨਹੀਂ ਝੱਲਣੀ ਰੱਥ ਨਹੀਂ ਮੱਲਣੀ" ਦੋਵੇਂ ਵੇਖਣ ਵਿਚ ਵੱਖ ਨੇਂ, ਕਿਸੇ ਦਾ ਗ਼ੁਲਾਮ ਹੋ ਜਾਣਾ ਯਾਂ ਰੱਥ ਤੇ ਬਹਿ ਕੇ ਬਏ ਨੂੰ ਗ਼ੁਲਾਮ ਬਨਾਉਣਾ, ਕੁਦਰਤ ਦੇ ਵਿਹਾਰ ਦੇ ਉਲਟ ਏ। ਕੁਦਰਤ ਦੀ ਬਣਾਈ ਕੁਲ-ਮਖ਼ਲੂਕ ਆਜ਼ਾਦ ਏ ਤੇ ਟੋਰਾ ਤਾਂ ਈ ਟੁਰ ਸਕਦਾ ਏ ਜੇ ਸਭ ਆਪੋ-ਆਪਣੀ ਆਜ਼ਾਦੀ ਮਾਨਣ। ਕੋਈ ਇਕ-ਦੂਜੇ ਤੇ ਧਾਵਾ ਨਾ ਬੋਲੇ। ਕਿਸੇ ਦੀ ਕੀਤੀ ਖੱਸ ਕੇ ਆਪਣਾ ਖਜ਼ਾਨਾ ਨਾ ਭਰੇ। ਕਿਤਨਾ ਸੋਹਣਾ ਟੁਰਨ ਹੈ ਕੀੜੀਆਂ ਦਾ, ਆਪਣਾ ਰਾਹ ਆਪ ਬਣਾਉਂਦੀਆ ਨੇਂ ਤੇ ਹਰ ਕੀੜੀ ਦੂਜੀ ਨਾਲ ਮੁਖ ਛੋਹ ਕੇ ਲੰਘਦੀ ਏ। ਖ਼ਬਰੇ ਕੀ ਗੁੱਝੀ ਗੱਲ ਕਰੇਂਦੀਆ ਨੇਂ? ਅਸਾਂ ਸੁਣੀਏ

ਤਾਂ ਮਤਾਂ ਸੁਣੀਂਵੇ ਜੇਵੇਂ ਸ਼ਾਹ ਸੁਣ ਘਿੱਦਾ। ਬੋਲੀਆਂ ਵੱਖ ਹੋਵਣ ਭਾਵੇਂ ਲੱਖ, ਪਰ ਇਸ਼ਕ਼ ਦੀ ਬੋਲੀ ਹਿਕਾ ਏ। ਜ਼ਰਾ ਜਿਤਨੀ ਛੋਹ ਨਾਲ ਗੱਲ ਅੱਪੜ ਵੇਂਦੀ ਏ ਕਿਸੇ ਲੰਮੇ ਵੱਡੇ ਵੁਅਜ਼ ਦੀ ਲੋੜ ਨਹੀਂ। ਇਹ ਤਾਂ ਅਹਿਸਾਸ ਹੈ ਮਨ ਦਾ ਜੇ ਸੁੱਚਾ ਏ ਤਾਂ ਸੁਨੇਹਾ ਅੱਪੜ ਵੇਂਦਾ ਏ। ਵਿਜੋਗ ਦੇ ਪਾਏ ਭਰਮ-ਭੁਲਾਵੇ ਵਿਚੋਂ ਕੱਢ ਲੈਂਦਾ ਏ ਜੇ ਇਸ਼ਕ਼ ਨਰੋਆ ਏ। ਏਹੀ ਕੀੜੀਆਂ ਦਾ ਜੀਵਨ ਹੈ ਜੇ ਜੀਵਣਾ ਈ ਹੈ ਤੇ ਹਮੇਸ਼ ਦੇ ਜੀਵਨ ਦੀ ਤਾਂਘ ਏ ਤਾਂ ਰਲ ਵੱਸੀਏ ਕੀੜੀ ਭੌਣ ਵਾਂਗ। ਢੋਲਣ ਦੀ ਢੋਲ ਵਜਾ ਸੁਣਾਈ ਸ਼ਾਹ ਦੀ ਕੱਥ ਹਰ ਇਕ ਪਿਆ ਸੁਣੀਂਦਾ ਏ:

"ਕੀੜੀ : ਅੰਨ ਚੱਖ ਕੇ ਤੈਂਡੇ ਤਖ਼ਤ ਛੋੜਣ ਦੀ ਕਹਾਣੀ ਘਰ-ਘਰ ਪੁੱਜਦੀ ਏ ਪਈ। ਮਾੜੀ ਮਕੌੜ ਹੁਣ ਢੋਲਣ ਵਾਲੀ ਬੇੜੀ ਪਈ ਆਪੇ ਚੜ੍ਹਦੀ ਏ। ਕੀੜੀ ਦੀ ਸਹੁੰ ਚਾਂਵਦੀਆਂ ਤੇ ਰਲ ਅੰਨ ਖਾਂਵਦੀਆਂ ਨੇ ਬੁੱਢੀਆਂ ਨੱਢੀਆਂ। ਕੀੜੀਆ ਨਾਲ ਹੁਣ ਉਹਨਾਂ ਦਾ ਕੋਈ ਭੇਤ ਨਹੀਂ। ਭੌਣ ਉਹਨਾਂ ਦੀਆਂ ਲੁੱਕਣ ਠਾਹਰਾਂ ਨੇ।"

ਖੇੜਿਆਂ ਦੀ ਡੋਲੀ ਤਾਂ ਹੀਰ ਦੀ ਲਾਸ਼ ਚਾੜ੍ਹੀ ਮਾਪਿਆਂ ਨੇਂ ਤੇ ਹੁਣ ਤੱਕ ਖਾਰੇ ਚੜ੍ਹਦੀਆਂ ਨੇਂ ਪਈਆਂ ਓਵੇਂ ਜਣੀਆਂ। ਪਰ ਇਹ ਮਾੜੀ ਮਖ਼ਲੂਕ ਰਾਂਝਣ ਵਾਲੀ ਬੇੜੀ ਆਪੇ ਚੜ੍ਹੀ ਏ। ਵਿਹਾਰ ਰਾਂਝਣ ਦੀ ਬੇੜੀ ਨਹੀਂ ਚਾੜ੍ਹ ਸਕਦਾ, ਰਾਂਝਾ ਤਾਂ ਅਜ਼ਲ ਦਾ ਵੈਰੀ ਹੋਇਆ ਏਸ ਮੇਲ ਬੰਦ ਵਿਹਾਰ ਦਾ। ਰਾਂਝੇ ਨਾਂਹ ਕੀਤੀ ਭੋਏਂ ਵੰਡ ਨੂੰ, ਓਸ ਤੱਜਿਆ ਧਰਮ-ਦੀਨ ਨੂੰ ਜੋ ਭੁਲਾਣਾ ਏ। ਰੱਦਿਆ ਲੁੱਡਣ ਦੇ ਧਨ ਹਾਬੜੇ ਨੂੰ। ਤਾਂਹੀਓਂ ਤਾਂ ਰਾਂਝਾ ਬਣ ਹਰ ਦਿਲ ਅੰਦਰ ਵੱਸਿਆ ਤੇ ਹੁਣ ਹਰ ਦਿਲ ਤਾਂਘਦਾ ਏ ਰਾਂਝਣ ਦੀ ਬੇੜੀ ਚੜ੍ਹਨ ਕੀਤੇ। ਢੋਲਣ, ਰਾਂਝੇ ਦਾ ਈ ਨਵਾਂ ਰੂਪ ਏ ਜੋ ਹਰ ਵਾਰੇ ਨਵਾਂ ਹੋਂਦਾ ਆਇਆ ਏ। ਮਾੜੇ ਜੰਜ ਬਣ ਢੁੱਕ ਪਏ ਨੇ ਖੇੜੇ ਵਿਹਾਰ ਦੇ ਬੂਹੇ। ਹੁਣ ਉਹ ਜਿਤਨਾ ਵੀ ਟਿੱਲ ਲਾਵਣ ਏਸ ਵਿਹਰ ਨੂੰ ਠਿੱਲਣ ਦਾ, ਉਹਨਾਂ ਦੀ ਪੁੱਜੋਂ ਬਾਹਰ ਏ, ਇਹ ਮਾੜਿਆਂ ਦਾ ਜੁੜ ਬਣ ਕੇ ਚੜ੍ਹਿਆ ਹੜ੍ਹ।

***

# ਕਸਰ ਕਰੂਲੀ

ਕਸਰ ਕੀ ਏ? ਕਸਰ ਦੇ ਅਰਥ ਘਾਟਾ, ਕਮੀ, ਨੁਕ਼ਸਾਨ, ਖ਼ਸਾਰਾਹ, ਨੁਕ਼ਸ, ਐਬ, ਰੋਗ, ਬੀਮਾਰੀ ਦੇ ਨੇਂ। ਕਸਰ ਦਾ ਲਫ਼ਜ਼ ਆਮ ਵਰਤੀਂਦਾ ਹੈ ਘਰੋਕੀ ਬੋਲੀ ਵਿਚ। ਜੇਵੇਂ ਹਾਂਡੀ ਪਕਾਉਂਦਿਆਂ ਸਵਾਣੀਆਂ ਆਖਦੀਆਂ ਨੇਂ ਹਾਂਡੀ ਪੱਕ ਤੇ ਗਈ ਏ ਬਸ ਥੋੜ੍ਹੀ ਕਸਰ ਹੈ, ਦਮ ਵਿਚ ਠੀਕ ਹੋ ਜਾਸੀ। ਖਯਾਲ ਕਸਰ ਕਰੂਲੀ ਪੜ੍ਹ ਇਹ ਸਹੀ ਹੋਇਆ ਜੋ ਕਸਰ ਨਿਰਾ ਘਾਟਾ ਈ ਨਹੀਂ ਵਾਧਾ ਵੀ ਕਸਰ ਬਣ ਵੇਂਦਾ ਏ। ਅਕਤੂਬਰ 2008 ਵਿਚ ਛਪੀ ਚਾਰ ਖਯਾਲਾਂ ਦੀ ਕਿਤਾਬ “ਖਯਾਲ ਚੌਂਕੜੀ” ਦਾ ਅਖ਼ੀਰਲਾ ਖਯਾਲ ਹੈ “ਕਸਰ ਕਰੂਲੀ”। ਪਹਿਲੇ ਖਯਾਲ “ਸੰਮੀ ਦੀ ਵਾਰ” ਵਿਚ ਬਾਵੇ ਦੀ ਆਪਣੀ ਮੈਂ ਬਣਾਈ ਹਸਤੀ ਦੀ ਕਸਰ ਓਸ ਦਾ ਡਰ ਤੇ ਮੌਤ ਬਣ ਵੰਜੀ। ਦੂਜੇ “ਚੋਗ ਕੁਸੰਭੇ ਦੀ” ਵਿਚ ਸੱਤਾਂ ਕੁੜੀਆਂ ਦੇ ਜੁੜਨ ਪਾਰੋਂ ਪਟਵਾਰੀ, ਹਾਕਮ ਤੇ ਮੁਕ਼ੱਦਮ ਦੀ ਦਰਜੇਬੰਦ ਹਸਤੀ ਦੀ ਕਸਰ ਪਛਾਣੀ ਗਈ। ਤ੍ਰੀਜੇ “ਕੀੜ ਕਹਾਣੀ ਵਿਚ ਬਾਦਸ਼ਾਹ ਮਕੌੜ ਨੇ ਕੀੜੀ ਨੂੰ ਮਿਲ ਕੇ ਆਪਣੀ ਵਾਧੇ ਪਾਰੋਂ ਜੁੜੀ ਮਕੌੜ ਹਸਤੀ ਦੀ ਕਸਰ ਸਿਆਣੀ। ਏਥੇ ਪੂਰਾ ਖਯਾਲ ਈ ਕਸਰ ਦਾ ਹੈ। ਵੇਖਨੇ ਹਾ, ਕੀ ਹੈ ਕਸਰ ਏਸ ਵਿਚ।

ਕਹਾਣੀ ਵੇਖ ਲਵੀਏ ਇਕ ਨਜ਼ਰ, ਪਹਿਲੀ ਝਾਕੀ ਦਸੇਂਦੀ ਏ ਥਲ ਦੇ ਸਿਰੇ ਖੂਹੀ ਤੇ ਜੰਜ ਢੁੱਕੀ ਏ ਸ਼ਹਾਵੇ ਖਾਨ ਦੀ, ਪਾਣੀ ਪੀਵਣ ਕੀਤੇ। ਓਥੇ ਈ ਡੋਲੀ ਵਿਚ ਸ਼ਹਾਵੇ ਖਾਨ ਪਾਣੀ ਦੇਂਵਦਿਆਂ ਪੱਕੀ ਉਮਰ ਤੇ ਕਾਲੇ ਰੰਗ ਦੀ ਵਹੁਟੀ ਤੱਕੀ ਤਾਂ ਬੌਂਤਲ ਗਿਆ। ਸ਼ਹਾਵੇ ਖਾਨ ਝੀਵਰਾਂ ਨੂੰ ਡੋਲੀ ਪਰਤਾ ਖੜਨ ਦਾ ਆਖ ਆਪ ਘਰੀਂ ਟੁਰ ਪਿਆ ਜੋ ਪੂਰੀ ਬਰਾਦਰੀ ਦੀ ਇੱਜ਼ਤ ਨਾਲ ਹੋਏ ਏਸ ਧਰੋਹ ਤੇ ਪਰ੍ਹਿਆ ਜੋੜ ਫ਼ੈਸਲਾ ਕਰੇ। ਝੀਵਰ ਵਿਚਾਰੇ ਬਿਨਾ ਲਾਗ ਮਜ਼ਦੂਰੀ ਦੇ ਡੋਲੀ ਚੁੱਕ ਟੁਰਨ ਲੱਗੇ ਤਾਂ ਵਿਚੋਂ ਪਕੇਰੀ ਉਮਰ ਦੀ ਸਵਾਣੀ ਬਾਹਰ ਨਿਕਲ ਆਈ। ਓਸ ਆਪਣੇ ਗਹਿਣੇ ਲਾਹ ਸਭ ਝੀਵਰਾਂ ਨੂੰ ਫੜਾਏ ਜੋ ਉਹਨਾਂ ਦੀ ਮਜ਼ਦੂਰੀ ਬਣ ਵੰਜੇ। ਗਹਿਣੇ ਲੱਭਦਿਆਂ ਈ ਚਾਰੇ ਝੀਵਰ ਆਪਸ ਵਿਚ ਲੜਨ-ਭਿੜਨ ਲੱਗੇ। ਖੂਹੀ ਤੇ ਪਾਣੀ ਪਿਆਵਣ ਵਾਲੇ ਬਾਵੇ, ਉਹਨਾਂ ਨੂੰ ਲੜਨੋਂ ਵਰਜਿਆ। ਝੀਵਰ ਬਾਵੇ ਨੂੰ ਨਿਆਂ ਕਰਦਿਆਂ ਵੇਖ ਓਸ ਦਾ ਅੱਗਾ-ਪਿੱਛਾ ਵੀ ਪੁਣ ਕੇ ਟੁਰ ਗਏ।

ਦੂਜੀ ਝਾਕੀ ਵਿਚ ਰਾਤ ਵੇਲਾ ਏ, ਬਾਵਾ ਝੁੱਗੀ ਅੰਦਰ ਪਿਆ ਏ। ਡੋਲੀ ਵਾਲੀ ਸਵਾਣੀ ਅੰਦਰ ਝਾਤਿਆਂ ਏ, ਬਾਵੇ ਪਾਣੀ ਦਾ ਪੁੱਛਿਆ ਏ, ਓਸ ਰਾਤ ਜੋਗੀ ਥਾਂ ਮੰਗੀ ਏ। ਬਾਵੇ ਆਖਿਆ ਥਾਂ ਬਣਾ ਲੈ। ਰਾਤ ਕੱਢੀ ਏ ਦੋਹਾਂ ਗਲਾਂ ਕਰੇਂਦਿਆਂ। ਪਹਿਲੋਂ ਸਵਾਣੀ ਆਪਣਾ ਦੱਸਿਆ ਜੋ ਜੰਮਣ ਲਾਅ ਤੋਂ ਭੀਲਣ ਸਦੀਵੀਂ ਆਈ ਪਰ ਸ਼ਹਾਵੇ ਨੇ ਪਾਣੀ ਦਾ ਕਟੋਰਾ ਦੇਂਦਿਆਂ ਜੇਹਨੀਂ ਅੱਖੀਂ ਵੇਖਿਆ ਓਸ ਤੋਂ ਆਪਣੀ ਕਸਰ ਸਹੀ ਹੋਈ ਏ। ਬਾਵੇ ਦੱਸਿਆ ਆਪਣੀ ਕਸਰ ਦਾ ਜੋ ਡੂੰਮ ਹਾਂ ਜੱਦੀ-ਪੁਸ਼ਤੀ, ਪਰ ਉਹ ਕੰਮ ਛੱਡ ਭੋਏ ਵਾਹਣ ਲੱਗਾ ਮਹਿਰਾਂ ਦੀ। ਵੀਰੋ ਮੁਸੱਲਣ ਮਹਿਰਾਂ ਦੀ ਹਵੇਲੀ ਕੰਮ ਕਰਨਾ ਤੇ ਬਾਵੇ ਨਾਲ ਦੁੱਖ-ਸੁੱਖ ਫੋਲਣਾ। ਹਿਕ ਵਾਰ ਅੱਕ-ਥੱਕ ਵੀਰੋ ਵੱਡੇ ਮਹਿਰ ਦੀ ਦਾੜ੍ਹੀ ਥੁੱਕਿਆ ਚਾ। ਗੱਲ ਬਾਵੇ ਤੇ ਆ ਗਈ ਸੋ ਦੇਸੋਂ ਪ੍ਰਦੇਸ ਥੀਆ। ਥਾਓਂ-ਥਾਈਂ ਪਿਆ ਫਿਰਿਆ, ਵੰਨੋ-ਵੰਨ ਕੰਮ ਪਏ ਕੀਤੇ। ਮੰਗਦਿਆਂ-ਪਿੰਨਦਿਆਂ ਗੰਵਦਿਆਂ ਰੱਤੜ ਰਿਆਸਤ ਦੇ ਦਰਬਾਰ ਸਖ਼ੀ ਘਾਣ ਸ਼ਾਹ ਦੇ ਮਜ਼ਾਰ ਏਸ ਜੱਦੀ ਡੂੰਮ ਨੂੰ ਸਿਆਣ ਲਿੱਤਾ ਹਿਕ ਮਸ਼ਹੂਰ ਗਵੱਈਏ। ਆਪਣੇ ਨਾਲ ਲੈ ਗਿਆ, ਪੰਜ ਵਰ੍ਹੇ ਸਿਖਾਇਆ ਤੇ ਨਵਾਬ ਦੇ ਦਰਬਾਰ ਨੌਕਰ ਕਰਵਾ ਦਿੱਤਾ। ਨਵਾਬ ਦੇ ਮੁਰਸ਼ਦ ਸਿਫ਼ਤ ਅਲੀ ਸ਼ਾਹ ਬੁਖ਼ਾਰੀ ਦਾ ਮੁਰੀਦ ਹੋਇਆ ਬਾਵਾ, ਪਰ ਅੰਦਰ ਦੀ ਕਸਰ ਨਾ ਗਈ। ਨਵਾਬ ਦੇ ਬੇਲੀ ਰਜਗੋਠ ਦੇ ਰਾਜਿਆਂ ਸਦਵਾਇਆ ਬਾਵੇ ਨੂੰ ਸਖ਼ੀ ਨੂਰ-ਨਿਗਾਹ ਸਤਗੁਰ ਦੀ ਚੌਕੀ ਲਈ। ਇਕੱਲਵੰਜ ਵਿਚ ਬੁਲਾ ਸਖ਼ੀ ਪੁੱਛਿਆ ਮੀਆਂ ਗਾਉਨਾਂ ਤਾਂ ਹੈਂ ਪਰ ਆਪ ਕਿੱਥੇ ਹੋਵਨਾਂ ਏਂ? ਬਾਵੇ ਰੋ ਆਪਣਾ ਹਾਲ ਸੁਣਾਇਆ ਉਹਨਾਂ ਏਸ ਖੂਹੀ ਤੇ ਬਾਵੇ ਕੋਲ ਘੱਲਿਆ ਚਾ। ਖੂਹੀ ਤੇ ਆ ਕੇ, ਲੱਜ-ਬੋਕੇ ਦਾ ਕੰਮ ਕਰਦਿਆਂ ਕਸਰ ਭੁੱਲੀ ਬਾਵੇ ਨੂੰ। ਗੱਲਾਂ ਕਰੇਂਦਿਆਂ ਭੀਲਣ ਤੇ ਬਾਵੇ ਨੇ ਵਾਜ ਸੁਣਿਆਂ ਢੋਲ ਦਾ, ਕੋਈ ਸੰਗ ਢੁੱਕਿਆ ਪਾਣੀ ਪੀਵਣ ਸਖ਼ੀ ਸਤਗੁਰ ਦੇ ਜਾਂਵਦਾ। ਭੀਲਣ ਵੀ ਨਾਲ ਜਾਵਣ ਦਾ ਸੋਚਿਆ ਏ ਏਸ ਸੰਗ ਦੇ। ਬਾਵੇ ਆਖਿਆ ਰਾਹ ਵਿਚ ਬੇਰੀਆਂ ਤੋਂ ਬੇਰ ਲੈਂਦੀ ਜਾਵੀਂ, ਨਿਆਜ਼ ਜੋਗੇ।

ਤ੍ਰੀਜੀ ਝਾਕੀ ਵਿਚ ਰਜਗੋਠ ਦਾ ਰਾਜਾ ਤਹਿਵਰ ਖ਼ਾਨ ਤੇ ਓਸ ਦਾ ਭਰਾ ਮਕ਼ਰਬ ਖ਼ਾਨ ਆਪਣੇ ਡੇਰੇ ਤੇ ਨੂਰ-ਨਿਗਾਹ ਦੇ ਅੱਗੇ ਹੱਥ ਬੰਨ੍ਹੀ ਖਲੋਤੇ ਨੇਂ, ਹੋਰ ਲੋਕ ਵੀ ਹਨ ਕੋਲ। ਮਕ਼ਰਬ ਘੜਿਆਂ ਵਿਚ ਪਾਣੀ ਦੇ ਖਾਰੇ ਹੋਵਣ ਦਾ ਦਸੇਂਦਾ ਹੈ। ਮਹਿਰ ਖ਼ਾਨ ਵਾਲੀ ਢਾਣੀ ਦੇ ਲੋਕ ਆਪਣੀਆ ਨਿਆਜ਼ਾਂ ਲਿਆ ਧਰੇਂਦੇ ਨੇਂ ਨਾਲ ਭੀਲਣ ਵੀ ਆਪਣੇ ਟੁੱਕੇ ਹੋਏ ਬੇਰ ਧਰੇਂਦੀ ਏ। ਉਹ ਸਾਰਾ ਰਾਹ ਬੇਰ ਟੁਕ-ਟੁਕ ਪੱਕ ਕਰੇਂਦੀ ਆਈ ਜੋ ਬੇਰ ਮਿੱਠੇ ਹੋਵਣ। ਨੂਰ-ਨਿਗਾਹ ਸਿਵਾ ਉਹਨਾਂ ਬੇਰਾਂ ਦੇ ਹੋਰ ਕਾਈ ਸ਼ੈਅ ਨਹੀਂ ਚੱਖੀ, ਨਿਆਜ਼ ਵਿਚੋਂ। ਜਾਣਦਿਆਂ ਆਖਣ ਲੱਗੇ ਪਾਣੀ ਵਾਲੀ ਕਸਰ ਦਾ ਉਪਾਅ ਕਰਨ ਕੀਤੇ ਏਸ ਭੀਲਣ ਦੀ ਕਰੂਲੀ ਪਵਾ ਵੇਖੋ। ਮਕ਼ਰਬ ਕਰੂਲੀ

ਕਰਵਾ ਪਾਣੀ ਚੱਖਿਆ, ਪਾਣੀ ਮਿੱਠਾ। ਭੀਲਣ ਨੂੰ ਰੋਕਣ ਦਾ ਚਾਰਾ ਕਰੇਂਦਾ ਏ ਮੁਕ਼ਰਬ, ਉਹ ਨਹੀਂ ਰੁਕਦੀ। ਤਹਿਵਰ ਖ਼ਾਨ ਪਰਤਦਾ ਏ ਤੇ ਮੁਕ਼ਰਬ ਓਸ ਨੂੰ ਭੀਲਣ ਦੀ ਕਰੂਲੀ ਦਾ ਦਸੇਂਦਾ ਏ ਨਾਲ ਸਲਾਹ ਦੇਂਦਾ ਏ ਕਿ ਭੀਲਣ ਨੂੰ ਸੁਲਤਾਨ ਦੀ ਨਜ਼ਰ ਕੀਤਾ ਜਾਵੇ ਤਾਂ ਜੋ ਕਰੂਲੀ ਦਾ ਫ਼ੈਜ਼ ਆਮ ਹੋਵੇ ਤੇ ਸਭ ਥਾਂ ਅੱਪੜੇ। ਤਹਿਵਰ ਖ਼ਾਨ ਨੂੰ ਸ਼ੱਕ ਹੈ ਜੋ ਇਹ ਭੀਲਣ ਓਹਾ ਏ ਜੋ ਸ਼ਹਾਵੇ ਖ਼ਾਨ ਥਲ ਵਾਲੀ ਖੂਹੀ ਤੇ ਛੱਡ ਗਿਆ ਸੀ।

ਚੌਥੀ ਝਾਕੀ ਵਿਚ ਦਰਬਾਰ ਦਾ ਮੁਫ਼ਤੀ ਸ਼ਾਹ ਫ਼ੈਜ਼-ਉਲ-ਆਲਮ ਰੰਦੋਲਵੀ ਦੋ ਸਿਪਾਹੀ ਪਿੱਛੇ ਖਲਿਆਰ ਖੂਹੀ ਤੇ ਆ ਬਾਵੇ ਨਾਲ ਗੱਲ ਕਰੇਂਦਾ ਏ। ਮਹਿਰ ਖ਼ਾਨ ਆਉਂਦਾ ਏ ਤੇ ਆਪਣੇ ਘੜਿਆਂ ਦੇ ਪਾਣੀ ਦਾ ਖਾਰਾ ਹੋਵਣ ਦਸੇਂਦਾ ਏ। ਚਾਰੇ ਝੀਵਰ ਗਹਿਣੇ ਪਰਤਾਵਣ ਆਏ ਨੇਂ ਸਵਾਣੀ ਨੂੰ ਤੇ ਬਾਵੇ ਨੂੰ ਇਹਨਾਂ ਗਹਿਣਿਆਂ ਪਾਰੋਂ ਆਪਣੇ ਨਾਲ ਹੋਈ ਵਾਪਰੀ ਕੱਥ ਸੁਣਾਉਂਦੇ ਨੇਂ।

ਸ਼ਾਹ ਆਲਮ ਦੇ ਪੁੱਛਣ ਤੇ ਝੀਵਰ ਦਸੇਂਦਾ ਏ, ਸ਼ਹਾਵੇ ਖ਼ਾਨ ਵਾਲੀ ਸਾਰੀ ਕੱਥ ਤੇ ਗਹਿਣਿਆਂ ਦਾ ਪਾਇਆ ਪਵਾੜਾ। ਮਹਿਰ ਖ਼ਾਨ ਸ਼ਾਹ ਆਲਮ ਦੇ ਆਖਣ ਤੇ ਸਖ਼ੀ ਸਤਗੁਰ ਦੀ ਕਰਾਮਤ ਦਾ ਦਸੇਂਦਾ ਏ। ਸ਼ਾਹ ਆਲਮ ਸੁਲਤਾਨ ਵਲੋਂ ਮੁਹਰਾਂ ਦੀ ਭਰੀ ਥੈਲੀ ਦੇਂਦਾ ਏ ਪਰ ਝੀਵਰ ਲੈਣ ਤੋਂ ਇਨਕਾਰ ਕਰਦੇ ਨੇਂ। ਸ਼ਾਹ ਆਲਮ ਬਾਵੇ ਨੂੰ ਭੀਲਣ ਦੇ ਨਾਲ ਸ਼ਾਹੀ ਕ਼ਿਲ੍ਹੇ ਵਿਚ ਆਵਣ ਦਾ ਆਖਦਾ ਏ, ਤਾਂ ਜੋ ਮਿੱਠੇ ਪਾਣੀ ਦਾ ਫ਼ੈਜ਼ ਹਰ ਥਾਂ ਪਿਆ ਪੁੱਜੇ, ਸ਼ਾਹੀ ਸਰਪ੍ਰਸਤੀ ਵਿਚ।

ਪੰਜਵੀਂ ਝਾਕੀ ਵਿਚ ਸ਼ਹਾਵੇ ਖ਼ਾਨ ਆਮ ਸਾਇਲ ਬਣ ਕੇ ਸੁਲਤਾਨ ਕੋਲ ਹਾਜ਼ਰ ਹੋਂਦਾ ਏ ਤੇ ਤਹਿਵਰ ਖ਼ਾਨ ਵਲੋਂ ਨਜ਼ਰ ਹੋਈ ਭੀਲਣ ਦਾ ਆਪਣੇ ਨਾਲ ਨਿਕਾਹਨਾਮਾ ਪੇਸ਼ ਕਰੇਂਦਾ ਏ। ਸੁਲਤਾਨ ਸ਼ਹਾਵੇ ਖ਼ਾਨ ਤੇ ਫੈਸਲਾ ਛੱਡਦਾ ਏ ਉਹ ਉਸੇ ਵੇਲੇ ਤਲਾਕ ਦੇ ਕੇ ਭੀਲਣ ਨੂੰ ਆਪਣੇ ਵੱਲੋਂ ਸੁਲਤਾਨ ਦੀ ਨਜ਼ਰ ਕਰੇਂਦਾ ਏ। ਸ਼ਾਹ ਆਲਮ ਭੀਲਣ ਦੇ ਗਹਿਣੇ ਮੋੜਦਾ ਏ ਜੋ ਅਮਾਨਤਾ ਸ਼ਾਹੀ ਖ਼ਜ਼ਾਨੇ ਜਮ੍ਹਾ ਹੋਏ ਪਰ ਸ਼ਹਾਵਾ ਨਹੀਂ ਲੈਂਦਾ।

ਛੇਵੀਂ ਝਾਕੀ ਕ਼ਿਲ੍ਹੇ ਵਿਚ ਬਾਵੇ ਨੂੰ ਮੁਨਸ਼ੀ ਨਾਲ ਪਾਣੀ ਦੀਆਂ ਬਾਲਟੀਆਂ ਦਾ ਹਿਸਾਬ ਕਰੇਂਦਿਆਂ ਵਖਾਉਂਦੀ ਏ। ਪੰਜ ਸੇਰ ਦਾ ਇਕ ਘੜਾ ਤੇ ਇਕ ਕਰੂਲੀ ਨਾਲ ਦਸ ਘੜੇ ਮਿੱਠੇ ਹੋਂਦੇ ਨੇਂ ਪਰ ਮੁਨਸ਼ੀ ਇਕ ਕਰੂਲੀ ਨਾਲ ਇੱਕੀ ਘੜੇ ਮਿੱਠੇ ਕਰੇਂਦਾ ਏ ਪਿਆ ਤੇ ਬਾਵਾ ਆਖਦਾ ਏ ਤਾਈਓਂ ਸ਼ਿਕਾਇਤਾਂ ਪਈਆਂ ਆਉਂਦੀਆ ਨੇਂ। ਭੀਲਣ ਬਾਵੇ ਨੂੰ ਦਰਬਾਰੇ ਹੋਈ ਵਾਪਰੀ ਸੁਣਾਉਂਦੀ ਏ। ਬਾਵਾ ਆਪਣੀ ਕਸਰ ਚੇਤੇ ਕਰੇਂਦਾ ਹੈ, ਆਪਣਾ ਖੂਹੀ ਤੋਂ ਕਿਲ੍ਹੇ ਦਾ ਪੰਧ। ਭੀਲਣ ਓਸ ਨੂੰ ਓਸ ਅੰਦਰ ਦਬੀਜੀ ਵਾਸਨਾ ਦੀ ਸੁਰਤ ਦੇਂਦੀ ਏ ਜੋ ਵਿਹਾਰ ਵਾਲਿਆਂ ਦੀ ਬਣਾਈ ਵਰਤਾਈ ਏ। ਬਾਵੇ ਅੰਦਰ ਦੀ ਸਿਕ ਵਿਹਾਰ ਵਾਲਿਆਂ ਵਰਗਾ ਹੋਵਣ ਦੀ ਹੀ ਕਸਰ ਹੈ, ਬਾਵੇ

ਦੀ। ਬਾਵਾ ਚਿੰਤਾ ਵਿਚ ਏ ਜੋ ਭੀਲਣ ਦਾ ਫ਼ਜਰੀਂ ਨਿਕਾਹ ਥੀਵਣਾ ਏ ਸੁਲਤਾਨ ਨਾਲ, ਮੁੜ ਕੇਵੇਂ ਮਿਲਸੀ ਭੀਲਣ ਨੂੰ। ਭੀਲਣ ਨੂਰ-ਨਿਗਾਹ ਵੱਲ ਜਾਵਣ ਲੱਗਦੀ ਏ ਤੇ ਬਾਵਾ ਪੁੱਛਦਾ ਏ, ਮੈਂ ਕਿੱਥੇ ਜਾਵਾਂ, ਖ਼ੂਹੀ ਤਾਂ ਪਹਿਲੋਂ ਕਿਸੇ ਤਨਖ਼ਵਾਈਏ ਕੋਲ ਆਹੀ ਮੁੜ ਠੇਕੇ ਤੇ ਫੇਰ ਰੌਲਾ ਬਣ ਖਲੋਤਾ ਤਾਂ ਖ਼ੂਹੀ ਪੂਰੀ ਗਈ। ਭੀਲਣ ਆਖਦੀ ਏ ਗਾਵਣ ਤੇਰਾ ਆਪਣਾ ਕੰਮ ਏ, ਕਿਸੇ ਦਰਬਾਰ ਨੌਕਰ ਹੋਜਾ। ਹੁਣ ਬਾਵੇ ਨੂੰ ਸੁਰਤ ਹੈ ਆਪਣੀ ਕਸਰ ਦੀ, ਉਹ ਆਖਦਾ ਏ ਗਾਵਸਾਂ ਦਰਬਾਰ ਵਿਚ ਨਹੀਂ, ਹੁਣ ਗਲੀਓ-ਗਲੀ ਗਾ ਕੇ ਮੰਗ ਖਾਵਸਾਂ।

ਸੱਤਵੀਂ ਝਾਕੀ ਵਿਚ ਨੂਰ-ਨਿਗਾਹ ਰਾਜੇ ਤਹਿਵਰ ਤੇ ਮੁਕ਼ਰਬ ਦੇ ਡੇਰੇ ਤੇ ਨੇਂ ਭੀਲਣ ਨੂੰ ਉੱਠ ਸਲਾਮ ਕਰੇਂਦੇ ਨੇਂ। ਨੂਰ-ਨਿਗਾਹ ਉਹਨਾਂ ਦੋਹਾਂ ਨੂੰ ਘੱਲ ਕੇ ਭੀਲਣ ਨਾਲ ਲੰਮੀ ਗੱਲ ਟੋਰਦਾ ਏ। ਦੂਈ-ਇਕਾਈ ਦੀ, ਸ਼ਾਹ ਤੇ ਖ਼ਲਕ਼ਤ ਦੀ, ਸੁਲਤਾਨ ਤੇ ਪੀਰ ਦੀ। ਭੀਲਣ ਸੁਲਤਾਨ ਦੀ ਸੇਜੇ ਚੜ੍ਹਨੋਂ ਨਾਬਰ ਏ ਤੇ ਨਾਲ ਨੂਰ-ਨਿਗਾਹ ਨੂੰ ਵੀ ਓਸ ਦੀ ਕਰਨੀ ਤੋਂ ਸੁਚੇਤ ਕਰਵਾਉਂਦੀ ਏ। ਸ਼ਾਹ ਆਲਮ ਸ਼ਾਹੀ ਸਵਾਰੀ ਲੈ ਕੇ ਭੀਲਣ ਨੂੰ ਲੈਣ ਅੱਪੜ ਵੇਂਦਾ ਏ, ਸਰਕਾਰੀ ਜੱਥੇ ਦੇ ਨਾਲ। ਨੂਰ-ਨਿਗਾਹ ਦਸੇਂਦਾ ਏ ਜੋ ਹੁਣ ਇਹ ਆਮ ਸਵਾਣੀ ਏ ਕਰਾਮਤ ਕੋਈ ਨਹੀਂ ਇਹਦੇ ਪੱਲੇ ਤੇ ਸ਼ਾਹ ਆਲਮ ਨਜ਼ਰ ਪੇਸ਼ ਕਰ ਕ਼ਿਲ੍ਹੇ ਪਰਤ ਜਾਂਵਦਾ ਏ। ਭੀਲਣ ਟੋਕ ਕਰੇਂਦੀ ਏ ਨੂਰ-ਨਿਗਾਹ ਨੂੰ ਜੋ ਇਹ ਫਸਾਵਣ-ਛੁਡਾਵਣ ਵੀ ਤੇਰਾ ਕੰਮ ਏ। ਨੂਰ-ਨਿਗਾਹ ਆਖਦਾ ਏ ਜੋ ਕਰਨਾ ਈ ਕਰ ਲਿਲਕਰੀਆਂ ਦਾ ਤਰੋੜ ਤੇ ਹੈ ਸ਼ਾਹ ਆਲਮ ਦੇ ਫ਼ਤਵਿਆਂ ਵਿਚ। ਭੀਲਣ ਨਿਕਲ ਗਈ ਏ ਕਾਲਖ ਦੀਆਂ ਕਣੀਆਂ ਨਾਲ ਰਲ ਮੀਂਹ ਬਨਣ।

ਖਯਾਲ ਪਹਿਲੀ ਪੜ੍ਹਤ ਵਿਚ ਤਾਂ ਸਾਦਾ ਜਿਹਾ ਲੱਗਾ ਹਾ ਪਰ ਮੁੜ ਪੜ੍ਹਨ-ਵਿਚਾਰਨ ਪਾਰੋਂ ਔਖ ਬਣ ਖਲੀ ਏ, ਗੱਲ ਕਿਥੋਂ ਛੋਹੀਏ ਤੇ ਕੀ? ਸ਼ਹਾਵੇ ਖ਼ਾਨ ਤੋਂ, ਰਜਗੋਠ ਦੇ ਰਾਜੇ, ਝੀਵਰ, ਸਖ਼ੀ ਨੂਰ-ਨਿਗਾਹ, ਸ਼ਾਹ ਆਲਮ ਰੰਦੋਲਵੀ, ਸੁਲਤਾਨ ਬਾਵੇ ਯਾਂ ਭੀਲਣ ਤੋਂ। ਗੱਲ ਤਾਂ ਕਸਰ ਦੀ ਹੀ ਹੈ, ਜੋ ਹਰ ਕਹੀਂ ਦੇ ਅੰਦਰ ਹੈ ਪਰ ਸੁਰਤ ਨਹੀਂ ਕਿਸੇ ਨੂੰ ਏਸ ਦੀ, ਸਿਵਾ ਬਾਵੇ ਦੇ। ਪਰ ਓਸ ਨੂੰ ਵੀ ਪੂਰੀ ਸੁਰਤ ਆਪਣੀ ਕਸਰ ਦੀ ਭੀਲਣ ਨਾਲ ਮਿਲ ਕੇ ਈ ਹੋਈ ਏ। ਚਲੋ ਗੱਲ ਸ਼ਹਾਵੇ ਖ਼ਾਨ ਦੀ ਕਰਨੇ ਹਾਂ ਪਹਿਲੋਂ ਜੋ ਭੀਲਣ ਨੂੰ ਨਿਕਾਹ ਕੇ ਲਿਆਇਆ, ਮੁੜ ਰਾਹੇ ਛੱਡ ਗਿਆ। ਸ਼ਹਾਵੇ ਖ਼ਾਨ ਨਾਲ ਧਰੋਹ ਹੋਇਆ ਓਸ ਨੂੰ ਭੀਲਣ ਦੀ ਭੈਣ ਵਖਾਈ ਗਈ ਤੇ ਡੋਲੀ ਵਿਚ ਭੀਲਣ ਪਾ ਦਿੱਤੀ ਗਈ। ਵਿਆਹ ਵੀ ਵਪਾਰ ਈ ਹੋਇਆ, ਜਿਸ ਵਿਚ ਇਕ ਧਿਰ ਬਈ ਨੂੰ ਮਾਲ ਵੇਚਦੀ ਏ। ਮਾਲ ਤਾਂ ਸੁੱਚਾ ਆਖ ਕੇ ਈ ਵੇਚਿਆ ਜਾਂਦਾ ਏ, ਮਾਲ ਦਾ ਖੋਟ ਤਾਂ ਵੇਲਾ ਲੰਘ ਕੇ ਹੀ ਸਹੀ ਹੋਂਦਾ ਏ। ਪਰ ਏਥੇ ਤਾਂ ਡੋਲੀ ਘਰ ਅਪੜਨ ਤੋਂ ਪਹਿਲਾਂ ਈ ਮਾਲ ਦਾ ਖੋਟ ਸਾਹਮਣੇ ਆ ਗਿਆ ਏ। ਢਲਦੀ ਉਮਰ ਦਾ

ਸ਼ਹਾਵੇ ਖ਼ਾਨ ਕੋਈ ਜਵਾਨ ਕੰਵਾਰੀ ਸੱਸੀ ਵਿਆਵਣ ਟੁਰਿਆ ਹਾ। ਜੰਜ ਦਾ ਖੂਹੀ ਤੇ ਅੱਪੜਨ ਦਾ ਵਖਾਲਾ ਬੜਾ ਜ਼ੋਰਦਾਰ ਏ। ਕੇਵੇਂ ਸਿਪਾਹੀ ਛਾਂਟੇ ਮਾਰ ਕੇ ਲੋਕਾਂ ਨੂੰ ਹਟਾਉਂਦਾ ਏ ਤੇ ਬਾਵੇ ਨੂੰ ਦਬਕਾਉਂਦਾ ਏ, ਸ਼ਹਾਵੇ ਖ਼ਾਨ ਦਾ ਰੁਅਬ ਦਸਾਵਣ ਕੀਤੇ। ਬਾਵੇ ਨੂੰ ਗਾਲ-ਮੰਦਾ ਵੀ ਕਰ ਜਾਂਦਾ ਏ ਨਾਲ। ਚਾਂਦੀ ਦੇ ਕਟੋਰੇ ਵਿਚ ਪਾਣੀ ਪੀਤਾ ਏ ਸ਼ਹਾਵੇ ਖ਼ਾਨ ਨੇ ਤੇ ਮੁੜ ਕਟੋਰਾ ਭਰ ਕੇ ਡੋਲੀ ਦੇ ਅੰਦਰ ਫੜਾਉਂਦਿਆਂ ਕੂਕਿਆ ਏ :

"ਸ਼ਹਾਵਾ: ਇਹ ਕੌਣ ਏ ਬਲਾ ਕੋਈ ਭੀਲਣ। ਹੈ ਨਾ ਹਨੇਰ ਚਿੱਟੇ ਦੇਹੁੰ। ਧਰੋਹ ਉਹਨਾਂ ਮੈਂਡੇ ਨਾਲ ਨਹੀਂ ਨੇਂ ਕੀਤਾ। ਤੁਸਾਂ ਸਾਰਿਆਂ ਨਾਲ ਕੀਤਾ ਏ, ਐਡਾ ਪੰਧ ਕਰਕੇ ਢੁੱਕੇ ਓ, ਜਿਹੜੇ ਥਲ ਚੀਰ ਕੇ। ਅਸਾਡੀ ਪੂਰੀ ਕੌਮ ਨਾਲ ਕੀਤੋ ਨੇਂ ਧਰੋਹ (ਝੀਵਰਾਂ ਨੂੰ) ਚਾਓ ਏਸ ਬਲਾ ਨੂੰ ਮੋੜ ਆਓ, ਜਿਥਾਉਂ ਆਂਦੀ ਜੇ (ਸਿਪਾਹੀਆਂ ਤੇ ਜਾਂਜੀਆਂ ਨੂੰ) ਚਲੋ ਦੇਸ ਨੂੰ। ਇਹ ਗੱਲ ਹੁਣ ਐਵੇਂ ਨਾ ਮੁੱਕਸੀ। ਮੈਂਡਾ ਕਿਆ ਏ, ਮੈਂ ਕੌਣ-ਆਂ, ਇਹ ਹੁਣ ਪੂਰੀ ਕੌਮ ਜੇਵੇਂ ਆਖਸੀ ਓਵੇਂ ਥੀਸੀ। ਜਿਹਨਾਂ ਦਿਆਂ ਪੁਰਖਾਂ ਦੀ ਪੱਤ ਲਾਹੀ ਏ ਇਹਨਾਂ ਥਲੋਚੜਾਂ, ਓਹੋ ਕਰੇਸਨ ਫ਼ੈਸਲਾ।"

ਝੱਟ ਪਹਿਲੋਂ ਸਿਪਾਹੀ ਦੇ ਐਲਾਨ ਵਿਚ ਇਹ ਥਲ ਦੇ ਸਰਦਾਰ ਅਦੁਮਰਾ ਜਾਮ ਦੀ ਸ਼ਹਿਜ਼ਾਦੀ ਸੀ ਜੋ ਸਰਦਾਰ ਸ਼ਹਾਵੇ ਖ਼ਾਨ ਬਿਖਨ ਵਿਆਹ ਕੇ ਪਏ ਲਿਆਉਂਦੇ ਸਨ। ਵਹੁਟੀ ਨੂੰ ਵੇਖਦਿਆਂ ਈ ਸਰਦਾਰ ਥਲੋਚੜ ਤੇ ਸ਼ਹਿਜ਼ਾਦੀ, ਭੀਲਣ ਹੋ ਗਈ। ਐਲਾਨ ਨਿਰਾ ਸ਼ਹਾਵੇ ਖ਼ਾਨ ਦੀ ਵਡਿਆਈ ਦਾ ਹਾ ਪਰ ਹੁਣ ਸ਼ਹਾਵੇ ਖ਼ਾਨ ਦੇ ਬੋਲਾਂ ਵਿਚ ਸਾਰੀ ਬਰਾਦਰੀ ਦੀ ਬੇਇੱਜ਼ਤੀ ਦਾ ਹੋਕਾ ਹੈ। ਨਿਰੀ ਬਰਾਦਰੀ ਦੀ ਨਹੀਂ ਸਗੋਂ ਪੁਰਖਾਂ ਦੀ ਵੀ ਪੱਤ ਲਹਾਈ ਏ ਏਸ ਧਰੋਹ ਨੇ ਤੇ ਪੁਰਖਾਂ ਦੀਆਂ ਆਲ੍ਹਾ ਰੀਤਾ ਤੇ ਕ਼ਦਰਾਂ ਦਾ ਪਾਸਦਾਰ ਸ਼ਹਾਵੇ ਖ਼ਾਨ ਅੱਧਵਾਟੇ ਥੱਲ ਵਿਚ ਕੰਮੀ ਝੀਵਰਾਂ ਦੇ ਆਸਰੇ ਛੱਡ ਟੁਰਿਆ ਏ, ਸਵਾਣੀ ਨੂੰ। ਓਸ ਨਿਮਾਣੀ ਬੇਜ਼ੁਬਾਨ ਨੂੰ ਭੀਲਣ ਤੇ ਬਲਾ ਸਦੀਂਦਾ ਏ ਸਾਰਿਆਂ ਦੇ ਸਾਹਮਣੇ ਤੇ ਓਸ ਦੇ ਘਰ ਵਾਲਿਆਂ ਨੂੰ ਥਲੋਚੜ। ਏਹਾ ਸਿਖਲਾਈ ਹੋਈ ਪੁਰਖਾਂ ਦੀ ਨਵੀਂ ਪੀੜ੍ਹੀ ਨੂੰ ਜੋ ਸਵਾਣੀ ਦੀ ਆਦਰ ਇੰਜ ਪਿਆ ਕਰੇਂਦਾ ਏ, ਸ਼ਹਾਵਾ। ਪਹਿਲੀ ਝਾਕੀ ਤੋਂ ਬਾਅਦ ਸ਼ਹਾਵੇ ਖ਼ਾਨ ਪੰਜਵੀਂ ਝਾਕੀ ਵਿਚ ਮੁੜ ਆਉਂਦਾ ਏ ਜਦ ਭੀਲਣ ਨੂਰ-ਨਿਗਾਹ ਦੀ ਕਰਾਮਾਤ ਬਣ ਕ਼ਿਲ੍ਹੇ ਅੱਪੜ ਗਈ ਏ। ਸ਼ਹਾਵਾ ਸੁਲਤਾਨ ਕੋਲ ਵੰਜ ਦੁਹਾਈ ਦੇਂਦਾ ਏ ਨਾਲ ਆਪਣਾ ਨਿਕਾਹਨਾਮਾ ਵਖਾਉਂਦਾ ਏ। ਆਮ ਸਾਇਲ ਦੀ ਹੈਸੀਅਤ ਵਿਚ ਪੇਸ਼ ਹੋਵਣ ਪਾਰੋਂ ਸ਼ਹਾਵੇ ਖ਼ਾਨ ਨੂੰ ਜੋ ਖੱਜਲ-ਖੁਆਰੀ ਕੱਟਣੀ ਪਈ ਓਸ ਦਾ ਦਸੇਂਦਾ ਏ। ਸੁਲਤਾਨ ਬੜੇ ਸਹਿਜ

ਨਾਲ ਆਖਦਾ ਏ ਜੋ ਆਮ ਸਾਯਲਾਂ ਨੂੰ ਇਹ ਸਭ ਬਰਦਾਸ਼ਤ ਕਰਨਾ ਈ ਪੌਂਦਾ ਏ। ਸ਼ਹਾਵੇ ਦੀ ਅਰਜ਼ੀ ਸ਼ਾਹ ਆਲਮ ਵਾਚ ਸੁਣਾਉਂਦਾ ਏ :

> "ਹਜ਼ੂਰਵਾਲਾ, ਸਰਦਾਰ ਸ਼ਹਾਵੇ ਖ਼ਾਨ ਵਲਦ ਸਰਦਾਰ ਮਹਾਵੇ ਖ਼ਾਨ ਕੌਮ ਬਿਖਨ ਸਕਨਾ ਮੂਜ਼ਅ ਰਫ਼ਾਹ ਬਿਖਨਾ ਮਾਅਰੂਜ਼ ਏ ਜੋ ਰਾਜਾ ਤਹਿਵਰ ਖ਼ਾਂ ਵਲਦ ਰਾਜਾ ਮੁਸੱਵਰ ਖਾਂ ਕ਼ੌਮ ਚਕੜਾਲ ਸਕਨਾ ਮੂਜ਼ਅ ਰਜਗੋਠ ਵਲੋਂ ਪੇਸ਼ ਕੀਤੀ ਨਜ਼ਰ ਬਸੂਰਤ ਮਸਮਾਤ ਭੀਲਣ ਬਿਨਤ ਅਦੁਮਰਾ ਕ਼ੌਮ ਹੋਤ ਸਕਨਾ ਇਲਾਕਾ ਥਲ ਦੀ ਮਨਜ਼ੂਰੀ ਉਤੇ ਨਜ਼ਰਸਾਨੀ ਫਰਮਾਈ ਜਾਏ। ਸਰਦਾਰ ਸ਼ਹਾਵੇ ਖ਼ਾਨ ਮਜ਼ਕੂਰ ਦਾ ਮਵਕ਼ਫ਼ ਏ ਜੋ ਮਸਮਾਤ ਮਜ਼ਕੂਰ ਉਹਨਾਂ ਦੀ ਮਨਕੂਹਾ ਏ। ਨਿਕਾਹ-ਨਾਮਾ ਲਫ਼ੇ-ਦਰਖਵਾਸਤ ਹਾਂਦਾ।"

ਸ਼ਾਹ ਆਲਮ ਕੁਝ ਹੋਰ ਕਾਗ਼ਜ਼ਾਂ ਵਿਚੋਂ ਭੀਲਣ ਨੂੰ ਖੂਹੀ ਤੇ ਝੀਵਰਾਂ ਨਾਲ ਛੱਡਣ ਵਾਲਾ ਵਾਕ਼ਿਆ ਦੁਹਰਾਉਂਦਾ ਏ। ਸ਼ਹਾਵੇ ਖ਼ਾਨ ਮੁੜ ਵਲਦਾ ਦੇਂਦਾ ਏ ਤੇ ਨਾਲ ਆਪਣੀ ਤਾਕ਼ਤ ਤੇ ਬਰਾਦਰੀ ਦਾ ਰੋਅਬ ਵੀ ਦਸੇਂਦਾ ਏ:

> "ਹਜ਼ੂਰ ਏਸ ਸਾਰੀ ਕਹਾਣੀ ਤੋਂ ਕੀ ਸਾਬਤ ਥੀਂਦਾ ਏ। ਇਹ ਧੀ ਅਦੁਮਰੇ ਜਾਮ ਥਲੋਚ ਦੀ, ਮੈਂਡੀ ਜ਼ਾਲ ਏ ਮਨਕੂਹਾ। ਮੈਂ ਉਹਨੂੰ ਰੱਖਾਂ, ਵਾਪਸ ਟੋਰਾਂ ਪੇਕਿਆਂ ਦੇ ਇਹਦੇ ਵਿਚ ਦਖ਼ਲ ਏ ਕੇਹੀਂ ਦਾ? ਇਹ ਰਜਗੋਠੀਏ ਚਕੜਾਲਾਂ ਜੋ ਕੀਤਾ ਏ, ਕ਼ਾਨੂੰਨ ਤੇ ਸ਼ਰਹ ਦੇ ਸਰਾਸਰ ਖ਼ਿਲਾਫ਼ ਤਾਂ ਹੈ ਈ ਪਰ ਇਹ ਹਮਲਾ ਵੀ ਏ ਮੈਂਡੀ ਕੌਮ ਦੀ ਇੱਜ਼ਤ ਤੇ। ਓਸ ਕ਼ੌਮ ਦੀ ਇੱਜ਼ਤ ਤੇ ਜਿਹੜੀ ਆਪਣੀ ਤੌਹੀਨ ਦਾ ਬਦਲਾ ਲਫ਼ਜ਼ਾ ਰਾਹੀਂ ਲੈਣ ਦੀ ਆਦੀ ਨਹੀਂ। ਜਿਹੜੀ ਮੈਂਡੇ ਖ਼ਾਨਦਾਨ ਰਾਹੀਂ ਹਜ਼ੂਰ ਦੇ ਖ਼ਾਨਦਾਨ ਦੀ ਵਫ਼ਾਦਾਰ ਏ।"

ਮੁਆਮਲਾ ਤਾਂ ਕੱਲੇ ਸ਼ਹਾਵੇ ਖ਼ਾਨ ਦਾ ਹੋਂਦਾ ਏ ਪਰ ਇੱਜ਼ਤ ਪੂਰੀ ਬਰਾਦਰੀ ਦੀ। ਇਹਦੀ ਬਰਾਦਰੀ ਦੇ ਕਿਸੇ ਆੜੇ ਨਾਲ ਇਹ ਧਰੋਹ ਹੋਏ ਤਾਂ ਵੀ ਕਦੀਂ ਸ਼ਹਾਵੇ ਨੇ ਮੁਆਮਲਾ ਸਾਰੀ ਬਰਾਦਰੀ ਦੀ ਇੱਜ਼ਤ ਦਾ ਬਣਾ ਕੇ ਪਰ੍ਹਿਆ ਪਾਉਣੀ ਏ? ਕਦੀਂ ਨਹੀਂ, ਇੱਜ਼ਤ ਤਾਂ ਬੱਸ ਵਡੇਰਿਆਂ ਮਾਲਕਾਂ ਦੀ ਹੋਈ, ਮਾੜਿਆਂ ਦੀ ਇੱਜ਼ਤ ਤਾਂ ਹੋਂਦੀ ਈ ਕੋਈ ਨਹੀਂ, ਉਂਜ ਬਾਹਰੋਂ ਕਿਸੇ ਨੂੰ ਇਹਨਾਂ ਨਿਮਾਣਿਆਂ ਨੂੰ ਬੇਇੱਜ਼ਤ ਕਰਨ ਦੀ ਲੋੜ ਵੀ ਨਹੀਂ, ਏਸ ਕੰਮ ਲਈ ਇਹਨਾਂ ਦੇ ਆਪਣੇ ਮਾਲਕ ਈ ਬਥੇਰੇ ਹਨ। ਖ਼ੈਰ ਏਥੇ ਗੱਲ ਸ਼ਹਾਵੇ ਖ਼ਾਨ ਦੀ ਪਈ ਹੋਂਦੀ ਏ ਜੋ ਪਹਿਲੋਂ ਤਾਂ ਰੰਗ ਦੀ ਕਾਲਖ਼ ਵੇਖ ਸਵਾਣੀ ਨੂੰ ਬਲਾ ਤੇ ਭੀਲਣ ਕਰ ਰਾਹੇ ਛੱਡ ਟੁਰਿਆ। ਹੁਣ ਜਦ ਸਵਾਣੀ ਦੀ ਕਰੂਲੀ ਕਰਾਮਤ ਬਣ ਟੁਰੀ ਤਾਂ ਨਿਕਾਹ ਦੇ ਕਾਗ਼ਜ਼ ਲੈ ਹਾਜ਼ਰ ਹੋਇਆ ਏ, ਆਪਣੀ ਮਲਕੀਅਤ ਸਾਬਤ ਕਰਨ ਕੀਤੇ। ਸ਼ਹਾਵੇ ਦੇ ਪਹਿਲੇ ਬਿਆਨ ਤੋਂ ਜਾਪਦਾ ਏ ਜੋ

ਓਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਏ ਤੇ ਉਹ ਹੁਣ ਭੀਲਣ ਨੂੰ ਆਪਣੀ ਮਨਕੂਹਾ ਪਿਆ ਮੰਨਦਾ ਏ ਪਰ ਨਹੀਂ ਸ਼ਹਾਵੇ ਖ਼ਾਨ ਦਾ ਮਸਲਾ ਭੀਲਣ ਨਹੀਂ ਦਰਬਾਰ ਏ। ਉਹ ਤਹਿਵਰ ਖ਼ਾਨ ਵੱਲੋਂ ਹੋਈ ਨਜ਼ਰ ਰੱਦ ਕਰਵਾ ਕਰਕੇ ਆਪਣੇ ਵੱਲੋਂ ਸੁਲਤਾਨ ਨੂੰ ਨਜ਼ਰ ਪੇਸ਼ ਕਰਨੀ ਚਾਹੁੰਦਾ ਏ। ਸੁਲਤਾਨ ਨੇ ਜੇਵੇਂ ਈ ਫ਼ੈਸਲਾ ਸ਼ਹਾਵੇ ਤੇ ਛੱਡਿਆ ਓਸ ਤੁਰੰਤ ਤਲਾਕ਼ ਦੇ ਕੇ ਭੀਲਣ ਸੁਲਤਾਨ ਦੀ ਨਜ਼ਰ ਚਾ ਕੀਤੀ। ਆਪਣੀਆਂ ਲੋੜਾਂ ਨਾਲ ਬੱਝਾ ਤੇ ਦਰਬਾਰ ਵਿਚ ਥਾਂ ਬਣਾਉਂਦਾ ਸ਼ਹਾਵਾ ਗਹਿਣੇ ਵੀ ਨਹੀਂ ਲੈਂਦਾ ਸ਼ਾਹ ਆਲਮ ਤੋਂ ਤੇ ਆਖਦਾ ਏ:

"ਸ਼ਹਾਵਾ : (ਸ਼ਾਹ ਦਿਆਂ ਮੋਢਿਆਂ ਤੇ ਹੱਥ ਰੱਖ ਕੇ) ਸਿਰ ਨੀਵਾਂ ਏ ਮੈਂਡਾ। ਮੈਂ ਕੀਤੀ ਭੁਲਾਵਣ ਵਾਲਾ ਬੰਦਾ ਨਹੀਂ ਸ਼ਾਹ ਜੀ। ਤੁਸਾਂ ਕ਼ਾਨੂੰਨ ਤੇ ਸ਼ਰਾਅ ਦੇ ਉਤਨੇ ਈ ਸਿਆਣੇ ਹੋ ਜਿਤਨੇ ਸਿਆਸਤ ਦੇ ਹੋ।"

ਸ਼ਹਾਵਾ ਸਰਦਾਰ ਏ ਤੇ ਆਪਣੀ ਜੂਹ ਦੇ ਲੋਕਾਂ ਨੂੰ ਦਰਬਾਰ ਦਾ ਵਫ਼ਾਦਾਰ ਤੇ ਗ਼ੁਲਾਮ ਰੱਖਣਾ ਸ਼ਹਾਵੇ ਦਾ ਈ ਕੰਮ ਹੋਇਆ। ਇੰਜ ਨਿੱਕੀਆਂ ਸ਼ਾਹੀਆਂ ਉੱਪਰ ਵੱਡੀਆਂ ਸ਼ਾਹੀਆਂ ਉਸਰਦੀਆਂ ਹੋਈਆਂ। ਆਮ ਸਾਇਲ ਵਾਂਗ ਹਾਜ਼ਰ ਹੋ ਓਸ ਸੁਲਤਾਨ ਨੂੰ ਗੁੱਝੀ ਚਿਤਾਵਨੀ ਵੀ ਦਿੱਤੀ ਏ ਜੋ ਆਮਾਂ ਨਾਲ ਵੀ ਜੋੜ ਏ ਅਸਾਡਾ। ਚਿਰ ਨਹੀਓਂ ਲੱਗਣਾ ਆਮਾਂ ਦੇ ਅੰਦਰ ਦੱਬੀ ਨਾਬਰੀ ਨੂੰ ਜਗਾਉਂਦਿਆਂ। ਮੁਫ਼ਤੀ ਸਾਹਬ ਮੁਆਮਲਾ ਨਿੱਬੜ ਜਾਵਣ ਤੇ ਗਹਿਣਿਆਂ ਦੀ ਗੱਲ ਛੇੜੀ ਏ, ਪਹਿਲੋਂ ਨਹੀਂ। ਗਹਿਣੇ ਛੱਡ ਕੇ ਆਪਣਾ ਭਾਈਵਾਲ ਬਣਾਇਆ ਏ ਓਸ ਨੇ ਮੁਫ਼ਤੀ ਨੂੰ।

ਥਲ ਦੇ ਸਾਰੇ ਸਰਦਾਰ ਆਪਣੀਆਂ ਸਰਦਾਰੀਆਂ ਪੱਕੀਆਂ ਕਰਨ ਦੇ ਯਤਨ ਪਏ ਕਰੇਂਦੇ ਨੇਂ। ਥਲ ਤਾਂ ਰੇਤਾ ਹੋਇਆ ਉਸ ਦੀ ਕੀ ਸਰਦਾਰੀ, ਇਹਨਾਂ ਸਰਦਾਰਾਂ ਵਾਂਗ। ਸਰਦਾਰੀ ਵੀ ਫਰੇਬ ਈ ਏ। ਥਲ ਦਾ ਰੇਤਾ ਜੋ ਦੂਰੋਂ ਲਿਸ਼ਕਦਾ ਪਾਣੀ ਦਿਸਦਾ ਏ ਨੇੜੇ ਹੋਵੋ ਤਾਂ ਕੁਝ ਵੀ ਨਹੀਂ, ਇੰਜ ਈ ਸਰਦਾਰੀਆਂ ਹਨ। ਕ਼ੁਦਰਤ ਦੀ ਬਣਾਈ ਭੋਏਂ ਤਾਂ ਉਪਜਾਵਣਹਾਰ ਹੋਈ, ਸਰਦਾਰੀਆ ਦੀ ਮੱਲ ਨੇ ਤੇ ਧਰਤ ਉੱਪਰ ਕਬਜ਼ੇ ਨੇ, ਏਸ ਨੂੰ ਬੰਜਰ-ਵੀਰਾਨ ਕਰਕੇ ਰੇਤਾ ਬਣਾਇਆ ਏ। ਅੰਨ-ਪਾਣੀ ਦੀ ਘਾਟ ਦੇਵਣਹਾਰ ਸਰਦਾਰ ਆਪਣੀਆਂ ਫੋਕੀਆਂ ਸਰਦਾਰੀਆਂ ਵਿਚ ਠੱਗੇ-ਮੋਹੇ ਗਏ ਨੇਂ। ਅਦੁਮਰਾ ਜਾਮ ਹੋਵੇ, ਸ਼ਹਾਵਾ, ਤਹਿਵਰ, ਮਕ਼ਰਬ, ਮਹਿਰ ਯਾਂ ਸੁਲਤਾਨ, ਇਹਨਾਂ ਸਭਨਾਂ ਦੀ ਮੱਲ ਦਾ ਬਣਾਇਆ ਰੇਤਾ ਏ, ਥਲ। ਥੁੜ ਬਣਾ ਕੇ ਈ ਇਹਨਾਂ ਦੀਆਂ ਸਰਦਾਰੀਆਂ ਪੱਕੀਆਂ ਥੀਂਦੀਆਂ ਨੇਂ।

ਚਾਰੇ ਝੀਵਰ ਆਪਣੀਆਂ ਲੋੜਾਂ-ਥੋੜਾਂ ਦੇ ਬੱਝੇ ਹੋਏ ਆਪਣੀ ਮਜ਼ਦੂਰੀ-ਲਾਗ ਨੂੰ ਝੂਰਦੇ ਨੇਂ। ਨਾਲ ਭੀਲਣ ਨੂੰ ਟੋਕ ਕਰੇਂਦੇ ਨੇਂ ਸੱਸੀ ਹੋਵਣ ਦੀ, ਜਿਸ ਨੂੰ ਵਿਆਹ ਕੇ ਪੁਨੂੰ ਥਲ ਵਿਚ ਛੱਡ ਟੁਰਿਆ, ਭਰਾਵਾਂ ਦਾ ਸੰਗ ਬਣ। ਇਹ ਭੀਲਣ ਵੀ ਸੱਸੀ

ਈ ਹੋਈ, ਜਿਸ ਨੂੰ ਲਾੜ੍ਹਾ ਥਲ ਛੱਡ ਸੁਧਾਰਿਆ ਏ ਦੇਸ ਆਪਣੇ। ਝੀਵਰ ਆਪਣੀ ਟੋਕ ਵਿਚ ਸ਼ਹਾਵੇ ਨੂੰ ਵੀ ਪੁਣ ਗਏ ਨੇ ਓਸ ਦੀ ਨਕ਼ਲ ਬਣੇਂਦੇ। ਇਹਨਾਂ ਸਰਦਾਰਾਂ ਦਾ ਕੰਮ, ਰੋਜ਼ ਦਿਹਾੜੀ ਨਵਾਂ ਵਿਆਹ ਜੋ ਹੋਇਆ। ਭੀਲਣ ਦਾ ਪਿੱਛਾ ਵੀ ਫਰੋਲਿਆ ਨੇਂ, ਜੋ ਅਦੁਮਰਾ ਜਾਮ ਦੇ ਔਲਾਦ ਨਹੀਂ ਸੀ ਹੋਂਦੀ, ਕਿਸੇ ਫ਼ਕ਼ੀਰ ਦੇ ਆਖਣ ਤੇ ਇਹ ਭੀਲਣ ਮਲਕਾ ਦੇ ਕੁੱਛੜ ਦਿੱਤੀ ਗਈ ਤਾਂ ਔਲਾਦ ਹੋਵਣ ਲੱਗੀ ਪਰ ਉੱਪਰ-ਥੱਲੇ ਕੁੜੀਆਂ ਜੰਮੀਆਂ ਤਾਂ ਭੀਲਣ ਈ ਮਨਹੂਸ ਗਣੀਜੀ। ਸ਼ਹਾਵੇ ਨਾਲ ਧੋਖੇ ਨਾਲ ਵਿਆਹ ਕੇ ਆਪਣੇ ਗਲੋਂ ਲਾਹੀ ਨੇਂ। ਪੂਰੇ ਖਯਾਲ ਵਿਚ ਕੀ ਕੁਝ ਨਹੀਂ ਵਰਤੀ ਭੀਲਣ ਨਾਲ, ਪਰ ਓਸ ਦੇ ਮਾਪੇ ਕਿਧਰੇ ਨਹੀਂ ਆਏ ਨਾ ਧੀ ਦੀ ਵਾਤ ਲਈ। ਸ਼ਹਾਵਾ ਹੁਣ ਨਿਆਂ ਕਰਸੀ ਤੇ ਵੱਟੇ ਵਿਚ ਸੱਤੇ ਭੈਣਾਂ ਆਪਣੀ ਬਰਾਦਰੀ ਵਿਚ ਲੈ ਆਵਸੀ ਆਪਣੇ ਵਰਤਣ ਕੀਤੇ। ਝੀਵਰ ਡੋਲੀ ਚੁੱਕਣ ਲੱਗਦੇ ਨੇਂ ਤਾਂ ਭੀਲਣ ਬਾਹਰ ਨਿਕਲ ਆਉਂਦੀ ਏ ਤੇ ਗਹਿਣੇ ਲਾਹ ਝੀਵਰਾਂ ਅੱਗੇ ਸੁਟੇਂਦੀ ਏ। ਉਹ ਗਹਿਣਿਆਂ ਤੇ ਝਪਟ ਪੈਂਦੇ ਨੇਂ ਪਰ ਨਾਲ ਇਹ ਵੀ ਸੋਚ ਹੈ ਕਿ ਗਹਿਣੇ ਵੀ ਝੂਠੇ ਈ ਨਾ ਹੋਵਣ ਡੋਲੀ ਵਾਂਗ। ਭੀਲਣ ਘਰ ਨਹੀਂ ਜਾਂਵਦੀ ਤੇ ਝੀਵਰਾਂ ਨੂੰ ਵਲਦਾ ਦੇਂਦੀ ਏ:

> "ਝੀਵਰ : ਘਰ ਨਹੀਂ ਵੈਣਾ ਬੀਬੀ
> ਸਵਾਣੀ : ਕਿਹੜੇ, ਘਰ ਲੋੜਾਂ ਵਾਲਿਆਂ ਦੇ ਹੋਂਦੇ ਨੇਂ।
> ਮੈਂਡੀ ਕੇਹੀਂ ਨੂੰ ਲੋੜ ਨਹੀਂ। ਭਾਰ ਆਂ ਹਰ ਕੇਹੀਂ ਤੇ।"

ਝੀਵਰਾਂ ਨੂੰ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਕੀਤੇ ਗਹਿਣੇ ਦੇਂਦੀ ਏ। ਉਹ ਆਪਣੀਆਂ ਲੋੜਾਂ ਦੇ ਬੱਧੇ ਆਪੂੰ ਵਿਚ ਲੜ ਪੈਂਦੇ ਨੇਂ, ਗਹਿਣਿਆਂ ਤੋਂ ਤੇ ਆਪਣੀ ਲੜਾਈ ਦਾ ਮਲਬਾ ਵੀ ਭੀਲਣ ਉੱਪਰ ਪਾਉਂਦੇ ਨੇਂ, ਜੇਵੇਂ ਸ਼ਹਾਵੇ ਏਸ ਨੂੰ ਬਲਾ ਆਖਿਆ ਹਈ। ਪਾਣੀ ਪਿਆਵਣਹਾਰ ਬਾਵਾ ਅੱਗੇ ਹੋ ਲੜਾਈ ਰੋਕਦਾ ਏ ਤੇ ਸਲਾਹ ਦੇਂਦਾ ਏ ਜੋ ਸਾਰੇ ਗਹਿਣੇ ਵੇਚ ਕੇ ਪੈਸੇ ਆਪੂੰ ਵਿਚ ਵੰਡ ਲਵੋ। ਪਰ ਝੀਵਰ ਸਿਆਣੇ ਨੇਂ ਉਹਨਾਂ ਨੂੰ ਪਤਾ ਏ ਵੇਚਣ ਗਏ ਬਜ਼ਾਰ, ਤਾਂ ਚੋਰੀ ਦਾ ਪਰਚਾ ਕੱਟ ਸਕਦਾ ਏ। ਝੀਵਰ ਥਾਓਂ-ਥਾਈਂ ਫਿਰਦੇ ਹੋਏ, ਸੋ ਹਰ ਇਕ ਦਾ ਅੱਗਾ-ਪਿੱਛਾ ਜਾਣਦੇ ਨੇਂ। ਜਾਂਦੇ-ਜਾਂਦੇ ਬਾਵੇ ਦਾ ਵੀ ਕੱਚਾ-ਚਿੱਠਾ ਖੋਲ੍ਹ ਗਏ ਨੇ ਜੋ ਉਹ ਲੁਕਾਈ ਬੈਠਾ ਹਾ:

> "ਝੀਵਰ 3 : ਜਦੋਂ ਡੂਮ ਕ਼ਾਜ਼ੀ ਥੀ ਗਏ ਤਾਂ ਏਵੇਂ ਨਬੇੜੇ ਹੋਸਨ ਕਿ।
> ਝੀਵਰ 2 : ਟੁਰੋ ਯਾਰ ਬੋਕੇ ਵਿਚ ਈ ਲੁਕਿਆ ਰਹਿਣ ਦੇਵੋ, ਪਿੱਛਾ ਕਾਜ਼ੀ ਸਾਹਬ ਹੋਰਾਂ ਦਾ।"

ਚੌਥੀ ਝਾਕੀ ਵਿਚ ਝੀਵਰ ਮੁੜ ਆਉਂਦੇ ਨੇਂ ਜਦ ਸ਼ਾਹ ਆਲਮ ਭੀਲਣ ਤੇ ਬਾਵੇ

ਨੂੰ ਕ਼ਿਲ੍ਹੇ ਲੈ ਜਾਵਣ ਲਈ ਆਇਆ ਖਲਾ ਏ। ਉਹਨਾਂ ਪੋਟਲੀ ਗਹਿਣਿਆਂ ਦੀ ਭੀਲਣ ਦੀ ਨਹੂਸਤ ਕਰਕੇ ਲਿਆ ਧਰੀ ਏ ਬਾਵੇ ਅੱਗੇ, ਜੋ ਇਹ ਲੜਾਈ ਏ ਨਿਰੀ :

"ਝੀਵਰ 1 : ਬਨਣੀ ਕੀ ਹਈ ਹੱਥੋਂ ਅਗਲੀ ਵੀ ਢੈਂਦੀ ਏ ਪਈ। ਜਦੋਂਕੇ ਏਸ ਗਹਿਣੇ ਡਿੱਠੇ ਨੇ ਲਾਹ ਕੇ ਸਾਨੂੰ ਮਜੂਰੀ ਪਾਰੋਂ ਤੈਂਡੇ ਸਾਹਮਣੇ, ਇਥੇ ਭਿੜੇ ਆਂ ਤੇ ਤੂੰ ਵਿਚ ਆਇਆ ਏਂ ਤਾਂ ਟਲੇ ਆਂ ਹਿਕ-ਦੂਜੇ ਦੇ ਖ਼ੂਨੋਂ। ਘਰ ਗਏ ਆਂ ਤਾਂ ਜ਼ਾਲੀ ਭਿੜ ਪਈਆ ਨੇਂ। ਕੁਲ ਬਰਾਦਰੀ ਵਿਚ ਇੱਟ-ਖੜਿੱਕਾ ਲੱਗਾ ਪਿਆ ਏ।"

ਝੀਵਰ ਮਾੜੇ-ਨਿਮਾਣੇ ਨੇਂ ਆਪਣੀਆਂ ਲੋੜਾਂ ਦੇ ਬੱਝੇ, ਪਰ ਗਹਿਣਿਆਂ ਦਾ ਪਾਇਆ ਪਵਾੜਾ ਸਮਝ ਗਏ ਨੇਂ। ਸ਼ਾਹ ਆਲਮ ਨੇ ਸੁਲਤਾਨ ਵਲੋਂ ਸ਼ਾਹੀ ਮੁਹਰਾਂ ਦੀ ਥੈਲੀ ਦਿੱਤੀ ਝੀਵਰਾਂ ਨੂੰ ਪਰ ਉਹਨਾਂ ਲੈਣ ਤੋਂ ਇਨਕਾਰ ਚਾ ਕੀਤਾ। ਜੋ ਜਿਸ ਹਾਲ ਹਾਂ ਅਸਾਂ ਚੰਗੇ ਹਾਂ। ਹੋਂਦੀਆਂ ਰਹਿਸਨ ਪੂਰੀਆਂ ਲੋੜਾਂ ਅਸਾਡੀਆ, ਜੇਵੇਂ ਅੱਗੇ ਹੋਂਦੀਆਂ ਆਈਆਂ ਨੇਂ ਪਰ ਇਹ ਧਨ ਦੀ ਨਹੂਸਤ ਅਸਾਂ ਨਾਲ ਨਹੀਂ ਖੜਨੀ ਹੁਣ। ਭੀਲਣ ਦੀ ਆਖੀ ਗੱਲ ਹੁਣ ਸਮਝੇ ਨੇ ਝੀਵਰ :

"ਝੀਵਰ 2 : (ਭੀਲਣ ਨਾਲ) ਸੱਚ ਆਹਦੀ ਏਂ ਤੂੰ। ਅਸਾਂ ਉਮਰਾਂ ਲੰਘਾਈਆਂ ਡੰਗ ਦੇ ਟੁੱਕਰ ਪਿੱਛੇ, ਇਹ ਭਾਰੀਆਂ ਡੋਲੀਆਂ ਚੀਂਦਿਆਂ। ਅਸਾਂ ਆਪ ਈ ਚਾਤੀ ਵਦੇ ਆਂ ਮੋਢਿਆਂ ਤੇ ਮਜਬੂਰੀ ਆਪਣੀ।"

"ਭੀਲਣ : ਚਾਹੋ ਤਾਂ ਲਾਹ ਵੀ ਸਕਦੇ ਹੋ"

ਝੀਵਰਾਂ ਨੇ ਸਾਰੀ ਹਯਾਤੀ ਜਿਸ ਧਨ-ਗਹਿਣੇ ਨੂੰ ਸਿਕਦਿਆਂ ਲੰਘਾਈ, ਜਿਸ ਦੌਲਤ ਨੂੰ ਆਪਣਿਆਂ ਦੁੱਖਾਂ ਦਾ ਉਪਾਅ ਜਾਤਾ, ਓਸ ਦੇ ਮਿਲਣ ਨਾਲ ਈ ਓਸ ਦਾ ਕੱਚ ਸਹੀ ਹੋਇਆ। ਇਹ ਧਨ, ਮਾਲ-ਦੌਲਤ, ਗਹਿਣੇ ਸਭ ਭਾਰ ਘਟਾਉਂਦੇ ਨਹੀਂ, ਭਾਰ ਵਧਾਉਂਦੇ ਨੇਂ ਜੀਵਨ ਦਾ। ਇਹੀ ਮੂਲ ਏ ਹਰ ਲੜਾਈ ਦਾ ਜੋ ਆਪੂੰ ਵਿਚ ਤੇਰ-ਮੇਰ ਬਣਾਉਂਦਾ ਤੇ ਭਿੜਾਉਂਦਾ ਏ। ਹਯਾਤੀ ਦਾ ਸੁਖ ਤੇ ਖੁਸ਼ੀ ਇਹਨਾਂ ਦੀ ਮਥਾਜ ਨਹੀਂ। ਝੀਵਰ ਵਰ੍ਹਿਆਂ ਤੋਂ ਹਿਕ-ਬਏ ਦਾ ਸੰਗ ਬਣੇ ਜੀਵਨ ਭਾਰ ਚਾਈ ਟੁਰੇ ਨੇਂ, ਸੁਖ-ਦੁਖ ਦੀ ਸਾਂਝ ਹੈ ਇਹਨਾਂ ਦੀ। ਭੀਲਣ ਆਪ ਵਿਹਾਰੋਂ ਬਾਹਰੋਂ ਹੋਈ ਤੇ ਓਸ ਦੀ ਬੱਝੀ ਸੁਰਤ-ਮੱਤ ਆਜ਼ਾਦ ਹੋਈ, ਸ਼ਾਹੀ ਮਹਲ ਤੋਂ ਥਲ ਦਾ ਪੈਂਡਾ ਕਰਕੇ। ਏਸ ਨਵੀਂ ਬਣੀ ਹਸਤੀ ਨਾਲ ਟਕਰਾਅ ਕੇ ਝੀਵਰਾਂ ਨੂੰ ਆਪਣੀ ਸਿਆਣ ਹੋਈ ਏ ਤੇ ਬੱਝੇ ਧਨ ਦੀ ਵੀ। ਧਨ ਸਾਂਭਣਹਾਰ, ਧਨ ਦੇ ਬੱਝੇ ਹੋਂਦੇ ਨੇਂ ਤੇ ਧਨ ਦੀ ਮੈਲ ਸੁਰਤ ਨਹੀਂ ਬਨਣ ਦੇਂਦੀ। ਭੀਲਣ ਸਿਆਣ ਲਿਆ ਏ ਜੋ ਆਪਣੀ ਹਸਤੀ ਪਛਾਣ ਕੇ ਈ ਇਹ ਗਹਿਣੇ ਮੋੜਨ ਪਰਤੇ ਨੇਂ। ਝੀਵਰ ਧਨ ਤੋਂ

ਬੇ ਆਜ਼ਾਦ ਨੇਂ ਤੇ ਸੁੱਖ ਮਾਣਦੇ ਨੇਂ। ਉਹਨਾਂ ਨੂੰ ਭਾਰ ਚੁੱਕਣ ਵਾਰੇ ਹੈ, ਬੱਝਣ ਤੇ ਕ਼ੈਦ ਥੀਵਣ ਨਹੀਂ।

ਸਖ਼ੀ ਸਤਗੁਰ ਨੂਰ-ਨਿਗਾਹ ਵੱਡਾ ਪਾਤਰ ਹੈ ਖਯਾਲ ਵਿਚ, ਜਿਸ ਭੀਲਣ ਨੂੰ ਕਰਾਮਤ ਚਾ ਬਣਾਇਆ। ਨੂਰ-ਨਿਗਾਹ ਵਰਗੇ ਦਰਬਾਰ ਦਾ ਥੰਮ ਹੋਏ, ਦਰਬਾਰ ਇਹਨਾਂ ਨੂੰ ਥੰਮਦਾ ਏ ਤੇ ਇਹ ਦਰਬਾਰ ਨੂੰ। ਸਾਰੇ ਵੱਡੇ ਰਾਜੇ ਮੁਰੀਦ ਹੋਏ ਇਹਨਾਂ ਦੇ। ਇਹਨਾਂ ਦਾ ਆਖਣਾ ਹੁਕਮ ਦਾ ਦਰਜਾ ਰੱਖਦਾ ਹੇ। ਪੀਰ ਦੇ ਮੂੰਹੋਂ ਨਿਕਲਿਆ ਇਕ ਸ਼ਬਦ ਵੀ ਕੋਈ ਰੱਦ ਨਹੀਂ ਸਕਦਾ। ਘੜਿਆਂ ਦੇ ਖਾਰੇ ਪਾਣੀ ਨੂੰ ਮਿੱਠਾ ਕਰਨ ਦਾ ਉਪਾਅ ਭੀਲਣ ਦੀ ਕਰੂਲੀ ਦਸੇਂਦੇ ਨੇਂ ਪੀਰ ਸਾਹਬ। ਭੀਲਣ ਨੇ ਬੇਰ ਚੱਖ ਕੇ ਮਿੱਠੇ ਬੇਰ ਈ ਨਜ਼ਰ ਕੀਤੇ ਸਨ ਓਸ ਦੀ, ਇਹ ਕਰਨੀ ਪੀਰ ਨੂੰ ਪੋਹ ਗਈ ਯਾਂ ਮਤਾਂ ਮੋਹ ਗਈ। ਪੀਰ ਦਾ ਜੂਠਾ ਖਾਵਣ ਮੁਰੀਦਾਂ ਲਈ ਤਬਰਕ ਹੋਇਆ, ਪਰ ਭੀਲਣ ਆਪ ਸਾਰੇ ਬੇਰ ਟੁੱਕ ਕੇ ਨਜ਼ਰ ਕੀਤੇ ਨੇਂ, ਸਮਝੋ ਜੂਠੇ ਕਰਕੇ, ਇਹੀ ਅਨਹੋਣੀ ਸੀ ਭੀਲਣ ਦੀ ਜੋ ਆਮ ਵਰਤਾਰੇ ਤੋਂ ਹਟਵੀਂ ਤੇ ਟੋਕਵੀਂ ਸੀ, ਜੋ ਨੂਰ-ਨਿਗਾਹ ਦੀ ਪੁਰ-ਨੂਰ ਨਜ਼ਰ ਸਿਆਣ ਲਿੱਤੀ। ਭੀਲਣ ਦੀ ਕਰੂਲੀ ਨੂਰ-ਨਿਗਾਹ ਦੀ ਕਰਾਮਤ ਬਣ ਟੁਰੀ ਤੇ ਭੀਲਣ ਥਲ ਦੀ ਖੂਹੀ ਤੋਂ ਮੁੜ ਸ਼ਾਹੀ ਕ਼ਿਲ੍ਹੇ ਪੁੱਜ ਗਈ। ਅਦੁਮਰਾ ਜਾਮ ਦਾ ਸ਼ਾਹੀ ਮਹਲ ਛੱਡ ਕੇ ਓਸ ਦੀ ਕਸਰ ਮੁਕੀਜੀ ਆਹੀ ਆਪਣੀ ਸਿਆਣ ਪਾਰੋਂ। ਹੁਣ ਨੂਰ-ਨਿਗਾਹ ਦੀ ਡੂੰਘੀ ਨਜ਼ਰ ਸਿਆਣ ਘਿੱਦਾ ਏ ਜੋ ਏਸ ਦਾ ਕਿਸੇ ਨਾ ਕਿਸੇ ਪਕੜ ਵਿਚ ਰਹਿਣ ਲਾਜ਼ਮ ਏ। ਸ਼ਹਾਵੇ ਖ਼ਾਨ ਤੇ ਥਲ ਵਿਚ ਛੱਡ ਟੁਰਿਆ ਏ ਪਰ ਜੇ ਏਸ ਥਲ ਵਿਚ ਡੇਰਾ ਲਾ ਲਿਆ ਤਾਂ ਥਲ ਵੱਸ ਪੈਸੀ ਤੇ ਸ਼ਹਿਰ ਉੱਜੜ ਜਾਵਸਨ। ਜੇ ਇਹ ਹੋਣੀ ਹੋ ਗਈ ਤਾਂ ਸ਼ਹਿਰ, ਦਰਬਾਰ, ਕ਼ਿਲ੍ਹਾ ਸਭ ਮਲੀਆ-ਮੇਟ ਹੋ ਜਾਣਾ ਏ। ਜੇ ਦਰਬਾਰ ਈ ਨਾ ਰਹਿਆ ਤਾਂ ਪੀਰੀ ਕੇਵੇਂ ਚਲਸੀ, ਨੂਰ-ਨਿਗਾਹ ਦੀ। ਭੀਲਣ ਨੂੰ ਮੁੜ ਬੰਨਣ ਦਾ ਇਕੋ-ਇਕ ਰਾਹ, ਜੋ ਨੂਰ-ਨਿਗਾਹ ਨੂੰ ਔੜਿਆ ਉਹ ਏਹੀ ਹਾਂ। ਲੋਕਾਈ ਦੀ ਆਪਣੀ ਸੁਰਤ ਤਾਂ ਹੋਈ ਕੋਈ ਨਾ, ਉਹਨਾਂ ਨੂੰ ਸੁਲਤਾਨ ਦੇ ਫ਼ੁਰਮਾਨ ਸੁਣੀਂਦੇ ਨੇਂ ਯਾਂ ਨੂਰ-ਨਿਗਾਹ ਦੀਆਂ ਕਰਾਮਤਾਂ ਦਿਸਦੀਆਂ ਨੇਂ। ਤਹਿਵਰ ਤੇ ਮੁਕ਼ਰਬ ਵਰਗੇ ਸਿਆਣੇ ਹਰ ਪਲ ਆਪਣੀ ਵਾਹ-ਵਾਹ ਬਨਾਵਣ ਦੇ ਭੁੱਖੇ ਹੋਂਦੇ ਨੇਂ ਉਹਨਾਂ ਝੱਟ ਨਹੀਂ ਲਾਇਆ ਤੇ ਭੀਲਣ ਨੂੰ ਨਜ਼ਰ ਕਰ ਸੁਲਤਾਨ ਦੇ ਦਵਾਰ ਅਪੜਾਇਆ ਏ। ਨੂਰ-ਨਿਗਾਹ ਦਾ ਫ਼ੈਜ਼ ਕੁੱਲ ਖ਼ਲਕ਼ਤ ਤੱਕ ਅਪੜਾਵਣ ਕੀਤੇ ਏਹੋ ਰਾਹ ਜਾਤੋ ਨੇਂ ਜੋ ਮਾਈ ਸਾਹਿਬਾ ਕ਼ਿਲ੍ਹੇ ਵੰਜ ਵੱਸਣ। ਸ਼ਹਾਵੇ ਖ਼ਾਨ ਦੀ ਭੀਲਣ ਤੇ ਬਲਾ ਬਣਾਈ ਸਵਾਣੀ ਨੂੰ, ਨੂਰ-ਨਿਗਾਹ ਨੇ ਕਰਾਮਤ ਦੇ ਕੇ ਮਾਈ ਸਾਹਿਬਾ ਚਾ ਕੀਤਾ, ਵਿਹਾਰ ਆਪਣੀ ਲੋੜ ਲਈ ਜੋ ਚਾਹਵੇ ਸੋ ਬਣਾਵੇ, ਜੋ ਚਾਹਵੇ ਸੋ ਢਾਵੇ ਹਿਕ ਪਲ ਵਿਚ। ਤਹਿਵਰ ਤੇ ਮੁਕ਼ਰਬ ਜੇਹੇ ਮੌਕ਼ਾਪ੍ਰਸਤਾਂ ਏਸ ਕਰਾਮਤ ਨੂੰ ਆਪਣੇ ਵੱਲੋਂ ਨਜ਼ਰ ਕੀਤਾ ਸੁਲਤਾਨ ਨੂੰ, ਮੁੜ ਸ਼ਹਾਵੇ ਨੇ ਤਲਾਕ਼ ਦੇ ਕੇ ਬਾਕ਼ਾਇਦਾ

ਸੁਲਤਾਨ ਨੂੰ ਸਰਪ੍ਰਸਤੀ ਦਿੱਤੀ। ਹੁਣ ਸੁਲਤਾਨ ਏਸ ਕਰਾਮਤ ਨੂੰ ਆਪਣੇ ਨਿਕਾਹ ਵਿਚ ਲੈ ਕੇ ਏਸ ਦੀ ਮਲਕੀਤ ਆਪਣੇ ਹੱਥ ਕਰਨਾ ਚਾਹੁੰਦਾ ਏ। ਮਾਦੀ ਦੁਨੀਆਂ ਦਾ ਸੁਲਤਾਨ ਹੋਵਣ ਦੇ ਨਾਲ-ਨਾਲ ਰੁਹਾਨੀ ਦੁਨੀਆਂ ਤੇ ਵੀ ਕ਼ਬਜ਼ਾ ਹੋਸੀ ਏਸ ਦਾ। ਆਲ-ਦਵਾਲ ਦੇ ਸੁਲਤਾਨ ਡਰਸਨ ਤੇ ਏਸ ਦਾ ਰੁਅਬ ਵਧਸੀ। ਪਰ ਏਸ ਸਾਰੇ ਵਿਚ ਉਹ ਸਵਾਣੀ ਕਿੱਥੇ ਹੈ, ਜਿਸ ਨੂੰ ਆਪਣੀ ਲੋੜ ਲਈ ਅਦੁਮਰਾ ਜਾਮ ਧੀ ਬਣਾਇਆ ਤੇ ਲੋੜ ਪੂਰੀ ਕਰਕੇ ਜਾਨ ਛੁਡਾਵਣ ਕੀਤੇ ਘਰੋਂ ਕੱਢਿਆ ਧੋਖੇ ਨਾਲ। ਸਵਾਣੀ ਆਪਣੀ ਹਸਤੀ ਦੀ ਪਛਾਣ ਲਈ ਵੇਖਦੀ ਏ ਪਈ ਸਭ ਧਰੋਹ ਹੋਂਦਾ। ਸਿਆਣ ਤਾਂ ਹੈਸ ਜੋ ਪਛਾਣ ਹਰ ਬੰਦਾ ਆਪਣੀ ਪਿਆ ਬਣਾਉਂਦਾ ਏ ਏਸ ਦੀ ਮਾਲਕੀ ਸਿਰ। ਪਰ ਹੁਣ ਸਵਾਣੀ ਮੱਲ ਬਨਣ ਤੋਂ ਨਾਬਰ ਥਈ ਏ, ਵੰਜ ਅੱਪੜੀ ਏ ਨੂਰ-ਨਿਗਾਹ ਕੋਲ ਸੁਲਤਾਨੀ ਕਿਲ੍ਹਾ ਛੱਡ ਕੇ। ਨੂਰ-ਨਿਗਾਹ ਨੂੰ ਰੰਗਬਾਜ਼ ਬਣਾ ਭੰਡੇਂਦੀ ਏ ਭੀਲਣ, ਜਿਸ ਨੂੰ ਕਰਾਮਤ ਬਣਾ ਕੇ ਸੁਲਤਾਨੀ ਸੇਜ ਤੱਕ ਅਪੜਾਵਣ ਦਾ ਉਪਰਾਲਾ ਕੀਤਾ, ਨੂਰ-ਨਿਗਾਹ ਨੇ। ਜਦ ਓਹਲਾ ਲਹਿ ਗਿਆ ਤਾਂ ਨੂਰ-ਨਿਗਾਹ ਇਕੱਲਵੰਜ ਵਿਚ ਭੀਲਣ ਨੂੰ ਖੁੱਲ੍ਹ ਕੇ ਆਪਣਾ ਤੇ ਸੁਲਤਾਨੀ ਦਾ ਏਕਾ ਦਸੇਂਦਾ ਏ:

> "ਭੀਲਣ: ਸੋ ਅੱਜ ਰਾਤ ਜੇ ਮੈਂ ਓਥੇ ਈ ਰਹਿੰਦੀ ਤੇ ਸੁਲਤਾਨ ਦੀ ਸੇਜ ਤੇ ਤੁਧ ਵੀ ਨਾਲ ਹੋਵਣਾ ਹਾ।"
>
> ਨੂਰ-ਨਿਗਾਹ: ਨਹੀਂ, ਨਾਲ ਨਹੀਂ। ਸੁਲਤਾਨ ਦੇ ਵਜੂਦ ਵਿਚ ਈ ਹੋਵਨਾ ਹਾਂ ਮੈਂ। ਤੈਂਡਾ ਵਜੂਦ, ਡੈਂਡਾ ਨਹੀਂ ਹੁਣ। ਇਹ ਵਸੀਲਾ ਸਮਝ ਖ਼ਲਕ਼ ਦਿਆਂ ਦੁੱਖਾਂ ਦੇ ਉਪਾਅ ਦਾ। ਜੇਵੇਂ ਮੈਂਡਾ ਵਜੂਦ ਮੈਂਡਾ ਨਹੀਂ।

ਵੇਖੋ ਕਿਸ ਚਤਰਾਈ ਨਾਲ ਨੂਰ-ਨਿਗਾਹ ਭੀਲਣ ਨੂੰ ਆਪਣੇ ਰੰਗ ਰੰਗਣ ਲੱਗਾ ਹਾਂ। ਪਰ ਓਸ ਦੀ ਕਾਲਕ ਬਚਾ ਬਣ ਗਈ ਤੇ ਚਿੱਟੇ ਦੇਹੁੰ ਦਾ ਅਨਿਆਂ ਨਤਾਰ ਕੇ ਰਾਹੇ ਪਾਇਆ ਭੀਲਣ ਨੂੰ। ਓਸ ਸੁਲਤਾਨ ਦੇ ਦਿੱਤੇ ਡਰ ਤੇ ਲਾਲਚ ਵਿਚੋਂ ਵੱਖਰਾ ਕਰ ਘਿੱਦਾ ਆਪਣਾ ਆਪ। ਅਜਬ ਰੰਗ ਦੀ ਖੇਡ ਬਣੀ ਏ ਨਵੀਂ, ਅਖੀਰਲੀ ਝਾਕੀ ਵਿਚ, ਜਿਥੇ ਨੂਰ-ਨਿਗਾਹ ਭੀਲਣ ਦੀਆਂ ਪੁੱਛਾਂ ਦੇ ਵਲਦੇ ਦੇਂਦਾ-ਦੇਂਦਾ ਆਪ ਈ ਪੁੱਛਣਹਾਰ ਬਣ ਖਲੋਂਦਾ ਏ। ਭੀਲਣ ਵੇਰਵਾ ਕਰ ਦਸੇਂਦੀ ਏ ਜੋ ਕੇਵੇਂ ਸੁਲਤਾਨ ਤੇ ਓਸ ਦੇ ਹੱਥ-ਠੋਕੇ ਖੋਹ-ਖੱਸ ਕਰੇਂਦੇ ਨੇਂ ਮਾੜਿਆਂ ਦੀ ਕਰਨੀ ਤੇ। ਜਿਹਨਾਂ ਤੋਂ ਖੱਸਦੀ ਏ ਉਹਨਾਂ ਅੰਦਰ ਆਪਣੀ ਕੀਤੀ ਤੋਂ ਦੂਰੀ ਹੀ ਲਾਲਚ ਬਣ ਵੱਸਦੀ ਏ। ਜਦ ਖੋਹ ਨਹੀਂ ਸਕਦੇ, ਆਪਣੀ ਕੀਤੀ ਵਾਪਸ ਨਹੀਂ ਲੈ ਸਕਦੇ ਤੇ ਸਬਰ ਈ ਰਹਿ ਜਾਂਦਾ ਏ ਖ਼ਲਕ਼ਤ ਕੋਲ, ਜਿਸ ਤੋਂ ਸ਼ਾਹੀਆਂ ਡਰਦੀਆਂ ਨੇਂ। ਖ਼ਲਕ਼ਤ ਨੂੰ ਮੋਹਣ ਤੇ ਪਸਮਾਵਣ ਕੀਤੇ ਲੋੜ ਪੈਂਦੀ ਏ ਨੂਰ-ਨਿਗਾਹ ਵਰਗੇ

ਬਹਿਰੂਪੀਆਂ ਦੀ, ਜੋ ਸੁਲਤਾਨੀ ਅਨਿਆਂ ਨੂੰ ਨਿਆਂ ਕਰ ਵਰਤਾਵਣ ਖ਼ਲਕ਼ਤ ਨੂੰ ਤੇ ਉਹਨਾਂ ਦੇ ਸਬਰ ਨੂੰ ਅੰਦਰੇ ਘੁਟੀਜ ਕੇ ਲਾਲਚ ਦੀ ਪਨੀਰੀ ਲਾਵਣ। ਖ਼ਲਕ਼ਤ ਆਪਣੇ-ਆਪ ਵਿਚ ਰੁੱਝ ਕੇ ਆਪਣੇ ਵਰਗਿਆਂ ਨੂੰ ਈ ਖੋਹ-ਖੋਹ ਖਾਵੇ ਤੇ ਸੁਲਤਾਨ ਦੀ ਸੁਲਤਾਨੀ ਹੋਰ ਪਕੇਰੀ ਥੀਵੇ:

"ਨੂਰ-ਨਿਗਾਹ : ਜੇ ਖ਼ਲਕ਼ਤ ਨੂੰ ਪਾਣੀ ਮਿੱਠਾ ਮਿਲ ਵੰਜੇ ਤੇ ਤੂੰ ਖ਼ੁਸ਼ ਨਹੀਂ?

ਭੀਲਣ : ਤੈਂਡੀਆ ਕਰੂਲੀਆਂ ਨਾਲ ਖ਼ਲਕ਼ਤ ਦਾ ਪਾਣੀ ਮਿੱਠਾ ਨਹੀਂ ਹੋਵਣਾ। ਖ਼ਲਕ਼ਤ ਤੇ ਨਿੱਤ ਖਾਰਾ ਪੀਂਦੀ ਆਈ ਏ ਓਹਦੇ ਮਿੱਠੇ ਖੂਹ ਤੇ ਤਾਂ ਚਰੋਕਾ ਕ਼ਬਜ਼ਾ ਕੀਤੀ ਬੈਠੇ ਨੇ ਅਗਲੇ। ਤੈਂਡੀ ਕਰਾਮਤ ਤੈਨੂੰ ਮੋੜਨ ਆਈ ਆਂ, ਰੱਖ ਕੋਲ ਆਪਣੇ। ਤੂੰ ਤੇ ਸੁਲਤਾਨ ਇਕੋ ਸੇਜੇ ਸੌਂਦੇ ਓ, ਵਿਚ ਮੈਂਡੀ ਕੀ ਲੋੜ ਏ"

ਇਹ ਵੀ ਇਕ ਢੰਗ ਆਹਾ ਖ਼ਲਕ਼ਤ ਵਿਚੋਂ ਉੱਠੀ ਸੁਰਤ-ਮੱਤ ਨੂੰ ਆਪਣੇ ਹੱਕ਼ ਅੰਦਰ ਵਰਤੀਵਣ ਦਾ, ਜਿਸ ਦੀ ਸਾਰ ਹੈ ਭੀਲਣ ਨੂੰ। ਭੀਲਣ ਦੇ ਰੰਗ ਦੀ ਗੂੜ੍ਹ ਓਸ ਨੂੰ ਕਾਮਿਆ ਨਿਮਾਣਿਆਂ ਸਾਵਾਂ ਕੀਤਾ। ਨੂਰ-ਨਿਗਾਹ ਮਾੜਿਆਂ ਦੀ ਖ਼ਿਦਮਤ ਦਾ ਆਖ ਕੇ ਮੁੜ ਭੀਲਣ ਦੇ ਅੰਦਰ ਦੀ ਨਾਬਰੀ ਨੂੰ ਦਬਾਉਂਦਾ ਏ ਪਰ ਮਹਲਾਂ ਅੰਦਰ ਪਲੀ ਇਹਨਾਂ ਸਾਰਿਆਂ ਕਸਬਾਂ ਦੀ ਜਾਣੂੰ ਏ। ਖ਼ਲਕ਼ਤ ਲਈ ਹਿਕ ਪਾਣੀ ਈ ਨਹੀਂ, ਪੂਰਾ ਜੀਵਨ ਖਾਰਾ ਏ। ਉਹਨਾਂ ਵਰਗੀ ਨੂੰ ਸੁਲਤਾਨੀ ਹਰਮ ਵਿਚ ਰਲਾ ਕੇ ਆਪਣੀ ਨੇੜ ਦਸਾਵਣ ਦਾ ਚਾਰਾ ਪਿਆ ਕਰੇਂਦਾ ਏ ਸੁਲਤਾਨ। ਭੀਲਣ ਦਾ ਸੱਚ ਜਾਣਦਾ ਏ ਨੂਰ-ਨਿਗਾਹ, ਤਾਹੀਓਂ ਆਖਦਾ ਏ:

ਨੂਰ-ਨਿਗਾਹ : ਨਾ ਮੈਂ ਤੈਨੂੰ ਦਿੱਤੀ ਏ ਖਾਰੇ ਨੂੰ ਮਿੱਠਾ ਕਰਨ ਦੀ ਤਾਕ਼ਤ, ਨਾ ਮੈਂ ਵਾਪਸ ਲੈ ਸਕਨਾ। ਸੱਚ ਹੈ ਤੈਂਡੇ ਕੋਲ, ਕੌੜਾ। ਏਸੇ ਕੌੜ ਨੇ ਦਿੱਤੀ ਏ ਤੈਨੂੰ ਇਹ ਤਾਕ਼ਤ। ਜੋ ਤੂੰ ਜਾਨਣੀ ਏਂ ਮੈਂ ਵੀ ਜਾਨਣਾ। ਪਰ ਮੈਂ ਦਵਾਲੇ ਕੂੜ ਦੀ ਖੰਡ ਲਵੇੜ ਕੇ ਬੈਠਾ ਹੋਇਆਂ, ਇਥੇ। ਮੈਂ ਹਕੱਲਾ ਨਹੀਂ, ਪਹਿਲਾ ਨਹੀਂ, ਮੁੱਦਤਾਂ ਤੋਂ ਮੈਂਡੇ ਜੇਹੇ ਬਹਿੰਦੇ ਆਏ ਨੇਂ ਤਖ਼ਤਾਂ ਦੇ ਪਿੱਛੇ, ਸਭ ਕੁਝ ਜਾਣਦਿਆਂ, ਡਿੱਗਦਿਆਂ-ਢਹਿੰਦਿਆਂ ਨੂੰ ਕੁਝ ਆਸਰਾ-ਦਿਲਾਸਾ ਦੇਵਣ ਲਈ। ਅਨੇਰ ਦਾ ਹੱਥ ਹੌਲਾ ਕਰਾਵਣ ਲਈ। ਉਹ ਵੀ ਆਹੇ ਜਿਹਨਾਂ

ਬਾਹਰ ਖਲੋ ਕੇ ਲਲਕਰੇ ਪਏ ਮਾਰੇ, ਖੱਲਾਂ ਪਈਆਂ
ਲਹਾਈਆਂ, ਕੋਈ ਆਹਰ ਨਾ ਸਰਿਆ ਉਹਨਾਂ
ਦਾ। ਅਸਾਂ ਜਾਤਾ ਜੋ ਸਰਦਾ ਏ ਉਹ ਤੇ ਕਰੀਏ।
ਕੇਵੇਂ ਢਾਈਏ, ਢਾਈਏ ਤੇ ਕੀ ਬਣਾ ਖਲਹਾਰੀਏ
ਉਹਦੀ ਜਾਈਂ ਤੇ ਕੇਵੇਂ। ਇਹ ਸਾਰ ਨਹੀਂ ਸਾਨੂੰ।"

ਆਪਣੇ ਏਸ ਬਿਆਨ ਵਿਚ ਨੂਰ-ਨਿਗਾਹ ਆਪਣਾ ਕੱਚ ਤੇ ਖ਼ੁੜ ਆਪ ਈ ਚਤਾਰ ਨਤਾਰੀ ਏ ਸਾਰੀ, ਜੋ ਤਖ਼ਤ ਨੂੰ ਸਦਾ ਤੋਂ ਪੀਰੀਆਂ ਥੰਮਦੀਆਂ ਆਈਆਂ ਨੇਂ। ਨਾ ਕਰਨ ਇਹ ਤਾਂ ਕੀ ਕਰਨ, ਏਸ ਦਾ ਵਲਦਾ ਹੈ ਈ ਨਹੀਂ ਕੋਈ ਉਹਨਾਂ ਕੋਲ। ਸੋ ਸੱਚ ਭਾਲਣ ਦੀ ਬਜਾਏ ਕੂੜ ਦੀ ਬੁੱਕਲ ਲੈ ਕੇ ਬਹਿ ਗਏ। ਜਿਹਨਾਂ ਆਪ ਸੱਚ ਨਹੀਂ ਪਛਾਤਾ ਉਹਨਾਂ ਲੋਕਾਈ ਨੂੰ ਕੀ ਦਸਾਵਣਾ ਏ। ਆਪ ਆਪਣੀ ਕੌੜ ਅੰਦਰ ਰੱਖ ਬੈਠਿਆਂ ਨੇ ਖ਼ਲਕ਼ਤ ਨੂੰ ਮਿਠਾਸ ਕੇਵੇਂ ਵਰਤਾਉਂਣੀ ਏ। ਆਪਣੇ ਵਰਗੀਆਂ ਕੂੜੀਆਂ ਕਰਾਮਤਾਂ ਬਣਾ ਖ਼ਲਕ਼ਤ ਦੇ ਅੱਗੇ ਪਏ ਧਰੇਂਦੇ ਨੇਂ ਨਿੱਤ। ਇਹਨਾਂ ਨੂੰ ਫ਼ਰੀਦ ਵਰਗੇ ਜੀਅ ਨਹੀਂ ਦਿੱਸਦੇ ਜਿਹਨਾਂ ਖੰਡ ਲਿਬੜੀਆਂ ਵਿਸ ਗੰਦਲਾਂ ਸਿਆਣ ਕੇ ਵਿਹਾਰ ਦਾ ਵਰਤਾਰਾ ਛੱਡਿਆ। ਉਹਨਾਂ ਨੂੰ ਤਾਂ ਨੂਰ-ਨਿਗਾਹ ਵਾਂਗ ਇਹ ਨਾ ਪੁੱਛਣਾ ਪਿਆ ਜੋ ਢਾਵਣਾ ਕੀ ਏ ਤੇ ਜੇ ਪਹਿਲਾ ਢੈ ਪਿਆ ਤਾਂ ਨਵਾਂ ਉਸਾਰਨਾ ਕੀ ਏ। ਫ਼ਰੀਦ ਤਾਂ ਸਹਿਜੇ ਈ ਤਖ਼ਤ ਸ਼ਹਿਰ ਛੱਡ ਉਜੜ-ਅਜੋਧਣ ਆ ਵੱਸਿਆ ਤੇ ਓਸ ਨੂੰ ਵਸਾ ਦਿੱਤਾ ਜੋ ਅੱਜ ਤੱਕ ਪਿਆ ਵਸੇਂਦਾ ਏ ਦਿਲਾਂ, ਸੋਚਾਂ ਤੇ ਕਰਨੀਆਂ ਅੰਦਰ। ਓਸ ਖ਼ਲਕ਼ਤ ਅੰਦਰ ਜੋ ਅੱਜ ਵੀ ਫ਼ਰੀਦ ਦੇ ਲੜ ਲੱਗੀ ਘੋਖਲੇ ਲਲਕਰੇ ਨਹੀਂ ਪਈ ਮਾਰਦੀ। ਫ਼ਰੀਦ ਗਾਉਣ ਗਾਉਂਦੀ ਏ ਪਈ :

ਫ਼ਰੀਦਾ ਇਹ ਵਿਸ ਗੰਦਲਾਂ ਧਰੀਆਂ ਖੰਡ ਲਿਵਾੜ
ਇਕ ਰਾਹੇਂਦੇ ਰਹਿ ਗਏ ਇਕ ਰਾਧੀ ਗਏ ਉਜਾੜ

ਲਲਕਰੇ ਮਾਰਨ ਵਾਲਿਆਂ ਵਿਚ ਸ਼ਮਸ ਤੇ ਮਨਸੂਰ ਵਰਗੇ ਆਹੇ ਜੋ ਡਰੇ ਨਹੀਂ ਖੱਲ ਲੱਥਣ ਤੋਂ ਯਾਂ ਸਿਰ ਲਹਿਣ ਤੋਂ। ਉਹਨਾਂ ਆਪ ਖੱਲ ਲਾਹ ਕੇ ਹੱਥ ਨਪਾਈ ਲਾਹਵਣ ਵਾਲਿਆਂ ਦੇ, ਸਿਰ ਪਹਿਲੋਂ ਤਲੀ ਧਰਿਆ ਤਦ ਏਸ ਰਾਹੇ ਪਏ। ਖੱਲ ਤਾਂ ਇਕ ਪੜਦਾ ਹੋਇਆ ਹਰ ਜੀਅ ਦਾ, ਅਸਲ ਤੱਤ-ਸੱਤ ਤਾਂ ਖੱਲ ਅੰਦਰ ਵਸੇਂਦਾ ਹੋਇਆ ਜਿਸ ਦੀ ਕਰਨੀ ਤੋਂ ਡਰਦੀਆ ਨੇਂ ਸੁਲਤਾਨੀਆਂ ਤੇ ਖੱਲਾਂ ਲਾਹੰਵਦੀਆਂ ਨੇਂ ਇਹਨਾਂ ਸੱਚ ਪ੍ਰਚਾਰਨ ਵਾਲਿਆਂ ਦੀਆਂ। ਫ਼ਰੀਦ ਤੇ ਸ਼ਮਸ ਵਰਗੇ ਤਾਂ ਜੀਵਨਦਾਨ ਕਰਨਹਾਰ ਹੋਏ, ਬੱਝੀ ਖ਼ਲਕ਼ਤ ਨੂੰ ਉਧਾਰਨਹਾਰ, ਇਹ ਕੂੜ ਦੇ ਨਾਵੇਂ ਲੱਗ ਕੇ ਸੁਲਤਾਨੀ ਹੱਥ ਨਹੀਂ ਬਣੇ। ਜਿਸ ਵਿਚ ਜਿਤਨੀ ਸਕਤ ਹੈ, ਉਤਨਾ ਕਰਨ ਤਾਂ ਬਣਦਾ ਏ ਹਰ ਜੀਅ ਦਾ। ਭੀਲਣ ਨੇ ਕਰਨਹਾਰਾਂ ਦੀ ਕਰਨੀ ਦੀ ਪੜਚੋਲ ਕਰਕੇ

ਨੂਰ-ਨਿਗਾਹ ਦੇ ਅੱਗੇ ਧਰੀ ਏ ਮਤਾਂ ਆਪਣਾ-ਆਪ ਸਿਆਣ ਲਵੇ ਏਸ ਆਰਸੀ ਅੰਦਰ :

"ਭੀਲਣ : ਜੀਹਨੂੰ ਕੂੜ ਸੱਚ ਆਹਨਾ ਏਂ ਉਹ ਉਹਨਾਂ ਬਾਹਰ ਖਲੋਤਿਆਂ ਦਿਆਂ ਲਲਕਰਿਆਂ ਈ ਜਗਾਇਆ ਏ। ਖੱਲਾਂ ਉਹਨਾਂ ਦੀਆਂ ਲੱਥੀਆਂ ਤੁਹਾਡੇ ਏਥੇ ਬਹਿਣ ਨਾਲ। ਤੁਸਾਂ ਸੁਲਤਾਨਾਂ ਦਿਆਂ ਧਾਵਿਆਂ-ਧਾੜਿਆਂ ਲਈ ਦੁਆਈਂ ਦੇ ਹੱਥ ਪਏ ਚਾਏ। ਖ਼ਲਕ਼ਤ ਨੂੰ ਪੱਕ ਥੀਂਦਾ ਗਿਆ ਜੋ ਇਹ ਅਨੇਰ, ਅਨੇਰ ਨਹੀਂ ਕ਼ੁਦਰਤ ਦੀ ਮਨਸ਼ਾ ਏ। ਇਹ ਏਵੇਂ ਈ ਰਹਿਣਾ ਏ। ਅੱਲ੍ਹਾ ਵਾਲੇ ਜੋ ਸੁਲਤਾਨਾਂ ਦੇ ਨਾਲ ਨੇਂ ਤਾਂ ਸੁਲਤਾਨ ਵੀ ਸਮਝੋ ਅੱਲ੍ਹਾ ਵਾਲੇ ਈ ਹੋਏ। ਬਾਹਰੋਂ ਵੱਜਦੀਆਂ ਲਲਕਰੀਆਂ ਨੂੰ ਵੀ ਤੁਸਾਂ ਗੁੰਨ੍ਹ-ਰਿੰਨ੍ਹ ਕੇ ਇਲਮਾਈ ਬਣਾ ਛੋੜਿਆ। ਸ਼ਾਹੀ ਕਲਮਦਾਨਾਂ ਦਾ ਸੂਫ਼।"

ਭੀਲਣ ਦੇ ਅੰਦਰ ਦੀ ਜਗਦੀ ਕੌੜ ਜਿਸ ਸੱਚ ਦੀ ਸਿਆਣ ਦਿੱਤੀ ਉਹ ਉਹਨਾਂ ਨਾਬਰਾਂ ਦੀ ਦਿੱਤੀ ਏ ਜਿਹਨਾਂ ਹਾਰ ਨਾ ਮੰਨੀ ਤੇ ਮਾਰ ਜਰੀ ਹਰ ਵਾਰੇ। ਨੂਰ-ਨਿਗਾਹ ਤੇ ਸ਼ਾਹ ਆਲਮ ਵਰਗੇ ਈ ਆਹੇ, ਸ਼ਮਸ ਤੇ ਮਨਸੂਰ ਨੂੰ ਫਾਹੇ ਲਵਾਵਣ ਵਾਲੇ। ਖ਼ਲਕ਼ਤ ਨੂੰ ਸੁਲਤਾਨਾਂ ਦੀ ਸੁਲਤਾਨੀ ਦਾ ਪੱਕ ਕਰਾਵਣ ਵਾਲੇ ਤੇ ਆਪ ਇਲਮਾਈ ਦੇ ਜੁੱਸੇ ਪਾ ਲੋਕਾਈ ਨੂੰ ਫੰਦ-ਫ਼ਰੇਬ ਰਾਹੀਂ ਆਪਣੀ ਲੀਹੇ ਟੁਰਾਵਣ ਵਾਲੇ। ਜਾਪਦਾ ਏ ਭੀਲਣ ਦੇ ਕੀਤੇ ਏਸ ਨਤਾਰੇ ਨੂਰ-ਨਿਗਾਹ ਅੰਦਰ ਕੋਈ ਚੰਗਿਆਰੀ ਜਗਾਈ ਏ, ਤਾਹੀਓਂ ਸ਼ਾਹ ਆਲਮ ਜਦ ਸ਼ਾਹੀ ਦਸਤੇ ਦੇ ਨਾਲ ਸ਼ਾਹੀ ਪਾਲਕੀ ਵਿਚ ਲੈਣ ਆਇਆ ਏ ਮਾਈ ਭੀਲਣ ਨੂੰ ਤਾਂ ਨੂਰ-ਨਿਗਾਹ ਓਸ ਨੂੰ ਸੱਖਣਾ ਮੋੜ ਦਿੱਤਾ ਏ ਤੇ ਭੀਲਣ ਨੂੰ ਮੁੜ ਆਜ਼ਾਦ ਚਾ ਕੀਤਾ ਏ ਕਰਾਮਤ ਦੀ ਕ਼ੈਦੋਂ, ਪਰ ਨਾਲ ਇਹ ਆਖ ਕੇ ਸਾਵਧਾਨ ਵੀ ਕੀਤਾ ਏ:

"ਨੂਰ-ਨਿਗਾਹ : ਤੂੰ ਕੁਝ ਕਰ ਸਕਨੀ ਏਂ? ਕਰ, ਮੈਨੂੰ ਨਾ ਦੱਸ। ਜਿੱਥਾਂ ਜਾਣਾ ਹੀ ਜਾ, ਪਰ ਜੇ ਲਲਕਰੇ ਈ ਹਨ ਤੈਂਡੇ ਕੋਲ ਵੀ ਤਾਂ ਉਹਨਾਂ ਦਾ ਤਰੋੜ ਤੇ ਹੈ ਸ਼ਾਹ ਫੈਜ਼-ਉਲ-ਆਲਮ ਦਿਆਂ ਫ਼ਤਵਿਆਂ ਵਿਚ। ਪਿੱਛੋਂ ਭਾਵੇਂ ਤੈਂਥੇਂ ਮਕ਼ਬਰੇ ਤੇ ਵੀ ਧਮਾਲਾਂ ਪਈ ਪਾਵੇ ਖ਼ਲਕ਼ਤ। ਮਕ਼ਬਰੇ ਉਤੇ ਸੰਗਮਰਮਰ ਤੇ ਸੁਲਤਾਨ ਲਵਾ ਦੇਸੀ।"

ਨੂਰ-ਨਿਗਾਹ ਕੋਲ ਸਮਝ ਤਾਂ ਪੂਰੀ ਹੈ, ਆਪਣੀ ਕਰਨੀ ਦੀ। ਆਪਣੇ ਵੇਲੇ

ਤੋਂ ਪਹਿਲੋਂ ਦੇ ਨਾਬਰਾਂ ਦੀ ਕਰਨੀ ਦੀ ਤੇ ਉਹਨਾਂ ਨਾਲ ਵਾਪਰੀ ਦੀ। ਓਸ ਆਪ ਆਪਣੇ ਲਈ ਇਹ ਵਿਚਕਾਰ ਦੀ ਰਾਹ ਚੁਣੀ ਏ। ਨੂਰ-ਨਿਗਾਹ ਭੀਲਣ ਨੂੰ ਥਾਪੜਦਾ ਵੀ ਏ ਤੇ ਸਾਵਧਾਨ ਵੀ ਕਰੇਂਦਾ ਏ। ਜੋ ਵਿਹਾਰ ਦੇ ਹਾਕਮ ਲਲਕਰੀਆਂ ਦਾ ਤਰੋੜ ਕਰਨਾ ਜਾਣਦੇ ਨੇਂ ਤੇ ਮੁੜ ਆਪਣੇ ਕੀਤੇ ਅਨਿਆਂ ਨੂੰ ਲੋਕਾਈ ਵਿਚ ਨਿਆਂ ਬਣਾ ਪ੍ਰਚਾਰਨ ਦਾ ਢੰਗ ਵੀ ਹੈ, ਉਹਨਾਂ ਕੋਲ।

ਖੂਹੀ ਵਾਲਾ ਬਾਵਾ ਹਯਾਤੀ ਦਾ ਲੰਮਾ ਪੰਧ ਕਰਕੇ ਖੂਹੀ ਤੀਕ ਅੱਪੜਿਆ, ਆਪਣੇ ਪਿੰਡੋਂ ਨਿਕਲ ਥਾਓਂ-ਥਾਈਂ ਪਿਆ ਫਿਰਿਆ ਕਿਸੇ ਦਰਬਾਰ ਤੇ ਗਾਉਂਦਿਆਂ ਖ਼ਾਨ ਸਾਹਬ ਉਹਨੂੰ ਸਿਆਤਾ ਤੇ ਨਾਲ ਲੈ ਗਿਆ। ਪੰਜ ਵਰ੍ਹੇ ਗਾਉਣ ਸਿਖਾਇਆ, ਮੁੜ ਦਰਬਾਰ ਨੌਕਰ ਕਰਵਾਇਆ। ਸਖ਼ੀ ਨੂਰ-ਨਿਗਾਹ ਦੇ ਸਾਹਮਣੇ ਆਇਆ ਤਾਂ ਉਹਨਾਂ ਕਸਰ ਸਿਆਤੀ, ਦਰਬਾਰੋਂ ਆਜ਼ਾਦ ਕਰ ਖੂਹੀ ਵਾਲੇ ਬਾਵੇ ਕੋਲ ਘੱਲਿਆ ਚਾ। ਅਸਲ ਕੰਮ ਛੱਡਣ ਪਾਰੋਂ ਜੋ ਅੰਦਰ ਦੀ ਰੜਕ ਹੈ ਉਹੀ ਕਸਰ ਬਣ ਵੇਂਦੀ ਏ, ਜੇਵੇਂ ਬਾਵੇ ਦੀ ਬਣੀ। ਬਾਵੇ ਦੇ ਅੰਦਰ ਦਾ ਇਨਸਾਨ ਆਜ਼ਾਦ ਜੀਵਨ ਦੀ ਮੰਗ ਕਰੇਂਦਾ ਏ, ਪਰ ਬਾਵਾ ਬੱਝਾ ਹੋਇਆ ਏ ਚਾਲੂ ਵਿਹਾਰ ਨਾਲ। ਡੂੰਮ ਤਾਂ ਉਹ ਹਾ ਜੱਦੀ-ਪੁਸ਼ਤੀ ਪਰ ਅੰਦਰ ਕਿਧਰੇ ਰੜਕ ਹਈ ਆਪਣੀ ਵੱਖ ਹਸਤੀ ਦੀ, ਵੱਖ ਪਛਾਣ ਦੀ, ਏਸ ਕਸਬ ਨਾਲੋਂ ਵੱਖ ਹੋ ਕੇ। ਰਾਤ ਵੇਲੇ ਜਦ ਸਵਾਣੀ ਝੁੱਗੀ ਵਿਚ ਥਾਂ ਮੰਗੀ ਏ ਤੇ ਬਾਵਾ ਆਹਦਾ ਏ, ਬਣਾ ਲੈ ਥਾਂ ਆਪ ਈ। ਇਹ ਪੁੱਛ-ਦੱਸ ਵੇਖੋ ਬਾਵੇ ਤੇ ਸਵਾਣੀ ਦੀ ਕੇਵੇਂ ਦੋਏ ਹਿਕ-ਬਏ ਦੇ ਉਲਟ ਸੋਚ ਵਰਤਾਉਂਦੇ ਨੇਂ ਪਏ:

"ਬਾਵਾ : ਜੇ ਨਾ ਬਣੇ ਹਾ ਜਾਅ, ਤਾਂ ਕਿਦਰੇ ਵੰਜੀਂ ਹਾ।
ਸਵਾਣੀ : ਇਤਨੀ ਰਾਤ ਏ। ਇਤਨੀ ਕਾਲਖ ਵਸਾਈ ਬੈਠੀ ਏ ਮੈਂਡੇ ਜੋਗੀ ਵੀ ਕਿਧਰੇ ਹੋਸੀ ਨਾ ਜਾਅ।
ਬਾਵਾ : ਜਿਹੜੀ ਬਣਾ ਘਿੱਦੀ ਏ ਤੁਧ ਉਹ ਤੈਂਡੀ ਏ ਹੁਣ।
ਸਵਾਣੀ : ਰੱਜ ਰਹੀ ਆਂ ਜਾਈਂ ਕੰਨੋਂ।
ਬਾਵਾ : ਰਹਿਣਾ ਤੇ ਪੋਂਦਾ ਈ ਏ ਨਾ ਕਿਥਾਈਂ।
ਸਵਾਣੀ : ਰਹਿਸਾਂ, ਜੇਵੇਂ ਰਾਤ ਰਹਿੰਦੀ ਏ।
ਬਾਵਾ : ਮੈਂ ਵੀ ਰਾਤ ਈ ਰਹਿਨਾਂ, ਦੇਹੁੰ ਖੂਹੀ ਤੇ ਲੰਘ ਵੇਂਦਾ ਏ। ਅੱਜ ਤੇ ਮਸਾਂ ਈ ਲੰਘਿਆ ਏ।

ਝੁੱਗੀ ਤਾਂ ਨਿਸ਼ਾਨ ਆਹੀ ਬੇ-ਨਾਵਿਆਂ, ਬੇ-ਥਾਵਿਆਂ ਦਾ। ਝੁੱਗੀ ਕੋਈ ਪੱਕਾ ਕੋਠਾ ਤਾਂ ਨਹੀਂ, ਪਰ ਬਾਵਾ ਸਵਾਣੀ ਨੂੰ ਓਸ ਦੀ ਬਣਾਈ ਜਾਅ ਪੱਕੀ ਪਿਆ ਦੇਂਦਾ ਏ, ਕੱਚੀ ਝੁੱਗੀ ਵਿਚ। ਸਵਾਣੀ ਮਹਲਾਂ ਵਿਚੋਂ ਆਈ ਏ, ਓਸ ਲਈ ਥਾਵਾਂ ਦਾ ਪਵਾੜਾ ਹੈ ਈ ਨਹੀਂ। ਉਹ ਹੁਣ ਕ਼ੁਦਰਤ ਦਾ ਸੰਗ ਹੋ ਕਿਤੇ ਵੀ ਵੱਸ ਸਕਦੀ ਏ ਓਸ ਨੂੰ ਸ਼ਹਾਵੇ ਦੇ ਘਰ, ਆਦਮਜਾਮ ਦੇ ਮਹਲ ਯਾਂ ਬਾਵੇ ਦੀ ਝੁੱਗੀ ਦੀ ਲੋੜ ਨਹੀਂ।

ਰਾਤ ਜੇਵੇਂ ਥਾਂ ਤੇ ਵੇਲੇ ਦੀ ਬਾਧੋਂ ਆਜ਼ਾਦ ਏ ਓਵੇਂ ਜੀਵਨ ਲੰਘਾਵਸੀ ਹੁਣ ਸਵਾਣੀ। ਓਸ ਆਪਣੀ ਕਾਲਖ ਨੂੰ ਰਾਤ ਦੀ ਕਾਲਖ ਨਾਲ ਜੋੜ ਸਿਆਤਾ, ਹੁਣ ਇਹ ਕਾਲੀ ਰਾਤ ਈ ਸੰਗ ਏ, ਸਵਾਣੀ ਦਾ। ਰਾਤ, ਹਨੇਰਾ ਜਿਸ ਤੋਂ ਡਰ ਆਉਂਦਾ ਏ ਓਸ ਨੂੰ ਅੰਦਰ-ਬਾਹਰ ਆਪਣੇ ਵਸਾਇਆ ਏ ਸਵਾਣੀ, ਹੁਣ ਡਰ ਕਾਹਦਾ। ਉਂਜ ਵੀ ਕੁੱਲ ਭੋਏਂ ਤੇ ਕ਼ਬਜ਼ਾ ਹੈ ਮਾਲਕਾਂ, ਹਾਕਮਾਂ ਦਾ, ਏਸ ਨਰ-ਪ੍ਰਧਾਨ ਵਿਹਾਰ ਅੰਦਰ, ਜਾਅ ਹੈ ਕਿੱਥੇ ਸਵਾਣੀ ਜੋਗੀ। ਉਹ ਹੁਣ ਰਾਤ ਏ ਆਪ, ਥਾਂ ਦੀ ਲੋੜ ਈ ਨਹੀਂ ਓਸ ਨੂੰ। ਬਾਵਾ ਇਤਨਾ ਜੀਵਨ ਪੰਧ ਕਰਕੇ ਵੀ ਅਜੇ ਸਿਪਾਹੀ ਤੋਂ ਖਾਧੀਆਂ ਛਮਕਾਂ ਤੇ ਝੀਵਰਾਂ ਦੀਆਂ ਟੋਕਾਂ ਨੂੰ ਪਿਆ ਝੁਰਦਾ ਏ। ਸਵਾਣੀ ਟੋਕ ਕੀਤੀ ਏ:

> "ਸਵਾਣੀ : ਇਤਨਾ ਪਾਣੀ ਤੁਧ ਕੱਢਿਆ ਏ, ਅੱਜਣ ਪਿੱਛਾ ਨਹੀਂ ਧੁੱਪਾ"

ਪਿੱਛਾ ਕੀ ਹੈ ਬੰਦੇ ਦਾ, ਜੋ ਉਹ ਭੁਲਾਵਣ ਲੋੜੀਂਦਾ ਏ ਤੇ ਕਿਉਂ? ਚਾਲੂ ਵਿਹਾਰ ਦੇ ਪਾਏ ਪਾੜਾਂ ਤੇ ਦਰਜੇਬੰਦ ਜੀਵਨ ਵਿਚ ਗੁਣ ਕਸਬ ਬਣਿਆ ਤੇ ਕਸਬ ਮੇਹਣਾ। ਬੰਦੇ ਦੀ ਪਛਾਣ ਬੰਦਾ ਹੋਵਣ ਨਾ ਰਹੀ, ਕਸਬ ਹੋ ਗਈ। ਕਸਬ ਲੋੜ ਵੇਲੇ ਵਰਤਣਾ ਤੇ ਲੋੜ ਪੂਰੀ ਹੋ ਜਾਵਣ ਤੇ ਨਿੰਦਣਾ ਸ਼ੁਗਲ ਹੋਇਆ ਮੱਲਵਾਨਾਂ, ਧਨਵਾਨਾਂ ਦਾ। ਗਾਉਣ ਦਾ ਕਿਤਨਾ ਖਾਸ ਗੁਣ ਹਾ ਬਾਵੇ ਦਾ ਜੱਦੀ-ਪੁਸ਼ਤੀ, ਜੋ ਬਾਵਾ ਲੁਕਾ ਕੇ ਵੀ ਲੁਕਾ ਨਾ ਸਕਿਆ। ਕੇਵੇਂ ਓਸ ਨੂੰ ਖ਼ਾਨ ਸਾਹਬ ਸਿਆਤਾ ਜੋ ਬਾਵੇ ਦੇ ਤਾਏ ਦੇ ਬੇਲੀ ਆਹੇ। ਗੁਣ ਮਾਨਣ ਦੀ ਬਜਾਏ, ਗੁਣ ਲੁਕਾਵਣ ਈ ਬਾਵੇ ਦੀ ਕਸਰ ਬਣ ਵੰਜਿਆ। ਓਸ ਮਹਿਰਾਂ ਦੀਆਂ ਪੈਲੀਆਂ ਵਾਹੀਆਂ, ਆਪਣਾ ਡੂੰਮ ਵਾਲਾ ਪਿੱਛਾ ਬਦਲਣ ਕੀਤੇ, ਪਰ ਰਹਿਆ ਤਾਂ ਉਹ ਕੰਮੀਂ ਦਾ ਕੰਮੀਂ ਹੀ। ਬਦਲ ਕੇਵੇਂ ਜਾਂਦਾ, ਆਦਰ ਕੇਵੇਂ ਪਾਉਂਦਾ। ਕੰਮ ਬਦਲਣ ਨਾਲ ਤਾਂ ਨਹੀਂ ਬਦਲਦਾ ਕੁਝ ਵੀ, ਜਦ ਤੀਕ ਕੁੱਲ ਟੋਰਾ ਨਾ ਬਦਲੇ ਵਿਹਾਰ ਦਾ, ਜਿਸ ਉਚਾਣ-ਨਿਵਾਣ ਵਿਚ ਵੰਡਿਆ ਏ ਕੁੱਲ ਖ਼ਲਕ਼ਤ ਨੂੰ। ਮਾਲਕ-ਗ਼ੁਲਾਮ ਦੀ ਵੰਡ ਮੁੱਕੇ ਤਾਂ ਸਵਾਹਰਾ ਜੀਵਨ ਟੁਰੇ, ਕਸਬ ਮੁੜ ਗੁਣ ਬਣੇ ਤੇ ਗੁਣ ਵਡਿਆਈ। ਮੱਲ ਵਿਹਾਰ ਦਾ ਗੁਣ ਤਾਂ ਹੋਇਆ ਧਨ ਤੇ ਧਨ ਦੇ ਸਿਰ ਜ਼ੋਰ। ਨਿਮਾਣਿਆਂ ਕੋਲ ਨਾ ਧਨ ਨਾ ਜ਼ੋਰ, ਕੇਵੇਂ ਆਪਣਾ-ਆਪ ਬਦਲਣ, ਸੋ ਏਹੀ ਅਧਸੁਰਤੀ ਕਸਰ ਬਣ ਗਈ ਬਾਵੇ ਦੀ। ਝੀਵਰਾਂ ਦੀ ਟੋਕ ਤੇ ਅਚੰਭਾ ਏ ਬਾਵਾ, ਜੋ ਓਸ ਦਾ ਪਿੱਛਾ ਕੇਵੇਂ ਜਾਤੋ ਨੇ ਪਰ ਨਾਲ ਸਵਾਣੀ ਤੇ ਵੀ ਖਿਝ ਹੈ ਸੂ, ਜੋ ਓਸ ਦੀਆਂ ਟੂੰਬਾਂ-ਗਹਿਣੇ ਨਾ ਢੋਂਦੇ ਝੀਵਰਾਂ ਨੂੰ, ਤਾ ਨਾ ਭਿੜਦੇ ਤੇ ਨਾ ਬਾਵੇ ਦਾ ਪਿੱਛਾ ਪੁਣਦੇ। ਸਵਾਣੀ ਵੇਰਵਾ ਕਰ ਖੋਲ੍ਹਿਆ ਬਾਵੇ ਅੱਗੇ ਝੀਵਰਾਂ ਦਾ ਭਾਰ ਚਾਵਣ, ਟੂੰਬਾਂ ਦੇ ਘੜਨਹਾਰ ਦੀ ਘਾਲ, ਵਾਹਕਾਂ ਦੀ ਮਿਹਨਤ ਨਾਲ ਵਾਹੀਆਂ ਪੈਲੀਆਂ, ਵੀਰੋ ਮੁਸੱਲਣ ਕਰ-ਵਿਹਾਰੋਂ ਰੱਦੀ ਤੇ ਸਵਾਣੀ ਕਰ-ਵਰਤੀ ਹਸਤੀ। ਇਹ ਤਾਂ ਸਭ ਬੇ-ਜ਼ੁਬਾਨ ਹੋਏ, ਹੱਥ ਬੰਨ੍ਹੇ ਗ਼ੁਲਾਮ, ਇਹਨਾਂ ਦਾ

ਵਾਜ ਕਦ ਸੁਣਿਆਂ ਕਿਸੇ। ਰੌਲਾ ਤਾਂ ਹੋਇਆ ਹਾਕਮਾਂ, ਸਰਦਾਰਾਂ ਦਾ, ਨਾ ਮਹਿਰ ਹੋਏ, ਰਾਜਾ ਯਾਂ ਚੌਧਰੀ ਇਕੋ ਗੱਲ ਏ। ਸਵਾਣੀ ਬਾਵੇ ਨੂੰ ਵੀ ਓਸ ਦੀ ਕਸਰ ਚੇਤੇ ਨਹੀਂ ਕਰਵਾਈ ਆਪਣੀ ਦੀ ਵੀ ਸਾਰ ਹੈ ਓਸ ਨੂੰ ਪੂਰੀ। ਸਰਦਾਰਾਂ ਘਰ ਜੰਮ ਕੇ ਵੀ ਰੰਗ ਦੇ ਕਾਲੇ ਹੋਵਣ ਪਾਰੋਂ ਓਪਰੀ ਹਈ ਆਪਣਿਆਂ ਲਈ ਤੇ ਪਰਾਇਆਂ ਦੀਆਂ ਟੋਕਾਂ ਤਾਂ ਜਰਨੀਆਂ ਈ ਸਨ। ਆਪਣੀ ਸਾਰ ਤਾਂ ਹਈ ਪਰ ਵਿਹਾਰੀਂ ਵਸੇਂਦੀ ਭੁੱਲ ਗਈ ਤੇ ਸ਼ਹਾਵੇ ਦੀ ਡੋਲੀ ਚੜ੍ਹ ਬੈਠੀ। ਥਲ ਦੇ ਸਿਰੇ, ਖੂਹੀ ਤੇ ਅੱਪੜ ਆਪਣਾ–ਆਪ ਪਛਾਣਿਆ ਸ਼ਹਾਵੇ ਦੀ ਅੱਖੀਂ ਤੱਕ:

"ਬਾਵਾ : ਢੈ ਗਈ ਹੋਸੀਂ ਜਦ ਡੋਲੀ ਛੋੜ ਵਿੱਦਾ ਏ ਉਹ।

ਭੀਲਣ : ਨਹੀਂ, ਮੈਂ ਜਾਤਾ ਅਜੇ ਕਸਰ ਹੈ ਘਣੀ। ਵਿਚ ਕਿਦਾਈਂ ਸਿਕ ਹੈ ਉਹਨਾਂ ਦੀ ਡੋਲੀ ਚੜ੍ਹ ਬਹਿਣ ਦੀ, ਉਹਨਾਂ ਦੀ ਬਣਾਈ ਹਾਂ ਮੈਂ। ਵੇਲਾ ਲੱਗਸੀ ਢੈਣ ਵਿਚ।"

ਏਸ ਵਿਹਾਰੀਂ ਵਸੇਂਦਿਆਂ ਕਸਰ ਤਾਂ ਹੋਈ ਸਭਨਾਂ ਅੰਦਰ, ਪਰ ਓਸ ਦੀ ਸਮਝ–ਸਾਰ ਨਹੀਂ ਕਿਸੇ ਨੂੰ। ਇਹ ਵਿਹਾਰ ਪੂਰਾ ਹੈ ਈ ਕਸਰ–ਵਿਹਾਰ, ਕਸਰ ਕਿਤੇ ਘਾਟਾ ਹੈ ਕਿਤੇ ਵਾਧਾ। ਅਸਾਵਾਂ ਜੀਵਨ ਈ ਤਾਂ ਦੇਣ ਹੋਈ, ਏਸ ਵਿਹਾਰ ਦੀ। ਕੁਦਰਤ ਦੇ ਵਿਹਾਰੀਂ ਵੱਸਣ ਈ ਕਸਰੋਂ ਛੁਟਕਾਰ ਸੀ। ਭੀਲਣ ਨੂੰ ਆਪਣੀ ਕਸਰ ਦੀ ਸਾਰ ਏ ਪੂਰੀ, ਨਾਲ ਵਿਹਾਰ ਦੀ ਵੀ, ਜੋ ਭੁੱਲੀਂ ਪਾਉਂਦਾ ਏ। ਭੀਲਣ ਨੂੰ ਮਿਲ ਬਾਵੇ ਦੀ ਸੁਰਤ ਵੀ ਜਗੀ ਏ ਹੁਣ, ਜਦ ਸ਼ਾਹ ਫ਼ੈਜ਼–ਉਲ–ਆਲਮ ਰੰਦੋਲਵੀ ਖੂਹੀ ਤੇ ਆਇਆ ਏ ਤੇ ਬਾਵੇ ਦੇ ਵਲਦਿਆਂ ਵਿਚ ਭੀਲਣ ਦੀ ਵਾਜ ਵੀ ਸੁਣੀਂਦੀ ਏ। ਬਾਵਾ ਪਾਣੀ ਦੇ ਮਿੱਠੇ–ਖਾਰੇ ਦਾ ਪੁੱਛਣ ਤੇ ਸ਼ਾਹ ਨੂੰ ਆਖਦਾ ਏ:

"ਬਾਵਾ : ਜਿਹਦਾ ਹੈ, ਓਵੇਂ ਹੈ ਜੇਵੇਂ ਓਸ ਵਗਾਇਆ ਏ ਮੈਂਡੇ ਤੇ ਘੜੇ ਕੋਈ ਨਹੀਂ"

ਪਾਣੀ ਖੂਹਾਂ, ਚਸ਼ਮਿਆਂ ਵਿਚ ਤੇ ਮਿੱਠਾ ਏ ਪਰ ਘੜਿਆ ਵਿਚ ਪੈਂਦਿਆਂ ਖਾਰਾ ਹੋ ਜਾਂਦਾ ਏ। ਵਗਦਾ ਪਾਣੀ ਤਾਂ ਹੋਇਆ ਸਭਨਾਂ ਦਾ, ਏਸ ਤੇ ਕਿਸੇ ਦੀ ਮੱਲ ਯਾਂ ਕ਼ਬਜ਼ਾ ਨਹੀਂ। ਘੜਾ ਇਕ ਵੱਖ ਭਾਂਡਾ ਏ ਜੋ ਕੁਦਰਤ ਦੇ ਦਾਨ ਨੂੰ ਸਾਂਭ ਘਿਨਦਾ ਹੈ। ਘੜੇ ਦੀ ਮੱਲ ਮਾਲਕ ਕੋਲ ਏ, ਚਾਹਵੇ ਤਾਂ ਪਾਣੀ ਦੇਵੇ, ਚਾਹਵੇ ਤਾਂ ਇਨਕਾਰ। ਖੁੱਲ੍ਹਾ ਵਗਦਾ ਪਾਣੀ, ਕਿਸੇ ਕ਼ਬਜ਼ੇ ਵਿਚ ਨਹੀਂ ਸੋ ਉਹ ਮਿੱਠਾ ਏ। ਘੜਾ ਰਮਜ਼ ਏ ਮਾਲਕੀ ਦੀ, ਸਾਂਭਣਹਾਰ ਦੀ ਸਾਂਭ ਦੀ, ਨਿੱਜਵਾਦ ਦੀ। ਖਾਰ, ਕੌੜ ਆਈ ਪਾਣੀ ਵਿਚ, ਜਦ ਸਾਂਝ ਵਰਤਣ ਮੁੱਕ, ਵੱਖਰੇਵਾਂ ਬਣਿਆ। ਪਾਣੀ ਜੀਵਨ ਦੀ ਮੁੱਢਲੀ ਲੋੜ ਤੇ ਜੀਵਨ ਸੋਮਾ ਏ, ਜਦ ਉਹੀ ਖਾਰਾ ਥੀ ਗਿਆ ਤਾਂ ਅੱਗੇ ਉਪਜ ਕੀ ਹੋਸੀ। ਸ਼ਾਹ ਆਲਮ ਭੀਲਣ ਦੀ ਕਰੂਲੀ ਦੇ ਕਰਾਮਤ ਬਨਣ ਪਿੱਛੋਂ ਓਸ ਨੂੰ ਕਿਲ੍ਹੇ ਲਿਜਾਵਣ ਦੇ ਇਰਾਦੇ ਨਾਲ ਆਇਆ ਏ। ਕਰਨਾ ਤੇ ਓਸ ਉਹ ਹੈ ਜੋ ਸੋਚ

ਕੇ ਆਇਆ ਏ ਤੇ ਬਾਵੇ ਕੂੰ ਪੁੱਛਦਾ ਏ ਕੀ ਖ਼ਿਆਲ ਏ ਤੁਹਾਡਾ?

"ਬਾਵਾ : ਖ਼ਿਆਲ ਤੇ ਖਿਡਾਵਣ ਆਲੇ ਦਾ ਹੈ ਸ਼ਾਹ ਜੀ"

ਸ਼ਾਹ ਆਲਮ ਭੀਲਣ ਦੇ ਕ਼ਿਲ੍ਹੇ ਲਿਜਾਵਣ ਬਾਰੇ ਪੁੱਛਿਆ ਏ ਪਰ ਬਾਵੇ, ਸ਼ਾਹ ਨੂੰ ਵੱਡੀ ਖੇਡ ਦਾ ਚੇਤਾ ਕਰਵਾਇਆ ਏ। ਜੋ ਸ਼ਾਹ ਆਲਮ, ਨੂਰ-ਨਿਗਾਹ ਨਾਲ ਰਲ ਸੁਲਤਾਨੀ ਖੇਡ ਪਿਆ ਖਿਡਾਉਂਦਾ ਏ ਆਪਣਿਆਂ ਫ਼ਤਵਿਆਂ ਤੇ ਹੁਕਮਾਂ ਨਾਲ, ਕੁਲ ਖ਼ਲਕ਼ਤ ਨੂੰ। ਪਰ ਵੱਡੀ ਖੇਡ ਤਾਂ ਕ਼ੁਦਰਤ ਦੀ ਰਚਾਈ ਏ। ਉਹ ਖੇਡ ਜਿਸ ਨੂੰ ਵਸਾਰੀ ਬੈਠਾ ਏ ਇਹ ਉਤਲਾ ਮੇਲ। ਸ਼ਾਹ ਦੇ ਗੱਲ ਕਰੇਂਦਿਆਂ ਝੀਵਰ ਤੇ ਮਹਿਰ ਖ਼ਾਨ ਅੱਪੜ ਵੇਂਦੇ ਨੇ, ਪੂਰੀ ਗੱਲ ਦੁਹਰਾਉਂਦੇ ਨੇਂ। ਮਹਿਰ ਖ਼ਾਨ ਭੀਲਣ ਦੀ ਕਰੂਲੀ ਲੈਣ ਆਇਆ ਏ ਤੇ ਝੀਵਰ ਗਹਿਣੇ ਪਰਤਾਵਣ ਆਏ ਨੇਂ :

"ਭੀਲਣ : ਕਾਈ ਬਰਕਤ-ਸ਼ਰਕਤ ਨਹੀਂ ਮੇਰੇ ਮੂੰਹ ਵਿਚ। ਮੈਂ ਤੇ ਓਹਾ ਹਾਂ ਜੋ ਆਹੀ। ਸੱਚ ਆਹਦੇ ਓ ਮੈਂ ਆਪਣੀ ਨਹੂਸਤ ਤੁਹਾਡੇ ਗਲ ਚਾ ਘਿੱਤੀ। ਆਪ ਖ਼ਲਾਸ ਥਈ, ਤੁਹਾਨੂੰ ਬੰਨ੍ਹ ਗਈ।

ਬਾਵਾ : ਜਦ ਮੈਂ ਇਹ ਗੱਲ ਆਖੀ ਏ ਤਾਂ ਤੇ ਆਹਦੀ ਹਾਵੇਂ ਨਹੀਂ ਗਹਿਣਿਆਂ ਦਾ ਕੋਈ ਦੋਸ਼ ਨਹੀਂ, ਗਹਿਣੇ ਤਾਂ ਘਾਲ ਹਨ ਘੜਨ ਵਾਲੇ ਦੀ।

ਭੀਲਣ : ਗਹਿਣੇ ਉਹ ਘਾਲ ਹਨ ਘੜਨ ਵਾਲੇ ਦੀ ਜੀਹਦਾ ਮੁੱਲ ਘੜਨ ਵਾਲੇ ਨੂੰ ਨਹੀਂ ਢੈਂਦਾ। ਗਹਿਣਿਆਂ ਵਾਲੇ ਕੋਲ ਵੰਜ ਜੁੜਦਾ ਏ। ਏਹਾ ਨਹੂਸਤ ਏ।

ਬਾਵਾ : ਤਾਂ ਨਾ ਘੜੇ ਗਹਿਣੇ ਘੜਨ ਵਾਲਾ। ਨਾ ਬਨਣ ਦੇਵੋਂ ਆਪਣੀ ਘਾਲੀ-ਘਾਲ ਨੂੰ ਨਹੂਸਤ।

ਭੀਲਣ : ਉਹ ਮਜਬੂਰ ਏ। ਜੇਵੇਂ ਇਹ ਮਜਬੂਰ ਨੇਂ ਡੋਲੀਆਂ ਢੋਵਣ ਵਾਲੇ।"

ਝੀਵਰਾਂ ਇਹ ਨਹੂਸਤ ਸਿਆਣ ਲਈ ਏ ਪਰ ਮਹਿਰ ਖ਼ਾਨ ਤੇ ਸ਼ਾਹ ਆਲਮ ਕੋਲ ਸਕਤ ਈ ਹੈ ਨਹੀਂ ਇਹ ਸੱਚ ਸਿਆਨਣ ਦੀ। ਬਾਵਾ ਘਾਲੀ ਦੀ ਘਾਲ ਨੂੰ ਆਪਣੇ ਗਾਉਣ ਕਸਬ ਨਾਲ ਜੋੜ ਪਿਆ ਵੇਂਹਦਾ ਏ। ਜੇਵੇਂ ਓਸ ਗਾਉਣ ਛੱਡਿਆ ਤੇਵੇਂ ਘਾਲੀ ਘੜਨ ਛੱਡ ਦੇਵਣ। ਬਾਵੇ ਨੇ ਆਪਣਾ ਕੰਮ ਛੱਡਿਆ ਤੇ ਕਸਰ ਵਿਚ ਫਾਤਾ ਨਾ। ਭੀਲਣ ਦੀਆਂ ਗੱਲਾਂ ਨਾਲ ਸਹਿਜੇ-ਸਹਿਜੇ ਆਪਣੀ ਹਸਤੀ ਦਾ ਰਲਾ ਪਿਆ ਸਿਆਣਪਾ ਏ। ਟੁੱਕਰ ਤਾਂ ਲੋੜੀਂਦਾ ਏ ਨਾ ਹਰ ਕਿਸੇ ਨੂੰ ਢਿੱਡ ਭਰਨ ਕੀਤੇ, ਕੇਵੇਂ ਕੰਮ ਛੱਡ ਦੇਵਣ ਨਿਮਾਣੇ ਘਾਲਕ। ਬਾਵਾ ਵੀ ਇੰਜੇ ਪਾਣੀ ਦੇ ਆਹਰ ਲੱਗਾ ਭੀਲਣ ਨਾਲ ਈ ਕ਼ਿਲ੍ਹੇ ਅੱਪੜ ਗਿਆ। ਪਾਣੀ ਦਿਆਂ ਘੜਿਆਂ ਦਾ ਹਿਸਾਬ ਕਰੇਂਦਾ

ਆਪਣੀ ਕਸਰ ਦੇ ਨਾਲ ਈ। ਭੀਲਣ ਕੰਧ ਤੋਂ ਸੁਣੀ ਦਰਬਾਰ ਹੋਈ ਗੱਲ ਕਰੇਂਦੀ ਏ ਬਾਵੇ ਨਾਲ, ਉਹ ਅਚੰਭਾ ਏ ਪਈ ਕੰਧ ਕੇਵੇਂ ਬੋਲਦੀ ਏ :

"ਭੀਲਣ : ਏਥੇ ਜਿਤਨੇ ਬੰਦੇ ਨੇਂ, ਉਤਨੀਆਂ ਕੰਧਾਂ ਨੇਂ। ਕੰਧਾਂ ਜਾਪਦਾ ਏ ਨਾ ਸੁਣਦੀਆਂ ਨੇ ਨਾ ਵੇਖਦੀਆਂ ਨੇਂ ਪਰ ਕਹਾਣੀ ਲਿਖੀ ਪਈ ਏ ਹਰ ਕੇਹੀਂ ਦੇ ਮੱਥੇ ਤੇ ਕੋਈ ਪੜ੍ਹੇ ਨਾ ਪੜ੍ਹੇ।

ਬਾਵਾ : ਮੈਂਡੀ ਵੀ ਪੜ੍ਹ।

ਭੀਲਣ : ਤੈਂਡੇ ਕੋਲ ਤੇ ਅਜੇ ਹੈ ਐਨਕ।

ਬਾਵਾ : ਕੇਹੜੀ?

ਭੀਲਣ : ਕਸਰ ਵਾਲੀ। ਜੇਹਦੇ ਨਾਲ ਅੱਗੇ ਪੜ੍ਹੇਂਦਾ ਆਇਆ ਏਂ, ਆਪਣੀ।

ਬੰਦਾ ਜੀਊਂਦਾ ਜੀਅ ਹੋਵੇ ਤਾਂ ਉਹ ਰਾਹ ਹੋਇਆ ਹਿਕ ਬਏ ਦਾ, ਪਰ ਜੇ ਗ਼ੁਲਾਮ ਥੀਵੇ ਤਾਂ ਕੰਧ। ਕੰਧ ਰੋਕ ਹੈ, ਡੱਕਾ, ਜੋ ਪਾਰ ਵੰਜਣ ਤੋਂ ਹਟਕਦੀ ਏ। ਕ਼ਿਲ੍ਹੇ ਵਿਚ ਕੰਮ ਕਰੇਂਦੇ ਗੋਲੇ-ਗੋਲੀਆਂ ਕੰਧਾਂ ਹਨ, ਜੋ ਨਾ ਸੁਣਦੇ ਨੇਂ, ਨਾ ਬੋਲਦੇ ਨੇਂ, ਨਾ ਵੇਖਦੇ ਨੇਂ। ਉਹਨਾਂ ਨੂੰ ਜੀਊਂਦਾ ਸਮਝਣ ਕ਼ਿਲ੍ਹੇ ਵਾਲੇ ਤਾਂ ਪੜ੍ਹਨ ਉਹਨਾਂ ਦੇ ਮੱਥੇ ਲਿਖੇ। ਹਾਕਮਾਂ ਦਾ ਧਰੋਹ ਜਰਦੇ, ਵਗਾਰ ਕੱਟਦੇ ਇਹ ਗ਼ੁਲਾਮ ਸਭ ਵੇਖਦੇ ਨੇਂ ਜੋੜ-ਤਰੋੜ ਹੋਂਦੇ। ਭੀਲਣ ਪੜ੍ਹੀ ਏ ਉਹਨਾਂ ਦੇ ਮੱਥੇ ਲਿਖੀ ਕੱਥ। ਬਾਵਾ ਆਪ ਤਾਂ ਪੜ੍ਹਦਾ ਆਇਆ ਏ ਆਪਣੀ ਕੱਥ ਪਰ ਅੰਦਰ ਸਿਕ ਹੈ, ਜੋ ਕੋਈ ਬਿਆ ਵੀ ਪੜ੍ਹੇ ਓਸ ਦੀ ਕਹਾਣੀ, ਜੇਵੇਂ ਭੀਲਣ ਹੋਰ ਬੰਦਿਆਂ ਦਾ ਪਈ ਦਸੇਂਦੀ ਏ। ਬਾਵੇ ਨੂੰ ਭੀਲਣ, ਵੀਰੋ ਮੁਸੱਲਣ ਵਰਗੀ ਜਾਪੀ ਏ। ਭੀਲਣ ਓਸ ਨੂੰ ਕਦੀਂ ਸਵਾਣੀ ਲੱਗਦੀ ਏ, ਕਦੀਂ ਕਾਲ-ਮੌਤ ਵਰਗੀ। ਭੀਲਣ ਤੋਂ ਵੱਖ ਹੋਵਣ ਵੀ ਮੌਤ ਵਰਗਾ ਏ ਬਾਵੇ ਕਾਨ ਤੇ ਸੰਗ ਹੋਵਣ ਵੀ ਮੌਤ। ਭੀਲਣ ਪੈਰ-ਪੈਰ ਓਸ ਨੂੰ ਚੇਤੇ ਕਰਵੇਂਦੀ ਏ:

"ਭੀਲਣ : ਕਸਰ ਵਲਾਂਵਦਾ ਰਹਿਓਂ, ਪਛਾਣੀ ਕਦੀਂ ਨਹੀਂ ਏਹਾ ਕਸਰ ਈ ਬੂਹਾ ਹੈ ਸਿਆਣ ਦਾ, ਏਹੋ ਅਯਾਣ ਦਾ"

ਕਸਰ ਅੰਦਰ ਦੀ ਥੁੜ ਬਣ ਵੰਜੇ ਤਾਂ ਓਸ ਦੀ ਸਿਆਣ ਥੁੜ ਪੂਰਦੀ ਏ। ਸਿਆਣ ਨਾ ਹੋਵੇ ਕਸਰ ਦੀ ਤਾਂ ਬੰਦਾ ਓਸ ਨੂੰ ਵਲਾਂਉਂਦਾ ਏ ਕਈਂ ਪੱਜ ਪਾ ਕੇ ਤੇ ਕਸਰ ਵਧਦੀ ਏ। ਬਾਵੇ ਆਪਣੇ ਡੂੰਮ ਪਿੱਛੇ ਨੂੰ ਛੱਡਿਆ, ਵੀਰੋ ਮੁਸੱਲਣ ਤੇ ਔਖਤ ਬਣੀ ਤਾਂ ਓਸ ਦੇ ਨਾਲ ਨਹੀਂ ਖਲੋਤਾ, ਵੱਖ ਹੋ ਪ੍ਰਦੇਸੀ ਥੀਆ। ਜੋ ਵੀ ਕੰਮ ਕੀਤਾ ਓਸ ਵਿਚ ਪੂਰਾ ਤਾਂ ਕਦੀਂ ਹੋਇਆ ਈ ਨਹੀਂ, ਹਾਜ਼ਰ ਕਸਰ ਕੇਵੇਂ ਮੁੱਕਦੀ। ਭੀਲਣ ਨੂੰ ਮਿਲ ਮੁੜ ਵੀਰੋ ਮੁਸੱਲਣ ਦੀ ਯਾਦ ਅੰਦਰ ਜਗੀ ਏ, ਜੋ ਕਿਤੇ ਦੱਬ ਛੋੜੀ ਆਹੀ। ਭੀਲਣ ਮਿਲੀ ਏ ਤੇ ਅੰਦਰ ਦਾ ਮਰਦ ਜਾਗ ਪਿਆ ਏ, ਸਵਾਣੀ ਨੂੰ ਵਸਤ ਬਣਾ

ਵਰਤਣ ਦੀ ਸਧਰ ਫੇਰ ਉੱਠੀ ਏ ਮਨ ਵਿਚ :

"ਭੀਲਣ : ਪਾਵਣ ਈ ਤੇ ਨੁਸਖ਼ਾ ਏ ਕਸਰ ਵਲਾਵਣ ਦਾ। ਉਹਨਾਂ ਦਾ ਬਣਾਇਆ ਵੇਚਿਆ, ਜਿਹੜੇ ਖ਼ਲਕ ਦੀ ਕੀਤੀ ਆਪਣੇ ਪੇਟੇ ਪਾਈ ਆਏ ਨੇਂ। ਤੁਧ ਰਾਤ ਵੰਜਾਈ। ਉਹਨਾਂ ਦੀ ਬਣਾਈ ਸਵਾਣੀ ਲੋੜਦਾ ਰਹਿਓਂ, ਉਹਨਾਂ ਦੇ ਬਣਾਏ ਕਲਾਵੇ ਵਿਚ ਘੁੱਟਣ ਲਈ। ਪਰ ਉਹ ਸਵਾਣੀ ਹੋਵੇ ਤੇ ਕਲਾਵਾ ਭਰੇ ਤੈਂਡਾ। ਤੁਧ ਖੱਪਾ ਸਹੀ ਕੀਤਾ, ਵਿਚ ਮੌਤ, ਆਪਣੀ ਹਸਤੀ ਦੀ"

ਬਾਵੇ ਦੇ ਅੰਦਰ ਦੀ ਤਾਂਘ ਵਿਹਾਰੀ ਵੱਸਣ ਤੇ ਵਿਹਾਰਵਾਨਾਂ ਸਾਵਾਂ ਹੋਵਣ ਦੀ ਸਧਰ ਓਸ ਦੀ ਹਸਤੀ ਬੰਨ੍ਹ ਛੋੜੀ। ਉਹ ਕਸਰ ਜੋ ਓਸ ਨੂੰ ਅਸਲ ਚੇਤੇ ਕਰਵੇਂਦੀ ਰਹੀ, ਉਹ ਨਾ ਸਿਆਤੀ, ਤਾਹੀਓਂ ਸਾਰੀ ਹਯਾਤੀ ਪਾਣੀ ਪਿਆਉਂਦਾ ਆਪ ਤੱਸਾ ਈ ਰਹਿਆ। ਭੀਲਣ ਨੂੰ ਮਿਲ ਕਸਰ ਈ ਭੁੱਲ ਗਿਆ ਏ। ਹੁਣ ਰਾਹ ਦਿਸਿਆ ਸੂ ਜੋ ਗੁਣ ਨੂੰ ਗੁਣਵਾਨਾਂ, ਘਾਲਕਾਂ, ਪੋਰਹੇਤਾ ਲਈ ਵਰਤਣ ਈ ਕਸਰ ਮੁਕਾਵਸੀ। ਗੁਣ ਕਸਬ ਬਣ ਦਰਬਾਰਾਂ ਦੇ ਢਾਏ ਚੜ੍ਹਿਆ ਤਾਂ ਕਸਰ ਬਣਿਆ। ਹੁਣ ਏਸ ਨੂੰ ਪ੍ਰਤਾਵਣ ਲਈ ਜਤਨ ਕਰਨਾ ਪੈਣਾ ਏ। ਰੋਗ ਦੀ ਸਿਆਣ ਹੋ ਵੰਜੇ ਤਾਂ ਉਪਾਅ ਵੀ ਢੈਂਦਾ ਏ। ਭੀਲਣ ਜਾਂਦੀ ਨੂੰ ਪੁੱਛਦਾ ਏ ਖੂਹੀ ਤਾਂ ਪੂਰੀ ਗਈ ਹੁਣ ਕੀ ਕਰਸਾਂ ਮੈਂ, ਜਾਪਦਾ ਏ ਭੀਲਣ ਦੀ ਕਾਲਕ ਵਿਚੋਂ ਚਾਨਣ ਲੱਭ ਪਿਆ ਏ ਬਾਵੇ ਨੂੰ ਵੀ :

"ਭੀਲਣ : ਐਡਾ ਮੰਨਿਆ ਗਵੰਤਰੀ ਹੈਂ, ਗਾ ਦਰਬਾਰ ਵਿਚ

ਬਾਵਾ : ਹਾਂ, ਠੀਕ ਏ ਗਾਵਸਾਂ, ਪਰ ਦਰਬਾਰ ਵਿਚ ਨਹੀਂ, ਗਲੀਓ-ਗਲੀ ਮੰਗ ਖਾਵਸਾਂ। ਅਜੇ ਹੋਵੇ ਮਤਾਂ ਵੇਲਾ ਕਸਰ ਵਾਲਾ ਬੂਹਾ ਲੰਘਣ ਦਾ।

ਭੀਲਣ : ਹੈ, ਸਰਦਲ ਟੱਪਣੀ ਪੋਸੀ ਮੌਤ ਦੀ"

ਬਾਵੇ ਦਾ ਗਾਉਣ ਚਿਣਗ ਜਗਾਵਸੀ ਸੁਣਣਹਾਰਾਂ ਅੰਦਰ। ਜੂਹੋ-ਜੂਹ ਫ਼ਿਰਸੀ ਤਾਂ ਆਪਣੇ ਵਰਗੇ ਵਗਾਰੀਂ ਜੁੱਪਿਆਂ ਨੂੰ ਉਧਾਰਸੀ ਇਹ ਗਾਉਣ। ਆਪਣੀ ਹਸਤੀ ਦਾ ਇਨਕਾਰ ਈ ਮੌਤ ਦੀ ਸਰਦਲ ਟੱਪਣ ਹੈ। ਸਾਂਝੇ ਜੀਵਨ ਦਾ ਸ਼ਬਦ ਮਾਨਣ ਕੀਤੇ ਮੱਲ-ਵਿਹਾਰ ਨੂੰ ਨਿਰਾ ਛੱਡਣ ਨਾਲ ਗੱਲ ਨਹੀਂ ਬਨਣੀ। ਏਸ ਨੂੰ ਢਾਵਣ ਦਾ ਜਤਨ ਵੀ ਕਰਨਾ ਪੋਸੀ। ਖੂਹੀ ਦਾ ਪੂਰਨ ਬਾਵੇ ਦੇ ਅੰਦਰ ਦੇ ਖੱਪੇ ਦਾ ਪੂਰਨ ਈ ਹੋਵੇ ਮਤਾਂ। ਆਪ ਤਾਂ ਤ੍ਰਿਹਾਇਆ ਜੀਵਨ ਲੰਘਾਇਆ ਲੋਕਾਈ ਨੂੰ ਪਾਣੀ ਪਿਆਉਂਦਿਆਂ ਪਰ ਹੁਣ ਭੀਲਣ ਦੀ ਕਰੂਲੀ ਦੇ ਗੇੜੇ ਖੂਹ ਨਾਲ ਵੱਤਰ ਹੋਈ ਏ, ਸੋਚ ਬਾਵੇ ਦੀ। ਗਾਉਣ ਦੀ ਪਨੀਰੀ ਮੁੜ ਲੱਗੀ ਏ ਕਸਰ ਸਿਆਣ ਕੇ, ਆਪਣੀ ਵੀ ਤੇ ਵਿਹਾਰ ਦੀ ਵੀ।

ਖਯਾਲ ਵਿਚ ਕਸਰ ਦੇ ਘਾਟੇ ਵਾਲੇ ਪਾਤਰ ਬੇ-ਨਾਵੇਂ ਨੇਂ ਜੇਵੇਂ ਝੀਵਰ, ਬਾਵਾ ਤੇ ਭੀਲਣ। ਕਸਰ ਦੇ ਵਾਧੇ ਵਾਲੇ ਵੱਡੇ-ਵੱਡੇ ਨਾਂ ਨੇਂ ਸ਼ਹਾਵੇ ਖ਼ਾਨ ਬਿਖਨ, ਅਦੁਮਰਾਜਾਮ, ਰਜਗੋਠ, ਦੇ ਰਾਜੇ ਤਹਿਵਰ ਖਾਂ ਤੇ ਮੁਕ਼ਰਬ ਖਾਂ, ਮਹਿਰ ਖਾਂ, ਸ਼ਾਹ ਫ਼ੈਜ਼-ਉਲ-ਆਲਮ ਰੰਦੋਲਵੀ, ਸੁਲਤਾਨ। ਸ਼ਹਾਵੇ ਦਾ ਨਾਂ ਈ ਸ਼ਾਹਾਨਾ ਹੋਇਆ ਪਰ ਨਾਲ ਜ਼ਾਤ ਬਿਖਨ ਹੈ। ਬਿਖ, ਜ਼ਹਿਰ ਵੀ ਹੋਂਦਾ ਏ। ਮਤਾਂ ਜ਼ਾਤ ਦਾ ਜ਼ਹਿਰ ਈ ਭਰਿਆ ਏ ਹਸਤੀ ਅੰਦਰ, ਜੋ ਸ਼ਹਾਵੇ ਦੀ ਕਸਰ ਬਣ ਵੰਜੀ ਏ। ਭੀਲਣ ਦੇ ਪਿਓ ਅਦੁਮਰਾਜਾਮ ਦਾ ਨਾਂ ਖੇਡ ਜਈ ਬਣਾਉਂਦਾ ਏ, ਆਦਮਜਾਮ ਦੇ ਨਾਂ ਨਾਲ। ਆਦਮਜਾਮ ਲੋਕ-ਕਹਾਣੀ ਵਿਚ ਸੱਸੀ ਦਾ ਪਿਓ ਹਾਂ। ਪਰ ਅਦੁਮ ਵਿਚ ਦੁਮ ਦੇ ਬਿਨਾਂ ਵੀ ਲੁਕਿਆ ਹੈ। ਬਾਂਦਰ ਤੋਂ ਬੰਦਾ ਬਨਣ ਦੀ ਕੱਥ ਹੋਵੇ, ਮਤਾਂ ਨਾਂ ਵਿਚ। ਜ਼ਾਹਰੀ ਪੂਛਲ ਲੱਥ ਕੇ ਸਰਦਾਰੀ ਤੇ ਵਡਿਆਈ ਦੀ ਪੂਛਲ ਬਣ ਕੇ ਜਾਮ ਹੋਣਾ ਨਾਲ ਲੱਗ ਗਈ। ਇਹ ਐਵੇਂ ਈ ਨਾਵਾਂ ਦਾ ਖੋਭਾ ਬਣ ਗਿਆ ਏ ਅਸੀਂ ਤਾਂ ਬੇਨਾਵਿਆਂ ਦੀ ਗੱਲ ਕਰਨ ਟੁਰੇ ਸਾਂ ਭੀਲਣ ਵਰਗੇ ਜੀਅ, ਜੋ ਆਪਣੇ ਜ਼ਾਹਰ ਰੰਗ-ਰੂਪ ਦੀ ਘਾਟ ਪਾਰੋਂ ਵਿਹਾਰੋਂ ਰੱਦੇ ਗਏ। ਉਹਨਾਂ ਏਸ ਰੱਦਣ ਨੂੰ ਘਾਟ ਨਾ ਜਾਤਾ, ਗੁਣ ਜਾਣਿਆ ਤੇ ਆਪ ਵਿਹਾਰ ਨੂੰ ਰੱਦਿਆ। ਹਿਕ ਵਾਰ ਡੋਲੀਓਂ ਬਾਹਰ ਨਿਕਲੀ ਭੀਲਣ ਮੁੜ ਡੋਲੀ ਨਹੀਂ ਪਈ। ਮਾਪੇ ਡੋਲੀ ਪਾਉਂਦੇ ਨੇਂ ਤੇ ਸਹੁਰੇ ਡੋਲੀਓਂ ਕੱਢਦੇ ਨੇਂ ਵਹੁਟੀ ਨੂੰ, ਏਹਾ ਰੀਤ ਹੋਈ। ਭੀਲਣ ਨੂੰ ਮਾਪਿਆਂ ਡੋਲੀ ਤਾਂ ਪਾਇਆ ਪਰ ਡੋਲੀ ਵਿਚੋਂ ਨਿਕਲੀ ਉਹ ਆਪ ਏ, ਅਦੁਮਰਾਜਾਮ ਦੇ ਮਹਲੋਂ ਜੋ ਮੋਈ ਹਸਤੀ ਡੋਲੀ ਪਾ ਕੱਢੀ ਗਈ ਉਹ ਥਲ ਤਾਈਂ ਅੱਪੜਦਿਆਂ ਜੀਵਤ ਹੋਈ, ਤਾਹੀਓਂ ਸ਼ਹਾਵੇ ਦੇ ਛੱਡ ਜਾਵਣ ਦਾ ਹਿਰਖ ਨਹੀਂ ਏ ਭੀਲਣ ਨੂੰ। ਉਹ ਆਪਣੇ ਪਿਓ ਦੇ ਮਹਲੀਂ ਆਪਣਿਆਂ ਵਿਚ ਵਸਦਿਆਂ ਵੀ ਓਪਰੀ ਸੀ ਤੇ ਮਹਲ ਵਿਚ ਬਾਹਰੋਂ ਆਵਣ ਵਾਲੇ ਕੰਮੀਆਂ ਵਿਚ ਓਸ ਨੂੰ ਅਪਣੀਅਤ ਦਿੱਸਣੀ। ਰੰਗ ਦੀ ਗੂੜ੍ਹ ਈ ਭੀਲਣ ਦੀ ਸਿਆਣਫ਼ ਬਣੀ ਜੋ ਓਸ ਗਹਿਣੇ-ਟੂੰਬਾਂ ਲਾਹ ਸੁੱਟੇ, ਝੀਵਰਾਂ ਅੱਗੇ। ਝੀਵਰਾਂ ਨੂੰ ਵੀ ਭਾਰ ਚਾਵਣ ਤੋਂ ਵਰਜਦੀ ਏ ਜਦ ਉਹ ਆਪਣੀ ਮਜਬੂਰੀ ਦੀ ਗੱਲ ਕਰੇਂਦੇ ਨੇਂ। ਉਹਨਾਂ ਅੰਦਰ ਦੱਬੀ ਵਿਹਰ ਨੂੰ ਜਗਾਉਂਦੀ ਏ, ਜੋ ਛੱਡ ਦੇਵੋ ਡੋਲੀਆਂ ਚਾਉਣੀਆਂ। ਨਿਮਾਣਿਆਂ ਦੀ ਕਸਰ ਘਾਟ ਪਾਰੋਂ ਹੈ ਪਰ ਇਹ ਘਾਟ ਦਿੱਤੀ ਹੋਈ ਉਹਨਾਂ ਦੀ ਏ ਜਿਹਨਾਂ ਕੋਲ ਵਾਧੂ ਏ। ਵਾਧੇ ਦੀ ਕਸਰ ਨੇਂ ਈ ਘਾਟੇ ਦੀ ਕਸਰ ਬਣਾਈ ਏ। ਕਸਰ ਅਸਾਵਾਂ, ਅਪੱਧਰ ਹੋਵਣ ਪਾਰੋਂ ਹੈ। ਭੀਲਣ ਦਾ ਪੰਧ ਸ਼ਹਾਵੇ ਤੋਂ ਨੂਰ-ਨਿਗਾਹ ਤੱਕ ਟੁਰਦਾ ਏ। ਨੂਰ-ਨਿਗਾਹ ਸਿਆਣਾ ਏ, ਵਿਹਾਰ ਦੀ ਉਹ ਕਸਰ ਜਾਣਦਾ ਏ, ਪਛਾਣਦਾ ਏ ਤੇ ਉਪਾਅ ਵੀ ਕਰਦਾ ਏ, ਜਿਤਨਾ ਵਾਰੇ ਹੋਵੇ ਵਿਹਾਰ ਦੇ। ਜੇਵੇਂ ਬਾਵੇ ਦਾ ਗਾਉਣ ਸੁਣ ਇਕੱਲਵੰਜ ਵਿਚ ਪੁੱਛਦਾ ਏ, ਜੋ ਗਾਵਨਾਂ ਤਾਂ ਹੈਂ ਪਰ ਆਪ ਕਿੱਥੇ ਹੋਵਨਾਂ ਏਂ, ਬਾਵੇ ਦੀ ਕਸਰ ਸਿਆਣ ਕੇ ਓਸ ਨੂੰ ਖੂਹੀ ਤੇ ਪਾਣੀ

ਪਿਆਵਣ ਦੇ ਕੰਮ ਲਾਉਂਦਾ ਏ। ਭੀਲਣ ਦੀ ਕਸਰ ਵੀ ਸਿਆਣ ਲਈ ਏ ਨੂਰ-ਨਿਗਾਹ ਨੇ, ਜੋ ਇਹ ਆਜ਼ਾਦ ਜੀਅ ਏ ਹੁਣ ਆਪਣੀ ਸਕਤ ਦੀ ਜਾਣੂੰ ਏ। ਨੂਰ-ਨਿਗਾਹ ਵਿਹਾਰ ਨੂੰ ਬਦਲਣਾ ਚਾਹੰਵਦਾ ਏ ਪਰ ਆਪਣੇ ਢੰਗ ਨਾਲ। ਵਿਹਾਰ ਦੇ ਅੰਦਰ ਰਹਿ ਕੇ ਅਸਲਾਹ ਦਾ ਕੰਮ ਕਰਕੇ। ਨਿਮਾਣੀ ਖ਼ਲਕਤ ਦਾ ਦੁੱਖ ਸੁਣ ਕੇ, ਓਸ ਨੂੰ ਸੱਖਣੇ ਸੁੱਖ ਸੁਨੇਹੇ ਨਾਲ ਪਰਚਾ ਕੇ। ਜਦ ਤੀਕ ਪੂਰਾ ਵਿਹਾਰ ਨਹੀਂ ਬਦਲਦਾ ਤਦ ਤਾਈਂ ਸਹਿਜੇ-ਸਹਿਜੇ ਖ਼ਲਕਤ ਨੂੰ ਹੌਂਸਲਾ ਦਈ ਜਾਈਏ। ਇਹ ਵੀ ਇਕ ਰੰਗ ਹੋਇਆ ਵਿਹਾਰ ਬਦਲਣ ਦਾ। ਖਯਾਲ ਵਿਚ ਦੂਜਾ ਰੰਗ ਵਿਹਾਰ ਬਦਲਣ ਦਾ, ਭੀਲਣ ਏ ਜੋ ਪੂਰਾ ਉਲਟਾਅ ਚਾਹੰਵਦੀ ਏ, ਮਨਸੂਰ ਤੇ ਬੁੱਲ੍ਹੇ ਵਰਗਾ। ਭੀਲਣ ਕੋਲ ਏਸ ਕੰਮ ਲਈ ਆਪਣਾ ਵੱਖਰਾ ਢੰਗ ਏ ਜੋ ਉਹ ਦਸੇਂਦੀ ਨਹੀਂ, ਓਸ ਤੋਂ ਪਹਿਲੋਂ ਹੋਈ ਵਰਤੀ ਦੀ ਪੂਰੀ ਸਾਰ ਸਮਝ ਹੈ ਤੇ ਆਪਣੀ ਕਰਨੀ ਦਾ ਪੱਕ ਵੀ। ਵਿਹਾਰ ਦੇ ਰੱਦਣ ਨੇ ਈ ਭੀਲਣ ਦੀ ਨਵੀਂ ਸਿਰਜਣਾ ਕੀਤੀ ਏ। ਵਿਹਾਰ ਦਾ ਰੱਦਣ ਬੰਦੇ ਨੂੰ ਵਿਹਾਰੋਂ ਕੱਢਣ ਲਈ ਨਹੀਂ ਹੋਂਦਾ ਸਗੋਂ ਓਸ ਨੂੰ ਨਿਮਾਣਾ ਬਣਾ ਕੇ ਵਿਹਾਰ ਦੇ ਲੇਖੇ ਲਾਵਣ ਲਈ ਹੋਂਦਾ ਏ। ਇਨਸਾਨ ਦੇ ਗੁਣ ਨੂੰ ਉਹਦੀ ਘਾਟ ਬਣਾ ਕੇ ਦੱਸਣ ਤੇ ਮੁੜ ਆਪਣੇ ਲਾਹੇ ਲਈ ਵਰਤੀਵਣ ਦਾ ਵਿਹਾਰ ਸਿਆਣਾ ਹੋਇਆ। ਭੀਲਣ ਏਸ ਰੱਦਣ ਦਾ ਪਰਤਾਵਾ ਕਰਕੇ ਵਿਹਾਰ ਨੂੰ ਪੂਰਾ ਰੱਦਿਆ ਏ। ਉਹ ਹੁਣ ਨਿਰੀ ਇਕ ਸਵਾਣੀ ਯਾਂ ਇਕ ਹਸਤੀ ਨਹੀਂ ਉਹ ਰਾਤ ਹੋ ਪਸਰੀ ਏ ਕੁਲ-ਕ਼ਾਇਨਾਤ ਵਿਚ।

ਭੀਲਣ ਦਾ ਪਾਤਰ ਅਚਰਜ ਏ, ਜਿਸ ਨੂੰ ਛੁਹ ਜਾਂਦਾ ਹੈ ਏ ਓਸ ਨੂੰ ਆਪਣੇ ਰੰਗ ਰੰਗੀਜ, ਅੱਗੇ ਟੁਰ ਪੈਂਦਾ ਏ। ਕਾਲਾ ਰੰਗ ਉਂਜ ਵੀ ਸਾਰੇ ਰੰਗਾਂ ਨੂੰ ਇਕ ਕਰਦਾ ਏ। ਭੀਲਣ ਰਮਜ਼ ਵੀ ਜਾਪਦੀ ਏ ਅਸਾਡੀ ਲੋਕ-ਬੋਲੀ ਦੀ, ਇਥੋਕੇ ਪੁਰਾਣੇ ਗੂੜ੍ਹੇ ਰੰਗ ਦੇ ਵਸਨੀਕਾਂ ਦੀ। ਪੁਰਾਣੇ ਕ਼ਬੀਲੇ ਜੋ ਵੱਸਦੇ ਆਹੇ ਕਦੀਂ ਏਥੇ ਉਹਨਾਂ ਦੀ ਬੋਲੀ। ਉਹ ਬੋਲੀ ਜਿਸ ਨੂੰ ਆਪਣਿਆਂ, ਪਰਾਇਆ ਕੀਤਾ ਤਾਂ ਪਰਾਏ ਕੇਵੇਂ ਸਾਂਭ ਕਰਦੇ ਏਸ ਦੀ। ਏਸ ਨਿਮਾਣੀ ਰੱਦੀ ਥਲੋਚੜ ਬੋਲੀ ਖੁੱਲ੍ਹੇ ਰੇਤੜਾਂ ਵਿਚ ਡੇਰਾ ਲਾਇਆ, ਮਹਲ ਵਿਚ ਹੁਣ ਏਸ ਦੀ ਲੋੜ ਨਾ ਹਈ ਕਿਸੇ ਨੂੰ, ਮਹਲਾਂ ਵਾਲਿਆਂ ਰੰਗ ਵਟਾਇਆ ਬੱਗਾ, ਬਾਣਾ ਬਦਲਿਆ ਤੇ ਨਵੇਂ ਥੀਏ। ਇਹ ਨਾ ਬਦਲੀ, ਏਸ ਦੀ ਪਕਿਆਈ ਵਾਰੇ ਨਾ ਹਈ ਮਹਲ ਵਸੀਆਂ ਨੂੰ। ਇਹ ਆਜ਼ਾਦ ਹੋਈ ਤਾਂ ਰਾਤ ਬਣ ਗਈ। ਰਾਤ ਦੀ ਕਾਲਕ ਵੰਨੋ-ਵੰਨ ਰੰਗਾਂ ਦਾ ਝੇੜਾ ਈ ਮੁਕਾ ਛੱਡਿਆ। ਬੋਲੀ ਤਾਂ ਹੋਈ ਬੋਲਣਹਾਰਾਂ ਦੀ ਜਦ ਆਪਣਿਆਂ ਤੀਕ ਅੱਪੜੀ ਤਾਂ ਉਹਨਾਂ ਦੀ ਸੁਰਤ-ਮੱਤ ਬਨਣ ਲੱਗੀ, ਝੀਵਰ ਹੋਵਣ ਭਾਵੇਂ ਖੂਹੀ ਵਾਲਾ ਬਾਵਾ। ਬੋਲੀ ਤੋਂ ਵਖਰੇਵੇਂ ਪਾਰੋਂ ਬਣੀ ਕਸਰ ਮੁੱਕਣ ਲੱਗੀ, ਬੋਲਣਹਾਰਾਂ ਅੰਦਰੋਂ। ਹੁਣ ਝੋਰਾ ਬਣਿਆ ਛੱਡਣਹਾਰਾਂ ਕੀਤੇ, ਉਹ ਏਸ ਨੂੰ ਸਗਵਾਂ ਤਾਂ ਅੰਦਰਾਅ ਨਾ ਸਕਦੇ ਸਨ ਸੋ ਉਹਨਾਂ ਏਸ ਨੂੰ

ਫ਼ਕੀਰੀ, ਦਰਵੇਸ਼ੀ ਬਾਣਾ ਪਵਾ ਕ਼ਿਲ੍ਹੇ ਅੰਦਰ ਮੁੜ ਕੀਤਾ ਚਾ। ਰਾਤ ਦੀ ਕਾਲਕ ਨੂੰ ਤਸੱਵੁਫ਼ ਦੇ ਚਾਨਣ ਵਿਚ ਵਲ੍ਹੇਟਣ ਦਾ ਚਾਰਾ ਤਾਂ ਹਰ ਵਾਰੇ ਕਰਦਾ ਆਇਆ ਏ, ਵਿਹਾਰ। ਜੋ ਆਜ਼ਾਦ ਏ ਤੇ ਆਜ਼ਾਦੀ ਦੇਵਣਹਾਰ ਏ ਉਹ ਕੇਵੇਂ ਕ਼ੈਦ ਥੀਏ ਓਸ ਨੂੰ ਤਖ਼ਤ ਤੇ ਬਹਿਵਣ ਦਾ ਚਾਅ ਏ ਨਾ ਸੂਫ਼ ਦੀ ਟੋਪੀ ਪਾਵਣ ਦਾ। ਜੋ ਆਪ ਨੀਵੀਂ ਹੋਈ ਏ ਓਸ ਨੂੰ ਆਪਣੇ ਅੱਗੇ ਕਿਸੇ ਹੋਰ ਨੂੰ ਨੀਵਾਣ ਦੀ ਸੱਧਰ ਨਹੀਂ। ਉਹ ਤਾਂ ਉਚਾਣ-ਨੀਵਾਣ ਦਾ ਜੜ੍ਹੋਂ ਮੁੱਕਣ ਮੰਗਦੀ ਏ। ਰੰਗਾਂ ਦੀਆਂ ਬਾਧਾਂ ਤੋਂ ਆਜ਼ਾਦ ਕਰਨ ਕੰਮ ਏ ਏਹਦਾ। ਸਹਿਜ-ਸੁਭਾਈਂ ਆਪਣਾ ਟੋਰਾ ਟੁਰਦੀ ਏ ਪਈ, ਬਿਨਾ ਕਿਸੇ ਡਰ ਖ਼ੌਫ਼ ਦੇ ਤਾਹੀਓਂ ਨੂਰ-ਨਿਗਾਹ ਨੂੰ ਆਖਦੀ ਏ :

"ਭੀਲਣ : ਲਿਲਕਰੀਆਂ ਜੋਗੀ ਤੇ ਮੈਂ ਹਾਂ ਕਾਈ ਨਾ..... ਮੈਂ ਤੇ ਕਣੀ ਆਂ ਕਾਲਖ ਦੇ ਮੀਂਹ ਦੀ। ਜਾ ਰਲਣੀ ਆਂ। ਕਣੀ-ਕਣੀ ਨਾਲ ਮੀਂਹ ਬਣਦਾ ਏ"

ਕਾਲਖ ਵਿਚ ਲੁਕੀ ਕਾਲ ਪਈ ਬੋਲਦੀ ਏ ਭੀਲਣ ਦੇ ਵਲਦੇ ਵਿਚ। ਕਾਲ, ਜੋ ਵੇਲਾ ਏ, ਮੌਤ ਏ। ਨਿਮਾਣਿਆਂ ਦੀ ਆਪਣੀ ਕੌੜ ਅੰਦਰੇ ਘੁਟ-ਘੁਟ ਕੇ ਬਣੀ ਏ, ਕਾਲ। ਆਪਣੀ ਕੀਤੀ ਦੇ ਖੱਸਣ ਸਾਂਭਣਹਾਰਾਂ ਦੇ ਖ਼ਿਲਾਫ਼ ਵਿਹਰ ਹਸਤੀ ਦੇ ਅੰਦਰ ਸਦਾ ਜਗਦੀ ਏ। ਇਹ ਕਾਲ ਕਣੀਆਂ ਦਾ ਮੀਂਹ ਬਣਦਾ ਏ ਪਿਆ, ਵਰ੍ਹਨ ਕੀਤੇ। ਕਣੀ ਦਾ ਨਿਮਾਣਾ ਹੋਵਣ ਈ ਏਸ ਦੀ ਸਕਤ ਏ। ਆਪਣੀ ਸੁੰਜਾਣ ਪਾਰੋਂ ਈ ਕਣੀ ਬਣੀ ਏ। ਉੱਚ-ਝਿੱਕ ਵਿਚ ਵੰਡੇ ਜੀਵਨ-ਸਮੁੰਦਰ ਵਿਚੋਂ ਆਪਣੇ ਦੁੱਖ ਦੀ ਕੌੜ ਲੈ, ਤਪ ਕੇ ਵਾਅ ਬਣਿਆਂ ਦਾ ਇਹ ਤਰੁੱਬਕਾ, ਉਚਿਆਈ ਤੋਂ ਵੇਖ ਸਹੀ ਕਰਦਾ ਏ, ਜੀਵਨ ਨੂੰ। ਇਕ ਜੀਵਨ ਮਰ ਕੇ, ਏਸ ਵਿਹਾਰੋਂ ਬਾਹਰ ਹੋ ਕੇ ਸਿਆਣਦਾ ਏ ਆਪਣੀ ਹਸਤੀ ਨੂੰ, ਜੋ ਮਰ-ਮੁੱਕ ਜਾਵਣ ਜੀਵਨ ਨਹੀਂ ਜੇ ਕਿਸੇ ਲੇਖੇ ਨਾ ਲੱਗੇ। ਆਪਣੀ ਕੌੜ ਮੁਕਾ ਠੰਡਾ ਥੀਂਦਾ ਏ, ਵਾਅ ਦਾ ਸੰਗ ਹੋ ਉੱਡ ਵੇਂਹਦਾ ਏ, ਜੀਵਨ ਦੇ ਰੰਗ ਥਾਓਂ-ਥਾਈਂ ਧਰਤ-ਵਾਸੀਆਂ ਦੇ ਦੁੱਖ ਵੇਖ-ਵੇਖ ਰੰਗ ਵੱਟਦਾ ਏ ਏਸ ਚਿੱਟੇ ਤਰੁੱਬਕੇ ਦਾ ਤੇ ਕਾਲਾ ਬੱਦਲ ਬਣ ਵੇਂਦਾ ਏ। ਹੁਣ ਜੂਨ ਬਦਲ ਵੈਂਦੀ ਏ ਪਾਣੀ ਦਾ ਚਿੱਟਾ ਤਰੁੱਬਕਾ ਜੋ ਵਾਅ ਸੰਗ ਉਡਿਆ, ਦੁੱਖਾਂ ਮਾਰੀ ਖ਼ਲਕ਼ਤ ਵੇਖ ਰੰਗ ਵੱਟਿਆ, ਹੁਣ ਕਣੀ ਬਣ ਵਰ੍ਹਨ ਦਾ ਮਤਾ ਪਿਆ ਪਕਾਉਂਦਾ ਏ। ਏਹੀ ਜੀਵਨ ਏ, ਜਿਸਨੂੰ ਮੌਤ ਨਹੀਂ। ਭੀਲਣ ਵੀ ਇੰਜ ਈ ਕਾਲ ਦੇ ਮੀਂਹ ਦੀ ਕਣੀ ਬਣ ਟੁਰੀ ਏ, ਵੇਖੋ ਕਿੱਥੇ ਜਾ ਵਰ੍ਹੇ, ਕੀ ਰੋੜ੍ਹੇ-ਢਾਵੇ ਤੇ ਕੀ ਖਿੜਾਵੇ-ਉਗਾਵੇ। ਇਹ ਪੜ੍ਹਨਹਾਰ ਦੀ ਆਪਣੀ ਪੜ੍ਹਤ-ਸਿਰ ਏ। ਸਭ ਤੋਂ ਉਚੇਚੀ ਗੱਲ ਤਾਂ ਅਸਾਂ ਅਜੇ ਤਾਈਂ ਗੌਲੀ ਈ ਨਹੀਂ ਏਹਾ ਕਸਰ ਹੋਈ ਅਸਾਡੇ ਵਰਗਿਆਂ ਦੀ ਜੋ ਨਿਰਾ ਬੋਲਣਹਾਰਾਂ ਦੀਆਂ ਸੁਣਦੇ ਹਾਂ ਚੁੱਪ ਸੁਨਣ ਦੀ ਗੇਜ ਜੋ ਨਾ ਹੋਈ। ਉਹ ਖੂਹੀ ਤੇ ਥਲ ਜਿਥੇ ਸਾਰੀ ਕਥ ਵਾਪਰੀ ਉਹ ਅਸਾਂ ਵਸਾਰ ਈ ਛੱਡੀ "ਥਲ ਦਾ ਸਿਰਾ ਤੇ

ਪੁਰਾਣੀ ਖੂਹੀ" ਥਲ ਦਾ ਸਿਰਾ ਕਿੱਥੇ ਹੋਂਦਾ ਏ ਜਿਥੇ ਥਲ ਮੁੱਕਦਾ ਏ ਯਾਂ ਜਿਥੋਂ ਥਲ ਸ਼ੁਰੂ ਹੋਂਦਾ ਏ। ਥਲ ਰੇਤ ਏ, ਸੋਕਾ ਏ ਦੂਰ-ਦੂਰ ਤਾਈਂ ਕੋਈ ਰੁੱਖ ਨਹੀਂ ਦਿੱਸਦਾ, ਵੱਡਾ ਜਿਗਰ ਲੋੜੀਂਦਾ ਏ ਥਲ ਦੇ ਪੈਂਡੇ ਲਈ। ਖੂਹੀ ਪਾਣੀ ਦਾ ਸੋਮਾ ਏ, ਨਿੱਕਾ ਜੇਹਾ ਅੱਤ ਡੂੰਘਾ, ਜਿਸ ਵਿਚ ਰਾਹੀਆਂ-ਪਾਹੀਆਂ ਦੀ ਤ੍ਰੇਹ ਬੁਝਾਵਣ ਕੀਤੇ ਪਾਣੀ ਹੈ। ਪਾਣੀ ਤੇ ਥਲ ਹਿਕ ਬਏ ਦਾ ਉਲਟ ਵੀ ਹਨ। ਮਤਾਂ ਪੂਰਾ ਖਯਾਲ ਅਸਾਨੂੰ ਉਲਟਾਅ ਈ ਵਖਾਉਂਦਾ ਆਇਆ ਏ, ਜੀਵਨ ਦੇ। ਹਰ ਜੀਅ ਦੇ ਅੰਦਰ-ਬਾਹਰ ਦੇ, ਹਰ ਇਕ ਦੇ ਆਖਣ-ਕਰਨ ਦੇ ਪਰ ਥਲ ਤੇ ਪਾਣੀ ਵਿਚ ਦੋਹਰ ਨਹੀਂ ਉਹ ਜੋ ਹਨ, ਸੋ ਹਨ ਤਾਹੀਓਂ ਕੋਈ ਕਸਰ ਨਹੀਂ ਇਹਨਾਂ ਵਿਚ। ਪਰ ਖੂਹੀ ਦੇ ਪਾਣੀ ਨੂੰ ਘੜਿਆਂ ਵਿਚ ਸਾਂਭਣਹਾਰਾਂ ਦੇ ਅੰਦਰ ਦੀ ਥੁੜ-ਕੂੜ ਬਣ ਲੱਥੀ ਏ ਪਾਣੀ ਵਿਚ। ਉਹ ਥੁੜ ਜੋ ਜਮ੍ਹਾਂ-ਜੋੜ ਦੇ ਵੱਲ ਸਿਖਾਉਂਦੀ ਏ। ਇਹ ਸਾਂਭ ਖ਼ਲਕ਼ਤ ਦੀ ਸੇਵਾ ਕੀਤੇ ਨਹੀਂ ਆਪਣੀ ਮੱਲ ਕੀਤੇ ਹੈ। ਪਾਣੀ ਤਾਂ ਕ਼ੁਦਰਤ ਹੈ ਮਿੱਠੀ, ਮੱਲ ਪਾਰੋਂ ਆਪਣੇ ਅਸਲ ਕਣੋਂ ਵਿਜੋਗਿਆ ਪਾਣੀ ਜਦ ਹੱਦਾਂ ਅੰਦਰ ਕ਼ੈਦ ਥੀਆ ਤਾਂ ਵਿਹਾਰ ਵਾਲੀ ਕਸਰ ਏਸ ਵਿਚ ਆ ਲੱਥੀ। ਆਜ਼ਾਦ ਕ਼ੁਦਰਤ ਨੂੰ ਕ਼ੈਦ ਕਰਕੇ ਬੰਦਾ ਆਪਣੇ ਲੇਖੇ ਲਾਵਣ ਮੰਗਦਾ ਏ ਪਰ ਜੋ ਕ਼ੈਦ ਥਈ ਉਹ ਕ਼ੁਦਰਤ ਨਾ ਰਹੀ। ਥਲ-ਰੇਤਾ ਸੋਕਾ ਤਾਂ ਹੈ ਪਰ ਸ਼ਹਿਰਾਂ ਤੇ ਸ਼ਾਹੀਆਂ ਦੀ ਮਾਰੋਂ ਦੁਰਾਡਾ ਹੋਵਣ ਪਾਰੋਂ ਆਜ਼ਾਦ ਵੀ ਏ। ਇਹ ਆਪਣੇ ਵੱਲ ਆਵਣਹਾਰਾਂ ਨੂੰ ਵਰਜਦਾ ਏ ਪਰ ਨਾਲੋਂ-ਨਾਲ ਹਿੰਮਤ ਵੀ ਦੇਂਦਾ ਏ, ਵੱਡੀਆਂ ਤਾਕ਼ਤਾਂ ਲਾਲ ਲੜ੍ਹਨ ਦੀ, ਬੇਅੰਤ, ਬੇ-ਹੱਦ ਹੋਵਣ ਦੀ, ਸੱਤਿਆ ਵੀ ਥਲ ਈ ਦੇਂਦਾ ਹੈ। ਕ਼ਿਲ੍ਹੇ ਦੀਆਂ ਵੱਡੀਆਂ ਕੰਧਾਂ ਦਾ ਉਲਟਾਅ ਥਲ ਦੀ ਖੁੱਲ੍ਹ ਈ ਹੋ ਸਕਦੀ ਏ। ਥਲ ਦੀ ਏਸ ਖੁੱਲ੍ਹ ਵਿਚੋਂ ਈ ਭੀਲਣ ਨੂੰ ਆਪਣੀ ਹਸਤੀ ਦੀ ਸਿਆਣ ਥਈ ਏ ਤੇ ਉਹ ਕਣੀ ਬਣ ਵਾਅ ਸੰਗ ਉੱਡੀ ਏ। ਨਵੇਂ ਸੰਗ ਬਣਾ ਕੇ ਕਾਲੀਆਂ ਹਾਠਾਂ ਬਣ ਕੇ ਵਰ੍ਹਨ ਕੀਤੇ। ਥਲ ਨੂੰ ਜਲ ਕਰਨ ਕੀਤੇ ਤੇ ਪੂਰੀ ਖੂਹੀ ਨੂੰ ਅਧੂਰਨ ਕੀਤੇ। ਖੂਹੀ ਦਾ ਅਧੂਰ ਈ ਤਾਂ ਪਾਣੀ ਦਾ ਸੋਮਾ ਏ ਜੋ ਸਮਝ ਦੇਂਦਾ ਏ ਜੀਵਨ ਦੀ। ਜੇਵੇਂ ਭੀਲਣ ਦੇ ਕਾਲੇ ਰੰਗ ਓਸ ਨੂੰ ਵੱਖਰੇ ਰੰਗਾਂ ਦੀ ਪਕੜੋਂ ਉਲਾਰਿਆ ਨੂਰ-ਨਿਗਾਹ ਦਾ ਚਾਨਣਾ, ਭੀਲਣ ਦੇ ਕੀਤੇ ਹਨੇਰੇ ਦਾ ਤਰੋੜ ਨਾ ਬਣਸੀ ਹੁਣ। ਏਸ ਕਾਲੇ ਮੀਂਹ ਵਿਚੋਂ ਵਰ੍ਹਦੀਆਂ ਚਿੱਟੀਆਂ ਕਣੀਆਂ ਅੱਖੀਆਂ ਬਣ ਰਾਹ ਵਖਾਲਣਾ ਏ। ਕਾਲ ਹਨੇਰੇ ਵਿਚੋਂ ਨਿਕਲਿਆ ਚਾਨਣ ਈ ਸੇਧ-ਸਾਰ ਬਣਸੀ, ਤੇ ਕਸਰ ਮੁੱਕਸੀ।

***

# ਦੀਵਾ-ਮੁੰਦਰੀ

ਅਯਾਣੀਆਂ ਕਹਾਣੀਆਂ ਸਿਆਣੇ ਰਾਹ ਪਾਉਂਦੀਆਂ ਹਨ। ਜਿੰਨ, ਪਰੀਆ, ਪ੍ਰੇਤਾਂ, ਪਰੀਸਤਾਨ, ਮਹਲ, ਸ਼ਹਿਜ਼ਾਦੇ, ਸਹਿਜ਼ਾਦੀਆਂ, ਉਡਦੇ ਕਾਲੀਨ, ਪਖੂ-ਜਨਵਰਾਂ ਵਿਚ ਬੰਦਿਆਂ ਦੀ ਜਾਨ ਦਾ ਬੰਦ ਹੋਵਣਾ, ਕੇਵੇਂ ਅਸਾਨੂੰ ਬਾਲਪਨ ਚੇਤੇ ਆਉਂਦਾ ਏ। ਅਲੀ ਬਾਬਾ ਚਾਲੀ ਚੋਰ ਦੀ ਕਹਾਣੀ, ਜੋ ਹਮੇਸ਼ ਸੁਣੀ, ਪੜ੍ਹੀ ਤੇ ਟੀਵੀ ਤੇ ਵੇਖੀ ਵੀ, ਪਰ ਹਰ ਵਾਰ ਵੇਖਦਿਆਂ ਏਹੀ ਲੱਗਣਾ ਜੇਵੇਂ ਨਵੀਂ ਏ। “ਖੁੱਲਜਾ ਸਿਮ ਸਿਮ” ਤੇ ਹੋਰ ਅਜਿਹੇ ਕਈ ਮੰਤਰ ਯਾਦ ਕਰਨੇ ਪਰ ਕਿਸੇ ਕੰਮ ਨਾ ਆਉਣੇ। ਏਹੀ ਤਾਂ ਹੈ ਬਾਲਾਂ ਦੀ ਖੇਡ ਜੋ ਹਰ ਵਾਰ ਖੇਡ ਕੇ ਵੀ ਨਿੱਤ ਸੱਜਰੀ। ਅਚਰਜ, ਅਚੰਭਾ ਸੋਚ-ਖਿਯਾਲ ਹੈ ਬਾਲਪਨ ਦੀ ਦੀਵਾ-ਮੁੰਦਰੀ ਵੀ ਅਜੇਹੀ ਕਹਾਣੀ ਆਹੀ। ਦੀਵਾ ਯਾਂ ਮੁੰਦਰੀ ਰਗੜੋ ਤਾਂ ਜਿੰਨ ਹਾਜ਼ਰ ਹੋ ਵੇਣਾ “ਕੀ ਹੁਕਮ ਏ ਮੇਰੇ ਆਕ਼ਾ” ਸਾਰੀ ਹਯਾਤੀ ਹੁਕਮ ਮੰਨ-ਮੰਨ ਕੇ ਅੰਦਰ ਸੱਧਰ ਲੁੱਕੀ ਹੋਂਦੀ ਏ ਕਿਸੇ ਨੂੰ ਆਪਣਾ ਗ਼ੁਲਾਮ ਕਰਨ ਦੀ, ਆਪਣਾ ਹੁਕਮ ਮਨਵਾਣ ਦੀ। ਉਹ ਚਸ ਮਾਨਣ ਦੀ ਜੋ ਹਾਕਮ ਮਾਣਦੇ ਨੇਂ ਮਾੜਿਆਂ-ਹੀਣਿਆਂ ਤੇ ਹੁਕਮ ਚਲਾ ਕੇ। ਸੋ ਆਮ ਜੀਵਨ ਵਿਚ ਤਾਂ ਬੰਦੇ, ਬੰਦੇ ਤੇ ਹੁਕਮ ਚਲਾਉਂਦੇ ਹੋਏ ਪਰ ਕਹਾਣੀ ਵਿਚ ਜਿਨ ਗ਼ੁਲਾਮ ਏ ਤੇ ਹਰ ਹੁਕਮ ਮੰਨਣ ਤੇ ਤਿਆਰ ਏ। ਆਪਣੀ ਸਕਤ ਦਾ ਵਸਾਹ ਖ਼ਬਰੇ ਇੰਜ ਈ ਕਰਦੇ ਨੇਂ ਮਾੜੇ, ਕਹਾਣੀਆਂ ਜੋੜ ਬਣਾ ਕੇ।

ਅਲਾਦੀਨ ਦੀ ਕਹਾਣੀ ਹੈ ਤਾਂ ਓਹਾ ਪੁਰਾਣੀ ਪਰ ਨਵੇਂ ਵੇਲੇ ਵਿਚ ਨਵੀਂ ਹੋਈ ਜਾਪੀ ਏ। ਛੇ ਝਾਕੀਆਂ ਦਾ ਨਿੱਕਾ ਜਿਤਨਾ ਰਾਸ, ਤ੍ਰੈ ਝਾਕੀਆ ਜਾਗਦਿਆਂ ਤੇ ਤ੍ਰੈ ਸੁਫ਼ਨੇ ਵਿਚ। ਮਤਾਂ ਸੌਂਵਣ-ਜਾਗਣ ਦੀ ਕੱਥ ਹੈ ਦੀਵਾ-ਮੁੰਦਰੀ? ਵਿਚਾਰਨਾ ਪੋਸੀ ਹੁਣ ਇਹ ਕਹਾਣੀ ਕੀ ਨਵਾਂ ਮਤਾ ਲੈ ਕੇ ਆਈ ਏ। ਤਾਰੋ ਚੂਹੜੀ ਦਾ ਘਰਵਾਲਾ ਬਰਕਤ ਨਸ਼ੇ ਪਾਰੋ ਮਰ ਗਿਆ, ਸੁਗਰੀ ਆਪਣੇ ਸੰਗੀਆਂ ਨਾਲ ਰਲ, ਜੋੜੇ ਪੰਜ ਹਜ਼ਾਰ ਦੇਵਣ ਆਈ ਏ ਤਾਰੋ ਨੂੰ। ਮਿੱਲ ਮੈਨਜਰ ਵੱਲੋਂ ਕਿਸੇ ਮਦਦ ਦੀ ਕੋਈ ਉਮੀਦ ਨਹੀਂ ਕਿਉਂਜੋ ਪੱਕਿਆਂ ਨੂੰ ਪੈਨਸ਼ਨ ਲੱਭਦੀ ਏ, ਕੱਚਿਆਂ ਨੂੰ ਨਹੀਂ। ਮਿੱਲ ਮਾਲਕ ਮਿਰਕਾਣਾ ਨੇ ਆਪਣੇ ਵੱਲੋਂ ਪੰਜ ਹਜ਼ਾਰ ਦੇਵਣ ਦਾ ਐਲਾਨ ਕੀਤਾ ਏ ਪਰ ਤਾਰੋ ਕਿਸੇ ਵੀ ਕਿਸਮ ਦੀ ਕੋਈ ਮਦਦ ਲੈਣ ਤੋਂ ਇਨਕਾਰੀ ਏ। ਤਾਰੋ ਦਾ

ਪੁੱਤਰ ਅਲਾਦੀਨ ਸਕੂਲ ਨਹੀਂ ਜਾਂਵਦਾ ਕਿ ਮਾਸਟਰ ਸਾਫ਼ ਕੱਪੜੇ ਤੇ ਨਵੀਂ ਕਾਪੀ ਲਿਆਵਣ ਦਾ ਆਖਦਾ ਏ ਤੇ ਤਾਰੋ ਕੋਲ ਪੈਸੇ ਹੈ ਨਹੀਂ ਅਜੇ। ਅਲਾਦੀਨ ਆਪਣੇ ਬੇਲੀ ਰੰਮੂ ਨਾਲ ਵਰਕਸ਼ਾਪ ਕੰਮ ਤੇ ਜਾਂਦਾ ਏ। ਸ਼ਾਮੀਂ ਘਰ ਪਰਤ ਕੇ ਮਾਂ ਨੂੰ ਕਹਾਣੀ ਸੁਣਾਉਂਦਾ ਏ ਦੀਵੇ-ਮੁੰਦਰੀ ਦੀ, ਜੋ ਉਸਤਾਦ ਢਿਬਰੀ ਨੇ ਸੁਣਾਈ। ਕੇਵੇਂ ਗ਼ਰੀਬ ਦਰਜੀਆਂ ਦੇ ਮੁੰਡੇ ਨੂੰ ਕੂੜਾ ਫਰੋਲਦਿਆਂ ਮੁੰਦਰੀ ਲੱਭਦੀ ਏ, ਮੁੰਦਰੀ ਦਾ ਜਿੰਨ ਖਾਜਿਆਂ ਨਾਲ ਘਰ ਭਰ ਦੇਂਦਾ ਏ, ਫੇਰ ਦੀਵੇ ਦਾ ਜਿੰਨ ਵੱਡਾ ਘਰ ਬਣਾ ਦੇਂਦਾ ਏ। ਫੇਰ ਕਾਰ-ਵਪਾਰ, ਫੇਰ ਵੱਡੀਆਂ ਖੇਡਾਂ ਤੇ ਸਿਆਸਤਾ। ਤਾਰੋ ਦੱਸਦੀ ਏ ਜੋ ਬਰਕਤ ਦੇ ਤਾਏ ਦੱਸਿਆ ਹਾਂ ਮੁੰਦਰੀ ਵਿਆਹ ਤੇ ਦੀਵਾ ਇਲਮ ਏ।

ਤ੍ਰੀਜੀ ਝਾਕੀ ਤਾਰੋ ਦੇ ਸੁਫ਼ਨੇ ਤੋਂ ਟੁਰਦੀ ਏ। ਅਲਾਦੀਨ ਮੁੰਦਰੀ ਰਗੜਦਾ ਏ ਤੇ ਜਿੰਨ ਹਾਜ਼ਰ, ਓਸ ਨੂੰ ਇਕ ਜੋੜਾ ਕੱਪੜਿਆਂ ਦਾ ਤੇ ਇਕ ਕਾਪੀ ਲਿਆਵਣ ਦਾ ਆਖਦਾ ਏ। ਕੱਪੜੇ ਵੱਡੇ ਨਾਪ ਦੇ ਆ ਜਾਂਦੇ ਨੇਂ ਤੇ ਕਾਪੀ ਦੀ ਥਾਂ ਰਜਿਸਟਰ ਆ ਜਾਂਦਾ ਏ। ਤਾਰੋ ਤੇ ਅਲਾਦੀਨ ਘਰ ਲਈ ਆਖਦੇ ਨੇਂ ਤੇ ਜਿੰਨ ਦੱਸਦਾ ਏ ਉਹ ਦੀਵੇ ਵਾਲੇ ਜਿੰਨ ਦਾ ਮਹਿਕਮਾ ਏ ਤੇ ਦੀਵਾ ਮਿਰਕਾਣਾ ਪੈਲਸ ਵਿਚ ਏ। ਜਿੰਨ ਗਿਆ ਤੇ ਮਾਸਟਰ ਜਾਦੂਗਰ ਬਣ ਕੇ ਆ ਜਾਂਦਾ ਏ, ਛਲ ਨਾਲ ਮੁੰਦਰੀ ਖੋਹ ਕੇ ਤਾਰੋ ਤੇ ਅਲਾਦੀਨ ਨੂੰ ਡਰਾਉਂਦਾ-ਧਮਕਾਉਂਦਾ ਏ। ਮਾਸਟਰ ਜਾਦੂਗਰ ਆਪਣੇ ਘਰ ਫੇਰਾ ਲਾਵਣ ਦਾ ਆਖਦਾ ਏ ਤਾਰੋ ਨੂੰ, ਆਪਣੀ ਸਵਾਣੀ ਦੀ ਬੀਮਾਰੀ ਦਾ ਦੱਸ ਕੇ।

ਤਾਰੋ ਮਿਰਕਾਣਾ ਪੈਲਸ ਕੰਮ ਕਰਦੀ ਹੋਈ ਦੀਵਾ ਚੁੱਕ ਲੈਂਦੀ ਏ ਤੇ ਛੋਟਾ ਮਿਰਕਾਣਾ ਓਸ ਨੂੰ ਪੰਜ ਸੌ ਤੇ ਪੰਜ ਹਜ਼ਾਰ ਦੇ ਨੋਟ ਵਖਾ ਕੇ ਆਪਣੇ ਕਮਰੇ ਵਿਚ ਬੁਲਾਉਂਦਾ ਏ। ਪੰਜਵੀਂ ਝਾਕੀ ਵਿਚ ਦੀਵਾ ਰਗੜਨ ਨਾਲ ਜਿੰਨ ਆ ਜਾਂਦਾ ਏ ਤੇ ਬਿਨਾਂ ਆਖੇ ਈ ਘਰ, ਨੌਕਰ, ਕਾਰ-ਵਪਾਰ, ਖਾਵਣ-ਪੀਵਣ ਦੇ ਸਾਰੇ ਬੰਦੋਬਸਤ ਕਰਦਾ ਏ। ਅਲਾਦੀਨ ਸੋਚਦਾ ਏ ਕਿ ਏਡੇ ਵੱਡੇ ਘਰ ਵਿਚ ਉਹ ਤੇ ਤਾਰੋ ਕੱਲੇ ਕੀ ਕਰਸਨ। ਸੋ ਉਹ ਸੋਚਦਾ ਏ ਸਕੂਲ ਦੇ ਬੱਚੇ, ਸਣੇ ਟੱਬਰਾਂ, ਉਸਤਾਦ ਢਿਬਰੀ ਤੇ ਵਰਕਸ਼ਾਪ ਦੇ ਸਾਰੇ ਬਾਲ ਸਣ ਟੱਬਰਾਂ, ਮਾਸੀ ਸੁਗਰੀ ਤੇ ਉਹਦੀ ਸਾਰੀ ਯੂਨੀਅਨ ਵੀ ਏਸੇ ਘਰ ਬੁਲਾ ਲੈਸਾਂ। ਘਰ ਵਿਚ ਬੋ ਏ ਪਿਛਵਾੜੇ ਗੰਦੇ ਨਾਲੇ ਦੀ, ਜਿੰਨ ਆਖਦਾ ਏ ਵਕੀਲ ਕਰੋ ਏਸ ਕੰਮ ਲਈ, ਇਹ ਨਿੱਕਾ ਜੇਹਾ ਕੰਮ ਏ ਤੇ ਜਿੰਨ ਇੰਜ ਦੇ ਕੰਮ ਨਹੀਂ ਕਰਦਾ। ਕੁਝ ਚਿਰ ਪਿਛੋਂ ਈ ਛੋਟਾ ਮਿਰਕਾਣਾ ਥਾਣੇਦਾਰ ਤੇ ਵਕੀਲ ਨਾਲ ਆ ਜਾਂਦਾ ਏ, ਦੀਵੇ ਦੀ ਚੋਰੀ ਲਈ। ਫੇਰ ਆਪਣੀ ਗੱਲ ਮੰਨਣ ਦਾ ਆਖਦਾ ਏ ਤਾਰੋ ਨੂੰ ਕਿ ਦੀਵੇ ਦੀ ਚੋਰੀ ਦਾ ਕੇਸ ਏਥੇ ਈ ਮੁਕਾ ਲੈਨੇ ਆਂ।

ਛੇਵੀਂ ਝਾਕੀ ਵਿਚ ਤਾਰੋ ਤੇ ਅਲਾਦੀਨ ਜਾਗ ਪੈਂਦੇ ਨੇਂ, ਤਾਰੋ ਆਪਣੇ ਸੁਫ਼ਨੇ ਦਾ ਦਸੇਂਦੀ ਏ। ਦੋਏਂ ਰਲ ਕੇ ਗਾਉਂਦੇ ਤੇ ਭੰਗੜਾ ਪਾਉਂਦੇ ਨੇਂ। "ਕਾਪੀ ਨਵੀਂ ਤੇ

ਕੱਪੜੇ ਸਾਫ਼, ਸੱਤੇ ਖ਼ੂਨ ਅਸਾਨੂੰ ਮਾਫ਼" "ਕਾਲੀ ਕਾਪੀ ਤੇ ਚਿੱਕੜ ਕੱਪੜੇ, ਜੀਹਨੇ ਖਾਣੇ ਨੇਂ ਖਾ ਲਏ ਲੱਪੜੇ" ਸੁਗਰੀ ਆ ਕੇ ਜਿੰਨਾਂ ਦੀ ਕਹਾਣੀ ਪੁੱਛਦੀ ਏ, ਤ੍ਰੇਵੇ ਰਲ ਵਿਚਾਰਦੇ ਨੇਂ, ਕੇਵੇਂ ਦੀਵੇ-ਮੁੰਦਰੀਆਂ ਬਣ ਕੇ ਜਿੰਨ ਕਾਬੂ ਹੋਂਦੇ ਨੇਂ। ਤ੍ਰੇਵੇ ਰਲ ਝੁਮਰ ਪਾਉਂਦੇ ਗਾਉਂਦੇ ਨੇਂ। "ਕਾਲੀ ਕਾਪੀ ਤੇ ਚਿੱਕੜ ਕੱਪੜੇ, ਹੋ ਜਾਓ ਸੁਥਰੇ ਨਹਾ ਕੇ ਛੱਪੜੇ"

ਕਿਤਾਬ ਨਾਵੇਂ ਹੈ "ਜੱਗ ਦਿਆਂ ਅਲਾਦੀਨਾਂ ਦੇ" ਇਹ ਗੱਲ ਕੁਝ ਧਿਆਨਜੋਗ ਏ। ਅਸੀਂ ਤਾਂ ਸਮਝਦੇ ਸਾਂ ਅਲਾਦੀਨ ਤੇ ਉਸ ਦਾ ਦੀਵਾ ਇਕੋ ਹੈ ਤੇ ਕਿਸੇ ਪੁਰਾਤਨ ਵੇਲੇ ਦੀ ਕੱਥ ਏ ਜੋ ਹਰ ਵਾਰੇ ਬਾਲਾਂ ਦਾ ਮਨ ਪ੍ਰਚਾਉਂਦੀ ਆਈ ਏ। ਇਹ ਜੁਮਲਾ ਦੱਸਦਾ ਏ ਜੋ ਅਲਾਦੀਨ ਇਕ ਨਹੀਂ ਅਨੇਕ ਨੇਂ, ਜੱਗ ਹੈ ਜਹਾਨ ਤੇ ਜੁੱਗ ਹੋਇਆ ਵੇਲਾ। ਸੋ ਕੁੱਲ ਵੇਲੇ ਤੇ ਜਹਾਨ ਵਿਚ ਜੋ ਅਲਾਦੀਨ ਨੇਂ ਉਹਨਾਂ ਦੇ ਨਾਂ ਹੈ ਇਹ ਰਾਸ। "ਦੀਨ" ਤਾਂ ਹੋਇਆ ਮਾੜਾ ਗ਼ਰੀਬ ਤੇ "ਅੱਲਾ" ਖ਼ਬਰੇ ਕੱਚਾ ਹੋਵੇ। ਤਾਂ ਕੀ ਮਾੜਿਆਂ ਦਾ ਕੱਚ ਹੈ ਦੀਵੇ, ਮੁੰਦਰੀ ਦਾ ਜਿੰਨ। ਹੋ ਸਕਦਾ ਏ ਮਾੜਿਆਂ-ਨਿਮਾਣਿਆਂ ਦੀ ਸਕਤ ਹੋਵੇ ਜਿਸ ਨੂੰ ਜਿੰਨ ਬਣਾ ਕੇ ਉਹਨਾਂ ਤੋਂ ਵੱਖ ਕੀਤਾ, ਦੀਵੇ-ਮੁੰਦਰੀਆਂ ਵਾਲਿਆਂ। ਪਰ ਇਹ ਕੌਣ ਹਨ ਦੀਵੇ ਮੁੰਦਰੀਆਂ ਵਾਲੇ? ਮਿੱਲਾਂ ਦੇ ਮਾਲਕ, ਵੱਡੇ ਜਾਗੀਰਦਾਰ, ਆਲ੍ਹਾ ਇਲਮ ਵਾਲੇ, ਧਨਵਾਨ, ਉਮਰਾ-ਵੁਜ਼ਰਾ, ਹਕੂਮਤਾਂ ਚਲਾਵਣ ਤੇ ਸਾਂਭਣ ਵਾਲੇ, ਜਿਹਨਾਂ ਕੋਲ ਬੰਦੇ ਨੇ ਦੀਵੇ ਤੇ ਮੁੰਦਰੀਆਂ। ਅਲਾਦੀਨ ਦਾ ਨਾਂ ਜੇਵੇਂ ਵੀ ਬਣਿਆ ਪਰ ਬਣਾਇਆ ਲੋਕ-ਸੁਰਤ ਨੇ। "ਅਲ" ਅਰਬੀ ਲਫ਼ਜ਼ ਏ ਜਿਸਦੇ ਅਰਥ ਹਨ ਖ਼ਾਸ ਤੇ ਕੁੱਲ ਵੀ। ਅਲਾਦੀਨ ਇਕ ਵੀ ਏ ਤੇ ਹਰ ਇਕ ਵੀ "ਆਲ" ਟੱਬਰ, ਖ਼ਾਨਦਾਨ, ਬਰਾਦਰੀ, ਘਰ, ਨਸਲ, ਰਿਸ਼ਤੇਦਾਰੀ ਹੋਵੇ ਤਾਂ ਫੇਰ ਮਾੜਿਆਂ, ਗ਼ਰੀਬਾਂ ਦੇ ਆਪਸੀ ਰਿਸ਼ਤਿਆਂ ਦਾ ਜੁੜਨ ਆਪਣੀ ਸਕਤ ਸਿਆਨਣ ਈ ਚਾਨਣ ਹੈ। "ਅਲਾ" ਖ਼ਬਰਦਾਰ ਤੇ ਆਗਾਹ ਹੋਵਣ ਹੈ, ਆਖਣ ਹੈ, ਬੋਲਣ ਯਾਂ ਦੱਸਣ, ਅਲਾਦੀਨ ਆਪ ਦੱਸਦਾ ਏ ਯਾਂ ਸਭ ਨੂੰ ਬੋਲਣ ਦਾ ਆਖਦਾ ਏ ਏਸ ਕਥ ਰਾਹੀਂ। ਦੱਸ ਓਹੀ ਸਕਦਾ ਏ ਜੋ ਆਪ ਜਾਣੂੰ ਵਾਕ਼ਫ਼ ਹੋਵੇ। ਜੇ ਅਲਾ "ਅਲ" ਤੋਂ ਬਣਿਆ ਹੋਵੇ ਤਾਂ ਏਸ ਦੇ ਅਰਥ ਇਕਰਾਰ, ਅਹਿਦ ਦੇ ਨੇਂ। ਕੀ ਇਹ ਕੋਈ ਇਕਰਾਰ ਯਾਂ ਵਾਅਦਾ ਚੇਤੇ ਕਰਵਾਉਂਦਾ ਏ। "ਇੱਲਾ" ਸਿਵਾਏ ਹੈ। ਅਲਾਦੀਨ ਦਾ ਲਫ਼ਜ਼ ਸਖ਼ੀ ਹੈ, ਦੋਸਤ ਵੀ, ਹਜ਼ਾਰ ਵੀ ਤੇ ਕਮਜ਼ਬਾਨ ਵੀ। ਖ਼ਬਰੇ ਕਿਸ ਦਾ, ਕਿਸ ਨਾਲ ਜੋੜ ਏ ਤੇ ਕਿਸ ਤੋਂ ਅਜੋੜ। ਅਲਾਦੀਨ ਕੋਈ ਹਾ ਵੀ ਕਿ ਕੋਈ ਨਾ। ਮਤਾਂ ਮਾੜਿਆਂ ਨੇ ਆਪਣੇ ਦੁੱਖਾਂ ਦਾ ਤਰੋੜ ਏਹੀ ਜਾਤਾ ਜੋ ਹਿਕ ਪਲ ਵਿਚ ਈ ਦਰਜੇ-ਬੰਦ ਵਿਹਾਰ ਦੀ ਟੀਸੀ ਤੇ ਜਾ ਅਪੜਨ। ਮਾੜਿਆਂ ਦੀ ਸਕਤ ਜੋ ਦੀਵੇ-ਮੁੰਦਰੀ ਦੇ ਜਿੰਨ ਬਣਾ ਤਾਕਤ ਵਾਲਿਆਂ ਆਪਣੇ ਕਾਬੂ ਕੀਤੇ ਹੁਣ ਉਹ ਮੁੜ ਮਾੜਿਆਂ ਦੇ ਹੱਥ ਪਰਤੀ ਏ। ਹੀਣ-ਮੇਲਾ ਨੇ ਆਪਣੀ ਮਾਮ ਸਿਆਣ

ਲਈ ਏ ਤੇ ਆਪਣੀ ਕਰਨੀ ਆਪਣੇ ਹੱਥ-ਵੱਸ ਕਰਨ ਟੁਰੇ ਨੇਂ। ਅਲਾਦੀਨ ਦੇ ਦੀਵੇ ਦਾ ਦਿਓ ਘਾਲਕਾਂ ਦੀ ਘਾਲ ਈ ਹੈ। ਆਪਣੀ ਘਾਲ ਆਪਣੇ ਲੇਖੇ ਲੱਗੇ ਤਾਂ ਚਾਨਣ ਈ ਚਾਨਣ ਏ।

"ਤਾਰੋ" ਤਰਨ, ਤਾਰਨਹਾਰ ਏ ਤੇ ਅੱਖ ਵੀ। ਤਾਰੇ ਤੋਂ ਬਣਿਆ ਹੈ ਤਾਰੋ, ਤਾਂ ਚਾਨਣ ਵੀ ਹੋਇਆ। ਤਾਰੋ ਏਸ ਰਾਸ ਦਾ ਵੱਡਾ ਪਾਤਰ ਏ, ਜੋ ਆਪਣੀਆਂ ਗੱਲਾਂ ਰਾਹੀਂ, ਰਾਹੇ ਪਾਉਂਦੀ ਏ। ਕਿਸੇ ਦਾ ਕੋਈ ਅਹਿਸਾਨ ਨਹੀਂ ਲੈਂਦੀ, ਆਪਣੇ-ਆਪ ਤੇ ਵਸਾਹ ਹੈ ਓਸ ਨੂੰ। ਜ਼ਾਤ ਦੀ ਚੂਹੜੀ ਏ ਪਰ ਆਪਣੀ ਸਕਤ ਦੀ ਜਾਣੂੰ ਏ। ਮਿੱਲ ਮਾਲਕਾਂ ਤੋਂ ਵਖਾਵੇ ਦੇ ਪੰਜ-ਹਜ਼ਾਰ ਨਹੀਂ ਲੈਂਦੀ, ਨਾ ਈ ਆਪਣੇ ਵਰਗੇ ਨਿਮਾਣੇ-ਸੰਗੀਆਂ ਤੋਂ। ਉਹਨਾਂ ਨੂੰ ਦਾਰੂ-ਨਸ਼ੇ ਦਾ ਤਰੋੜ ਬਨਾਵਣ ਕੀਤੇ ਆਖਦੀ ਏ, ਤਾਰੋ ਦੀ ਬਰੀਕ ਨਜ਼ਰ ਵੇਖ-ਵਿਚਾਰਦੀ ਏ ਜੋ ਟੀਵੀ ਵੀ ਨਸ਼ਾ ਈ ਏ, ਲੋੜ ਹੈ ਅਜੇਹੇ ਕੰਮ ਦੀ ਜੋ ਨਸ਼ੇ ਦੀ ਲੋੜ ਈ ਮੁੱਕ ਜਾਵੇ।

"ਤਾਰੋ : ਗੋਲੀ ਸੂਟਾ ਤਾਂ ਮੁੱਕਦਾ ਏ ਜੇ ਨਾ ਅਮੀਰ ਰਹਵੇ ਨਾ ਗ਼ਰੀਬ।

ਸੁਗਰੀ : ਫੰਡ ਕਾਹਦੇ ਲਈ ਬਣਾਈਏ ਫੇਰ।

ਤਾਰੋ : ਏਸੇ ਲਈ, ਨਾ ਉਹ ਰਹਵੇ ਨਾ ਉਹ। ਕੋਈ ਸ਼ੈਅ ਕਿਸੇ ਦੀ ਨਾ ਹੋਵੇ। ਕੁੱਲ ਦੀ ਸਾਂਝੀ ਹੋਵੇ। ਨਾ ਹੋਵਣ ਦਾ ਦੁੱਖ ਮੁੱਕ ਜਾਵੇ। ਗੋਲੀ-ਸੂਟਾ ਕੀ ਕਰਨਾ ਏ ਕਿਸੇ।

ਕਿੰਜ ਸਹਿਜੇ ਈ ਤਾਰੋ ਸਾਰੀ ਗੱਲ ਨਿਤਾਰ ਮੋਹਰੇ ਧਰੀ ਏ, ਜੋ ਪੈਸਾ ਇਲਾਜ ਨਹੀਂ ਕਿਸੇ ਰੋਗ ਦਾ। ਇਲਾਜ ਹੈ ਜੁੜਨ, ਮਿਲਨ, ਰਲਣ, ਸਾਂਝ ਬਨਾਵਣ। ਵੱਖਰਪ ਤੇ ਇੱਕਲਪ ਨੇ ਈ ਸਾਂਝ-ਸਿਆਣ ਮੁਕਾਈ ਏ, ਜਦ ਤਾਈਂ ਸਾਂਝੀ ਪਛਾਣ ਨਾ ਬਣੇ, ਬੰਦੇ ਨੂੰ ਆਪਣਾ ਹੋਵਣ ਕੇਵੇਂ ਸਹੀ ਹੋਵੇ। ਇਕੱਲੇ ਹੋਵਣ ਦਾ ਰੋਗ ਈ ਹੈ ਸਾਰਾ, ਜੋ ਵੀ ਮਾਰਾ-ਮਾਰੀ ਏ ਯਾਂ ਨਸ਼ਾ ਏ। ਅਮੀਰੀ-ਗ਼ਰੀਬੀ ਦਾ ਅਜੋੜ ਜੀਵਨ ਈ ਹੈ ਜੋ ਅਲਾਦੀਨ ਕੋਲ ਕੱਪੜੇ ਸਾਫ਼ ਤੇ ਕਾਪੀ ਨਵੀਂ ਨਹੀਂ ਏ। ਨਿੱਕਾ ਜਿਆ ਬਾਲ ਏ ਅਲਾਦੀਨ, ਜੀਵਨ ਦੇ ਨਵੇਂ ਪੰਧ ਪਿਆ ਕਿ ਸੁਰਤ-ਮੱਤ ਓਸ ਦੀ ਪਿਆ ਬਣਾਉਂਦਾ ਏ ਵਿਹਾਰ। ਸਕੂਲ ਛੱਡ ਵਰਕਸ਼ਾਪ ਤੇ ਜਾਂਦਾ ਏ ਤਾਂ ਉਸਤਾਦ ਢਿਬਰੀ ਦੀ ਸੁਣਾਈ ਕਥ ਦੀਵੇ-ਮੁੰਦਰੀ ਦੀ, ਓਸ ਨੂੰ ਆਪਣੀ ਜਾਪਦੀ ਏ। ਉਹ ਅਲਾਦੀਨ ਵੀ ਕਿਸੇ ਮਾੜੇ ਦਰਜ਼ੀ ਦਾ ਪੁੱਤਰ ਸੀ ਓਸ ਦਾ ਪਿਓ ਵੀ ਮਰ ਗਿਆ ਹੋਇਆ ਸੀ ਤੇ ਉਹ ਕੂੜਾ ਫਰੋਲ ਪਲਾਸਟਿਕ ਦੀਆ ਬੋਤਲਾਂ ਕੱਠੀਆ ਕਰਕੇ ਕੁਝ ਕਮਾਉਂਦਾ। ਭੁੱਖੇ ਨੂੰ ਖੁੱਲ੍ਹਾ ਖਾਵਣ ਈ ਲੋੜੀਂਦਾ ਏ ਨਾ, ਸੋ ਜਦ ਢਿੱਡ ਭਰਿਆ ਤਾਂ ਚੇਤਾ ਆਇਆ ਘਰ ਵੀ ਹੋਣਾ ਚਾਹੀਦਾ ਏ। ਸੋ ਘਰ ਵੀ ਬਣ ਗਿਆ, ਹੁਣ ਕਾਰ-ਵਪਾਰ ਵੀ ਟੁਰ ਪਿਆ, ਦਰਜ਼ੀ ਦੇ ਪੁੱਤਰ ਦਾ ਧਨ ਵਾਧੂ ਜੁੜਿਆ ਤਾਂ ਅਲਾਦੀਨ ਮੈਚ

ਕਰਵਾਣ ਲੱਗਾ, ਮੁੜ ਸਿਆਸਤ ਵਿਚ ਵੜ ਗਿਆ। ਕਿੱਥੋਂ ਟੁਰਿਆ ਤੇ ਕਿੱਥੇ ਪੁੱਜਾ ਦਰਜ਼ੀ ਦਾ ਪੁੱਤਰ। ਓਸ ਆਪਣੀ ਭੁੱਖ-ਨੰਗ ਦਾ ਉਪਾਅ ਤਾਂ ਕੀਤਾ ਪਰ ਆਪਣੇ ਵਰਗੇ ਹੋਰ ਨਿਮਾਣਿਆਂ ਦਾ ਨਾ ਸੋਚਿਆ। ਬਾਲਾਂ ਦੀਆਂ ਖੇਡਾਂ ਖੇਡਦਾ ਬਾਲ, ਲੋਕਾਂ ਨੂੰ ਖਿਡਾਵਣ ਲੱਗਾ। ਖੇਡ ਵੀ ਨਸ਼ਾ ਈ ਏ ਜੇ ਕੰਮ ਬਣ ਵੰਜੇ। ਧਨ ਦਾ ਵੇਸਲਾ ਨਸ਼ਾ ਜਿਸ ਨੂੰ ਚੜ੍ਹ ਜਾਏ ਮਰ ਕੇ ਈ ਲਹਿੰਦਾ ਏ। ਉਸਤਾਦ ਢਿਬਰੀ ਮਜ਼ਦੂਰ ਏ ਉਹ ਬਾਲ ਨੂੰ ਕੰਮ ਵੱਲ ਲਾਉਂਦਾ ਏ, ਓਸ ਦਾ ਫ਼ਾਇਦਾ ਹੋਇਆ ਬਾਲਾਂ ਨੂੰ ਮਜ਼ਦੂਰੀ ਘੱਟ ਦੇਵੋ ਤੇ ਕੰਮ ਵਾਧੂ ਲਵੋ। ਉਹ ਅਲਾਦੀਨ ਨੂੰ ਦੀਵੇ-ਮੁੰਦਰੀ ਦੇ ਲਾਲਚ ਵਿਚ ਫਸਾਉਂਦਾ ਆਖਦਾ ਏ :

> "ਅਲਾਦੀਨਿਆ ਇਹ ਸਾਡਾ ਕੂੜ-ਕਬਾੜ ਬਾਡੀ ਵਰਕਸ਼ਾਪਾਂ ਦਾ, ਵੇਖਿਆ ਈ ਨਾ। ਏਹੋ ਈ ਊ। ਏਹਦੇ ਵਿਚੋਂ ਈ ਤੈਨੂੰ ਮੁੰਦਰੀਆਂ ਦੀਵੇ ਮਿਲ ਪੈਣੇ ਨੀ। ਰਗੜੇ ਲਾਈ ਜਾਈਂ ਤੇ ਜੋ ਚਾਹੇ ਕਰਵਾਈ ਜਾਈਂ"

ਤਾਰੋ ਚਾਹਵੰਦੀ ਏ ਉਹਦਾ ਪੁੱਤਰ ਪੜ੍ਹ-ਲਿਖ ਜਾਏ। ਉਹ ਓਸ ਨੂੰ ਦੀਵੇ-ਮੁੰਦਰੀ ਦੀ ਕਥ ਹੋਰ ਕਰਕੇ ਸੁਣਾਉਂਦੀ ਏ, ਮੁੰਦਰੀ ਵਿਆਹ ਤੇ ਦੀਵਾ ਇਲਮ, ਗੱਲ ਤਾਰੋ ਦੀ ਠੀਕ ਏ ਪਰ ਇਲਮ, ਮਾੜਾ ਕੇਵੇਂ ਹਾਂਸਲ ਕਰੇ ਜਿਸ ਕੋਲ ਸਾਫ਼ ਕੱਪੜੇ ਤੇ ਕਾਪੀ ਨਾ ਹੋਏ ਉਹਦਾ ਤਾਂ ਸਕੂਲ ਮਾਸਟਰ ਜੀਣਾ ਅਜ਼ਾਬ ਬਣਾ ਦੇਂਦੇ ਨੇਂ। ਉਸਤਾਦਾਂ ਦਾ ਜ਼ੋਰ ਮਾੜਿਆਂ ਤੇ ਚੱਲਦਾ ਏ, ਤਗੜਿਆਂ ਤੋਂ ਉਹ ਵੀ ਡਰਦੇ ਨੇਂ। ਮੁੰਦਰੀ ਗਹਿਣਾ ਏ ਤੇ ਗਹਿਣਾ ਵੀ ਉਤਲੇ ਮੇਲ ਕੋਲ ਹੋਇਆ, ਉਹਨਾਂ ਦਾ ਬਣਾਅ-ਸ਼ਿੰਗਾਰ। ਬਣਾਅ-ਸ਼ਿੰਗਾਰ, ਰੂਪ-ਵਖਾਵਾ, ਇਹ ਵੀ ਜਿੰਨ ਈ ਹੈ ਤਾਕ਼ਤ ਵਾਲਿਆਂ ਦਾ। ਅਲਾਦੀਨ ਤੋਂ ਮੁੰਦਰੀ ਖੱਸ ਕੇ, ਥਾਣੇਦਾਰ ਜਿੰਨ ਨੂੰ ਬੁਲਾ ਕੇ, ਜਾਦੂਗਰ ਉਸਤਾਦ ਕੇਵੇਂ ਡਰਾਉਂਦਾ ਏ, ਜਦੋਂ ਉਹ ਮਾਰ-ਕੁੱਟ ਦੀ ਸੈਂਨਤ ਕਰੇਂਦਾ ਏ।

> "ਜਾਦੂਗਰ : ਨਹੀਂ ਅਜੇ ਨਹੀਂ। ਮੈਂ ਫੇਰ ਬੁਲਾਸਾਂ (ਜਿੰਨ ਗਿਆ ਏ) ਵੇਖ ਲਿਆ ਈ ਨਾ। ਤੂੰ ਕੱਲ ਸਕੂਲ ਸਾਫ਼ ਕੱਪੜੇ ਪਾ ਕੇ ਨਾ ਆਇਆ, ਗ਼ੈਰ-ਹਾਜ਼ਰ ਹੋਇਆ, ਮੈਂ ਤੈਨੂੰ ਥਾਣੇ ਘੱਲ ਦੇਸਾਂ। ਹਵਾਲਾਤ ਵਿਚ, ਪਰਚਾ ਕਰਾਸਾਂ ਤੇਰੇ ਤੇ। ਬਲਾਸਫ਼ੀਮੀ ਦਾ ਕੇਸ ਪਵਾ ਕੇ ਸਜ਼ਾ ਦਵਾਸਾਂ ਤੈਨੂੰ। ਪੰਜਾਹ ਕੋੜਿਆਂ ਦੀ ਤੇ ਦਸ ਲੱਖ ਜੁਰਮਾਨੇ ਦੀ"

ਹੁਣ ਇਹ ਗੱਲਾਂ ਤੇ ਇਹ ਸੁਭਾਅ ਜੇ ਉਸਤਾਦ ਦਾ ਏ ਤਾਂ ਓਸ ਬਾਲਾਂ ਨੂੰ ਕੀ ਪੜ੍ਹਾਉਣਾ ਏ। ਨਿੱਕੇ-ਨਿੱਕੇ ਅਧਖਿੜੇ ਫੁੱਲ ਤਾਂ ਏਸ ਦਬਕਾ ਡਰਾਵੇ ਨਾਲ ਈ ਕੁਮਲਾਅ ਜਾਂਵਦੇ ਨੇਂ, ਪੜ੍ਹਨਾ ਕੀ ਏ ਉਹਨਾਂ। ਉਸਤਾਦ, ਜੋ ਸੱਚ-ਝੂਠ ਚਾਹਵੇ

ਬਣਾ ਵਰਤਾਵੇ, ਓਸ ਨੂੰ ਆਪਣੇ ਦਰਜੇ ਪਾਰੋਂ ਇਤਨੀ ਖੁੱਲ੍ਹ ਏ। ਲੋਕ ਕਹਾਣੀਆਂ ਇਹਨਾਂ ਬਾਧਾਂ ਦਾ ਤਰੋੜ ਕਰਨ ਕੀਤੇ ਹੀ ਬਣਦੀਆਂ ਹਨ। ਜਾਦੂਗਰ ਉਸਤਾਦ ਆਪਣੇ ਅੰਦਰ ਲੁਕੇ ਓਸ ਜ਼ਹਿਰ ਨੂੰ ਉਗਲਦਾ ਏ ਕਿ ਕੇਵੇਂ ਮੇਰੇ ਵਰਗੇ ਅਜ਼ੀਮ ਉਸਤਾਦ ਤੇ ਮੇਕਅਪ ਆਰਟਿਸਟ ਨੂੰ ਏਸ ਬਾਲ ਨੇ ਕਹਾਣੀਆਂ ਰਾਹੀਂ ਭੰਡਿਆ ਏ। ਉਹ ਏਸ ਗੱਲ ਦਾ ਬਦਲਾ ਲੈਂਦਾ ਏ ਪਿਆ ਹੁਣ। ਇਕੋ ਕ਼ਬਜ਼ਾਗੀਰੀ ਹੈ ਜੋ ਰੂਪ-ਵਟਾ ਵਟਾ ਕੇ ਆਉਂਦੀ ਏ। ਜਿਸ ਵੇਲੇ, ਜਿਸ ਬਹਿਰੂਪ ਦੀ ਲੋੜ ਹੋਵੇ ਓਹੀ ਬਣਾ ਲਿਆ, ਕੰਮ ਚੱਲਣਾ ਚਾਹੀਦਾ ਏ ਜੇਵੇਂ ਵੀ ਚੱਲੇ। ਜਾਦੂਗਰ ਉਸਤਾਦ ਦਾ ਇਹ ਬੋਲਿਆ ਸਾਰੇ ਭੇਦ ਖੋਲ੍ਹਦਾ ਏ ਜਦ ਅਲਾਦੀਨ ਪੁੱਛਦਾ ਏ ਕਿ ਟੀਵੀ ਤੇ ਵੀ ਆਉਂਦੇ ਓ ਤੁਸੀਂ?

"ਜਾਦੂਗਰ : ਤੇ ਹੋਰ ਓਥੇ ਕੌਣ ਆਉਂਦਾ ਏ, ਪਿਓ ਤੇਰਾ ਸੂਟਾ ਲਾ ਕੇ? ਇਹ ਜਿਹੜਾ ਜਿੰਨ ਆਇਆ ਏ ਇਹ ਕੌਣ ਸੀ, ਮੈਂ ਈ ਸਾਂ। ਪੁਲਸ ਵੀ ਮੈਂ ਈ ਆਂ। ਵਕੀਲ ਵੀ ਮੈਂ ਈ ਹੋਸਾਂ ਤੇਰੇ ਕੇਸ ਵਿਚ ਤੇ ਜੱਜ ਦੀ ਕੁਰਸੀ ਤੇ ਬਹਿ ਕੇ ਸਜ਼ਾ ਵੀ ਤੈਨੂੰ ਮੈਂ ਈ ਦੇਸਾਂ, ਇਨਸ਼ਾਅੱਲ੍ਹਾ। ਤੇ ਫੇਰ ਤੇਰੀ ਮਾਂ ਦਾ ਖਸਮ ਬਣ ਕੇ ਫਾਹੇ ਵੀ ਮੈਂ ਈ ਲਾਸਾਂ ਤੈਨੂੰ।"

ਜਾਦੂਗਰ ਉਸਤਾਦ ਤੇ ਛੋਟੇ ਮਿਰਕਾਣੇ ਵਰਗੇ ਲੋਕ ਕੱਲੀ ਸਵਾਣੀ ਦਾ ਜੀਣਾ ਕੇਵੇਂ ਅਜ਼ਾਬ ਕਰਦੇ ਨੇਂ। ਬਰਕ਼ਤ ਦੇ ਮਰਨ ਪਿੱਛੋਂ ਹੁਣ ਤਾਰੋ ਕੱਲੀ ਏ, ਪੰਜੀ-ਤ੍ਰੀਹ ਵਰ੍ਹੇ ਕੋਈ ਉਮਰ ਤਾਂ ਨਹੀਂ ਨਾ। ਓਸ ਦੇ ਅੰਦਰ ਵਿਹਾਰ ਵੱਲੋਂ ਲੁਕਿਆ ਡਰ ਸੁਫ਼ਨੇ ਵਿਚ ਸੱਚ ਬਣ ਖਲੋਂਦਾ ਏ। ਤਾਕ਼ਤ ਵਾਲੇ, ਮਾੜਿਆਂ ਦੀ ਨਿਰੀ ਮਿਹਨਤ ਈ ਨਹੀਂ ਆਪਣੇ ਖਾਤੇ ਪਾਉਂਦੇ, ਉਹਨਾਂ ਦੇ ਤਨ ਤੇ ਵੀ ਆਪਣਾ ਹੱਕ਼ ਸਮਝਦੇ ਨੇਂ। ਤਾਰੋ ਨੂੰ ਉਹਦੇ ਪੁੱਤਰ ਦਾ ਆਵਣ ਵਾਲਾ ਕੱਲ ਵਖਾ ਕੇ ਆਪਣੀ ਗੱਲ ਮਨਵਾਣਾ ਚਾਹਵੰਦੇ ਨੇਂ। ਤਾਕ਼ਤ ਤੇ ਅਖ਼ਤਿਆਰ ਕੇਵੇਂ ਮਾੜੇ ਨਾਲ ਜ਼ੁਲਮ ਕਰਦਾ ਏ ਓਸ ਨੂੰ ਵਰਤਣ ਵਾਲੀ ਸ਼ੈਅ ਕਰ, ਵਰਤਦਾ ਤੇ ਵਰਤ ਕੇ ਨਖਿੱਧ ਕਰ ਸੁੱਟਦਾ ਏ। ਤਾਰੋ ਨੂੰ ਭੋਗਣ ਦੀ ਹਵਸ ਏ ਇਹਨਾਂ ਮਰਦਾਂ ਅੰਦਰ। ਉਹ ਸਵਾਣੀ ਏ ਤੇ ਸਵਾਣੀ ਹੋਈ ਵਸਤ, ਵਿਹਾਰਵਾਨਾਂ ਲੇਖੇ। ਸੋ ਛੋਟਾ ਮਿਰਕਾਣਾ ਬਰਕਤ ਦੇ ਮਰਨ ਪਿੱਛੋਂ ਤਾਰੋ ਤੋਂ ਆਪਣੀ ਤਨ ਦੀ ਹਵਸ ਪੂਰੀ ਕਰਨਾ ਚਾਹੁੰਦਾ ਏ। ਤਾਕ਼ਤ ਤੇ ਜ਼ੋਰ ਵਾਲੇ ਪਿਓ ਦਾ ਪੁੱਤਰ ਏ, ਓਸ ਨੂੰ ਕੋਈ ਸ਼ਰਮ-ਹਯਾਂ ਨਹੀਂ, ਨਾ ਈ ਡਰ। ਉਹ ਖੁੱਲ੍ਹਮ-ਖੁੱਲ੍ਹਾ ਤਾਰੋ ਨੂੰ ਆਪਣੇ ਕਮਰੇ ਵਿਚ ਬੁਲਾਉਂਦਾ ਏ। ਕਿਸੇ ਓਹਲੇ-ਪਰਦੇ ਵਿਚ ਗੱਲ ਕਰਨ ਦੀ ਲੋੜ ਨਹੀਂ ਏ, ਛੋਟੇ ਮਿਰਕਾਣੇ ਨੂੰ। ਪੂਰਾ ਵਿਹਾਰ ਈ ਹਵਸ ਤੇ ਮੱਲ ਦਾ ਏ, ਏਥੇ ਕਾਹਦਾ ਪੜਦਾ ਤੇ ਓਹਲਾ, ਸਾਰਿਆਂ ਦਾ ਹਿਕੋ ਚਾਲਾ ਏ।

ਹਵਸ ਦੀ ਭੜਕੀ ਮੁੱਕਦੀ ਨਹੀਂ, ਜਿਤਨੀ ਮੁਕਾਉਂਦੇ ਨੇਂ ਹੋਰ ਵਧਦੀ ਏ। ਉਸਤਾਦ ਜਾਦੂਗਰ ਵੀ ਤਾਰੋ ਨਾਲ ਗੱਲ ਭੋਗ ਦੀ ਪਿਆ ਕਰਦਾ ਏ, ਆਪਣੀ ਘਰਵਾਲੀ ਦੀ ਬੀਮਾਰੀ ਦਾ ਦੱਸ ਕੇ, ਪਰ ਕੁਝ ਓਹਲਾ ਰੱਖ ਕੇ। ਛੋਟਾ ਮਿਰਕਾਣਾ ਤੇ ਉਸਤਾਦ ਜਾਦੂਗਰ ਦੋਏਂ ਤਾਰੋ ਦੇ ਤਨ ਨੂੰ ਆਪਣੀ ਮੱਲ ਬਨਾਵਣ ਦੇ ਚਾਹਵਾਨ ਨੇਂ। ਕੱਲੀ ਸਵਾਣੀ ਦਾ ਜੀਵਨ ਕਿੰਜ ਅਜ਼ਾਬ ਬਣਾਉਂਦੇ ਨੇਂ ਇਹ ਮਰਦ। ਖਯਾਲ ਵਿਚ ਤਾਰੋ ਨਾਲ ਹੋਂਦਾ ਧ੍ਰੋਹ ਦਸੇਂਦਾ ਹੈ।

ਤਾਰੋ ਸੁਫ਼ਨਾ ਵੇਖਦੀ ਏ ਅਲਾਦੀਨ ਕੋਲ ਮੁੰਦਰੀ ਏ ਤੇ ਓਸ ਦਾ ਜਿੰਨ ਕੋਈ ਅਫ਼ਸਰ ਜਾਪਦਾ ਏ, ਮੋਬਾਈਲ ਫ਼ੋਨ ਹੱਥ ਵਿਚ ਨਾਲ ਅਸਿਸਟੰਟ। ਤਾਰੋ ਤੇ ਅਲਾਦੀਨ ਕੁਝ ਵਾਧੂ ਨਹੀਂ ਮੰਗਦੇ ਬਸ ਆਪਣੀ ਲੋੜ ਜਿਤਨਾ ਇਕ ਸਲਵਾਰ-ਕ਼ਮੀਜ਼ ਤੇ ਇਕ ਕਾਪੀ। ਪਰ ਜਿੰਨ ਉਹ ਵੀ ਪੂਰਾ ਨਹੀਂ ਕਰ ਸਕਦਾ, ਕੱਪੜੇ ਵੱਡੇ ਨਾਪ ਦੇ ਤੇ ਕਾਪੀ ਦੀ ਥਾਂ ਰਜਿਸਟਰ ਲੈ ਆਉਂਦਾ ਏ। ਓਸ ਦਾ ਅਸਿਸਟੰਟ ਨਾਲ ਏ, ਉਹ ਆਖਦਾ ਏ, ਕੋਈ ਨਹੀਂ ਰੱਖ ਲਵੋ ਬਾਲ ਨੇ ਵੱਡਿਆਂ ਵੀ ਤੇ ਹੋਣਾ ਏ ਨਾ। ਇਹ ਹੈ ਚਾਲੂ-ਵਿਹਾਰੀ ਸੋਚ ਕਿ ਲੋੜ ਹੈ ਯਾਂ ਨਹੀਂ ਬਸ ਸਾਂਭ ਲਵੋ। ਅੰਦਰਾਂ ਵਿਚ ਸਾਂਭ-ਸਾਂਭ ਕੇ ਕੋਠੇ ਭਰ-ਭਰ ਕੇ ਵੀ ਸੱਖਣਾ ਈ ਹੋਂਦਾ ਏ ਹਰ ਇਕ ਦਾ ਅੰਦਰ। ਅੰਦਰ ਦੀ ਲੋੜ ਹੈ ਕੀ, ਏਸ ਪੁੱਛ ਦਾ ਵਲਦਾ ਹੋਵੇ ਕਿਸੇ ਕੋਲ ਤਾਂ ਜਮ੍ਹਾਂ-ਜੋੜ ਨਾ ਕਰੇ ਸਾਰੀ ਹਯਾਤੀ। ਦੀਵੇ ਦਾ ਜਿੰਨ, ਜੋ ਘਰ ਬਣਾ ਕੇ ਦੇਂਦਾ ਏ, ਓਸ ਵੱਡੇ ਘਰ ਦੇ ਪਿਛਵਾੜੇ ਗੰਦੇ ਨਾਲੇ ਦੀ ਬੋ ਹੈ ਹਰ ਪਾਸੇ। ਅਲਾਦੀਨ ਨੂੰ ਆਪਣੇ ਨਾਲ ਦੇ ਸਾਰੇ ਸੰਗ-ਅੰਗ ਚੇਤੇ ਨੇਂ। ਏਡਾ ਵੱਡਾ ਘਰ ਵੇਖ ਕੇ ਉਹ ਭੁੱਲੀਂ ਨਹੀਂ ਪਿਆ। ਓਸ ਨੂੰ ਪਤਾ ਏ ਘਰ ਜੇਵੇਂ ਉਹਦੀ ਲੋੜ ਏ, ਤੇਵੇਂ ਹਰ ਜੀਅ ਦੀ ਏ। ਪਰ ਇੰਜ ਬੈਠੇ-ਬਿਠਾਏ ਘਰ ਜੋ ਮਿਲਿਆ ਏ ਉਹ ਕਿਸੇ ਨਾਲ ਧ੍ਰੋਹ ਕਰਕੇ, ਕਿਸੇ ਦਾ ਖੱਸ ਕੇ, ਜਿੰਨ ਇਹਨਾਂ ਨੂੰ ਦਿੱਤਾ ਏ। ਜਾਣੇ ਕੋਈ ਟੱਪਰੀਵਾਸ ਹੋਵਣ ਗੰਦੇ ਨਾਲੇ ਕੰਢੇ ਬੈਠੇ, ਉਹਨਾਂ ਨੂੰ ਚੁੱਕ ਸੁੱਟਿਆ ਹੋਵੇ ਕਿਤੇ ਹੋਰ। ਸੋਹਣੇ, ਲਿਸ਼ਕਦੇ ਵਧੀਆ ਵਖਾਲੇ ਦੇ ਪਿੱਛੇ ਦਾ ਕੋਹਜ ਗੰਦਾ ਨਾਲਾ ਹੈ। ਗੰਦ ਦੇ ਉੱਤੇ ਹੀ ਸਾਰਾ ਮੱਲ-ਵਿਹਾਰ ਉਸਰਿਆ ਏ। ਗੰਦ ਪਾਵਣ, ਮੁੜ ਗੰਦ ਲੁਕਾਵਣ ਵੱਡਾ ਕੰਮ ਹੈ, ਮੱਲ-ਵਿਹਾਰ ਦਾ। ਅਲਾਦੀਨ ਤੇ ਤਾਰੋ ਓਸ ਦੀ ਇਕ ਝਲਕ ਵੇਖ ਲਈ ਏ। ਉਹ ਚੂਹੜੇ ਨੇਂ ਜ਼ਾਤ ਦੇ, ਗੰਦ ਸਾਫ਼ ਕਰਦੇ ਨੇਂ ਹੋਰਾਂ ਦਾ, ਪਰ ਉਹਨਾਂ ਦੇ ਆਪਣੇ ਘਰ ਤੇ ਮਨ ਉੱਜਲੇ ਨੇਂ।

ਅਖ਼ੀਰਲੀ ਝਾਕੀ ਵਿਚ ਤਾਰੋ ਤੇ ਅਲਾਦੀਨ ਦਾ ਰਲ ਗੰਵਿਆ ਬੋਲ ਦੋ ਮੇਲਾਂ ਦੀ ਸੁਥਰੀ ਵੰਡ ਕਰਦਾ ਏ। ਕਾਪੀ ਨਵੀਂ ਤੇ ਕੱਪੜੇ ਸਾਫ਼ ਵਾਲਿਆਂ ਨੂੰ ਸੱਤੇ-ਖ਼ੂਨ ਮੁਆਫ਼ ਹੋਂਦੇ ਨੇਂ। ਤਾਹੀਓਂ ਤੇ ਉਹ ਮਾਰ-ਕੁੱਟ ਕੇ ਜਿੰਨ ਕ਼ੈਦ ਕੀਤੀ ਆਉਂਦੇ ਨੇਂ ਤੇ ਮਾੜਿਆਂ ਲਈ ਸਿਵਾਏ ਮਾਰ-ਕੁੱਟ ਖਾਵਣ ਦੇ ਹੋਰ ਜੀਵਨ ਵਿਚ ਹੈ ਈ ਕੁਝ ਨਹੀਂ। ਉਹਨਾਂ ਦੀ ਕਾਪੀ ਕਾਲੀ ਏ, ਉਹਨਾਂ ਦੇ ਲੇਖਾਂ ਵਾਂਗ। "ਕਾਪੀ ਕਾਲੀ ਤੇ ਚਿੱਕੜ

ਕੱਪੜੇ ਜੀਹਨੇ ਖਾਣੇ ਨੇਂ ਖਾ ਲਏ ਲੱਪੜੇ" ਮਿੱਟੀ ਵਿਚ ਕੰਮ ਕਰਨਹਾਰਾਂ ਦੇ ਕੱਪੜੇ ਚਿੱਕੜੋ-ਚਿੱਕੜ ਈ ਹੋਣੇ ਨੇਂ, ਜਿਹਨਾ ਕੋਲ ਕੱਪੜਾ ਧੋਵਣ ਕੀਤੇ ਸਾਬਣ ਤੇ ਪਾਣੀ ਵੀ ਨਾ ਹੋਵੇ। ਕੱਪੜਿਆਂ ਦਾ ਫ਼ਰਕ਼ ਵੀ ਤੇ ਮੇਲ-ਵੰਡ ਬਣਾਉਂਦਾ ਹੋਇਆ। ਕੱਪੜਿਆਂ ਦਾ ਮਹਿੰਗਾ-ਸਸਤਾ ਹੋਵਣਾ ਵਿਹਾਰੀ ਦਰਜੇ ਦੀ ਦੱਸ ਪਾਉਂਦਾ ਏ। ਦਰਜੇਬੰਦ ਵਿਹਾਰ ਈ ਦੀਵੇ-ਮੁੰਦਰੀਆਂ ਬਣਾ, ਜਿੰਨ ਕਾਬੂ ਕਰਦਾ ਏ। ਤਾਰੋ ਦੱਸਦੀ ਏ ਏਸ ਦਾ ਉਪਾਅ :

"ਤਾਰੋ : ਬਨਣ ਈ ਨਾ ਦੀਵੇ-ਮੁੰਦਰੀਆਂ।

ਅਲਾਦੀਨ : ਕਿੱਥੇ ਬਣਦੇ ਨੇਂ।

ਤਾਰੋ : ਜਿਥੇ ਵੀ ਕਿਤੇ ਲੋੜ ਪੋਂਦੀ ਏ ਜਿੰਨਾਂ ਨੂੰ ਕੰਮ ਤੇ ਲਾਵਣ ਦੀ, ਮਿੱਲਾਂ ਵਿਚ, ਜ਼ਮੀਨਾਂ ਤੇ, ਘਰਾਂ ਵਿਚ।"

ਸੁਗਰੀ ਨੂੰ ਤਾਰੋ ਦੀ ਗੱਲ ਪੂਰੀ ਸਮਝ ਨਹੀਂ ਆਉਂਦੀ ਉਹ ਮੁੜ ਆਖਦੀ ਏ ਪਈ ਜੇਵੇਂ ਤੂੰ ਕੰਮ ਦਾ ਮਸ਼ਵਰਾ ਦਿੱਤਾ ਸੀ ਅਸੀਂ ਹੁਣ ਪੈਸੇ ਜੋੜ ਕਮੇਟੀ ਪਾਉਣੀ ਏ ਤੇ ਮੁੜ ਜਿਸ ਦੀ ਨਿਕਲੇ ਉਸੇ ਦੇ ਦੱਸੇ ਕੰਮ ਤੇ ਲਾਉਣੀ ਏ। ਤਾਰੋ ਸਮਝਾਉਂਦੀ ਏ ਪਈ ਏਹੀ ਢੰਗ ਜਿੰਨ ਬਣਾਉਂਦੇ ਨੇਂ:

"ਤਾਰੋ : ਜੀਹਦੇ ਨਾਂ ਦੀ ਕਮੇਟੀ ਨਿਕਲੀ ਉਹਨੇ ਬੰਦਾ ਰਹਿਣਾ ਈ ਨਹੀਂ, ਜਿੰਨ ਬਣ ਜਾਣਾ ਏ। ਤੇ ਜਿਹਨਾਂ ਦੀ ਨਹੀਂ ਨਿਕਲੀ ਤੇ ਉਹਨਾਂ ਨੂੰ ਵੀ ਨਾਲ ਈ ਬਣਾ ਦੇਣਾ ਏ। ਤੇ ਜਿੰਨ ਬਣਿਆ ਨਹੀਂ ਬੰਦਾ, ਦੀਵਾ-ਮੁੰਦਰੀ ਰਗੜ ਕੇ ਕ਼ਾਬੂ ਕੀਤਾ ਨਹੀਂ ਅਗਲਿਆਂ।

ਦਰਜੇਬੰਦੀ ਜਿਸ ਰੰਗ ਦੀ ਵੀ ਹੋਵੇ ਕੰਮ ਓਹਦਾ ਇੰਜੋ-ਇੰਜ ਕਰਨ ਏ। ਜਿੱਥੇ ਦੋ ਜੀਊਂਦੇ ਜੀਅ ਰਲੇ ਓਥੇ ਮੱਲਵਾਨਾਂ ਲਈ ਸੌੜ ਬਣ ਗਈ ਤੇ ਏਸ ਦਾ ਤਰੋੜ ਭਾਲਣ ਵਿਚ ਜੁੱਟ ਗਏ। ਕਾਲੇ ਲੇਖਾਂ ਤੇ ਚਿੱਕੜ ਕੱਪੜਿਆਂ ਨਾਲ ਛੱਪੜ ਵਿਚ ਰਹਿਵਣ ਈ ਸੁੱਖ ਏ। ਛੱਪੜੀ ਸਾਂਝ ਏ ਜੇਵੇਂ ਰੂੜ੍ਹੀ ਕੁੱਲ ਦਾ ਗੰਦ ਰਲਾ ਖਾਦ ਬਣਾ ਵਰਤਾਉਂਦੀ ਏ। ਰੂਪ ਵਟਾ ਕੇ ਮੁੜ ਜੀਵਨ ਵਿਚ ਆਪਣਾ ਸੀਰ ਪਾਉਂਦੀ ਏ। ਏਹੀ ਕੰਮ ਛੱਪੜੀ ਦਾ ਏ ਜੋ ਸਾਰਾ ਗੰਦ ਜੋੜ, ਕੰਵਲ ਬਣਾ ਖਿੜਾਉਂਦੀ ਏ। ਕੰਵਲ ਯਾਂ ਕਮਲ ਛਪੜੀ ਦੇ ਚਿੱਕੜ ਵਿਚੋਂ ਖਿੜਨ ਯਾਂ ਵਿਹਾਰ ਦੇ ਖਲਾਰੇ ਗੰਦ ਵਿਚੋਂ ਕੰਮੀਂ ਬਨਣ, ਗੱਲ ਇਕੋ ਈ ਏ।

ਇਕ ਗੱਲ ਬੜੀ ਅਚਰਜ ਏ ਜੋ ਜਿੰਨ ਉਰਦੂ ਬੋਲਦੇ ਨੇ "ਕਿਯਾ ਹੁਕਮ ਹੈ ਹਜ਼ੂਰ" ਪੜ੍ਹੇ-ਲਿਖੇ ਜਿੰਨ ਨੇ ਖ਼ਬਰੇ ਯਾਂ ਆਪਣਾ-ਆਪ ਵਖਰਾਵਣ ਕੀਤੇ ਬੋਲੀ ਵੱਖ ਬੋਲਦੇ ਨੇਂ। ਮਤਾਂ ਜਾਣੂੰ ਹੋਵਣ ਅਸਾਡੇ ਵਿਹਾਰ ਦੇ, ਕ਼ਨੂੰਨ ਦੇ, ਜੋ ਤਾਕ਼ਤ ਦਾ ਇਕ ਵਖਾਲਾ, ਬੋਲੀ ਦਾ ਵਖਰੇਵਾਂ ਵੀ ਹੋਂਦਾ ਏ। ਬੋਲੀ, ਜੋ ਹਰ ਸ਼ੈਅ ਨੂੰ ਵਧਾ-

ਚੜ੍ਹਾ ਕੇ ਵਖਾਵੇ, ਓਹੀ ਬੋਲੀ ਏ ਤੇ ਉਰਦੂ ਵਿਚ ਅੰਗਰੇਜ਼ੀ ਤੜਕਾ ਲੱਗੇ ਤਾਂ ਸਵਾਦ ਵਾਧੂ ਏ:

"ਜਿੰਨ ਨੇ ਅੱਖਾਂ ਬੰਦ ਕਰਾਈਆਂ ਨੇਂ, ਖੋਲ੍ਹੀਆਂ ਤੇ ਨਵੀਂ ਸੋਸਾਇਟੀ, ਘਰ ਲਿਸ਼-ਲਿਸ਼, ਪਿਸ਼-ਪਿਸ਼। ਡਬਲ ਸਟੋਰੀ ਬੈਡਰੂਮ ਤੇ ਬੈਡਰੂਮ, ਸ਼ੈਡਰੂਮ ਤੇ ਸ਼ੈਡਰੂਮ, ਡੈਡਰੂਮ ਤੇ ਡੈਡਰੂਮ, ਰੂਮ ਈ ਰੂਮ, ਕਿਚਨ ਈ ਕਿਚਨ, ਲੈਟਰੀਨ ਤੇ ਲੈਟਰੀਨ, ਜੇਧਰ ਵੇਖੋ ਕੰਧਾਂ ਹੈ ਈ ਨਹੀਂ। ਟੀਵੀ ਦੀਆਂ ਕੰਧਾਂ ਨੇਂ। ਚੈਨਲਾਂ ਤੇ ਚੈਨਲਾਂ...."

ਕੁਝ ਜੁਮਲੇ ਹਾਸਰਸ ਪੈਦਾ ਕਰਦੇ ਨੇਂ ਰਾਸ ਵਿਚ। ਜੇਵੇਂ ਅਲਾਦੀਨ ਆਖਦਾ ਏ :

> "ਸਾਰੀ ਉਮਰ ਅੱਖਾਂ ਬੰਦ ਕਰਾਈ ਰੱਥੀਆ ਨੇਂ ਅੱਬੇ ਤੇਰੀਆਂ। ਅੱਜ ਕਿਉਂ ਕਾਹਲੀ ਪੈ ਗਈ ਏਂ"

ਟੋਕ ਜੇਹੀ ਵੀ ਹੈ ਅਲਾਦੀਨ ਦੀ ਕਿ ਅੱਬਾ ਤੇ ਜਿੰਨ ਇਕੋ ਈ ਹਨ। ਅੱਬੇ ਸਾਰੀ ਹਯਾਤੀ ਅੱਖਾਂ ਬੰਦ ਕਰਾਈ ਰੱਖੀਆਂ ਨੇਂ ਉਦੋਂ ਕਾਹਲੀ ਨਹੀਂ ਪਈ ਤੂੰ, ਹੁਣ ਝੱਟ-ਪਲ ਵਿਚ ਕੀ ਹੋ ਜਾਣਾ ਏ। ਸਵਾਣੀ ਦਾ ਜੀਵਨ ਏਸ ਇਕ ਜੁਮਲੇ ਰਾਹੀਂ ਉਲੀਕ ਦਿੱਤਾ ਹੈ ਅਲਾਦੀਨ ਨੇ। ਸਭ ਜਾਣਦਿਆਂ ਹੋਇਆਂ ਵੀ ਕੇਵੇਂ ਸਵਾਣੀ ਅੱਖੀਆਂ ਬੰਦ ਕਰਕੇ ਚੁੱਪ-ਚਾਪ ਹਯਾਤੀ ਲੰਘਾ ਦੇਂਦੀ ਏ।

ਮੁੰਦਰੀ ਵਾਲੇ ਜਿੰਨ ਨਾਲ ਓਸ ਦੇ ਅਸਿਸਟੰਟ ਦਾ ਸੁਭਾਅ ਵੇਖੋ, ਕੀ ਓਹਲੇ ਲਾਹੰਵਦਾ ਏ ਪਿਆ ਹਾਸੇ-ਮਖ਼ੌਲ ਵਿਚ ਈ:

> "ਜਿੰਨ : (ਅਸਿਸਟੰਟ ਨੂੰ ਧੱਕ ਕੇ) ਬਾਹਰ ਠਹਿਰ....ਯੂ....ਬਾ.... ਬਾਬਾ.... (ਅਸਿਸਟੰਟ ਚੌੜਾ ਹੋ ਕੇ ਖਲੋ ਗਿਆ ਏ। ਭੇਤਲੀ ਮੁਸਕਾਨ ਜਿੰਨ ਤੇ ਠੋਕ ਕੇ। ਜਿੰਨ ਕੋਲ ਹੋ ਕੇ ਠੋਡੀ ਹੱਥ ਲਾ ਕੇ) ਕਿਉਂ ਜ਼ਲੀਲ ਕਰਵਾਉਣ ਲੱਗਾ ਏਂ ਏਥੇ (ਅਸਿਸਟੰਟ ਮੁੜ ਅੱਗੇ ਵਾਂਗਰ ਸੁੰਗੜ ਕੇ ਬਾਹਰ ਚਲਾ ਗਿਆ ਏ ਉਹ, ਵੈਰੀ ਵੈਰੀ ਸੌਰੀ ਸਰ (ਰੋਵਣ ਹਾਕਾ) ਡਸਿਪਲਨ ਬਰਬਾਦ ਹੋ ਗਿਆ ਏ। ਸਿਸਟਮ ਤਬਾਹ ਕਰ ਦੇਣਾ ਏ ਇਹਨਾਂ ਸਿਆਸੀ ਸਿਫਾਰਸ਼ੀਆਂ ਨੇਂ। ਮੈਂ ਆਪ ਕਾਪੀ ਲੈ ਕੇ ਹਾਜ਼ਰ ਹੋਨਾ, ਸਰ। ਕੱਪੜੇ ਵੀ ਤਿਆਰ ਨੇਂ। ਵਿਚ ਜਨਾਬ ਦੀ ਕਾਲ ਆ ਗਈ (ਮੋਬਾਈਲ ਕੰਨ ਤੇ ਲਾ ਕੇ ਵਾਪਸ ਮੁੜਦਾ ਏ।)"

ਜਿੰਨਾਂ ਦੇ ਬਦਲੇ ਰੂਪ ਦਸੇਂਦੇ ਨੇਂ ਜੋ ਅਫ਼ਸਰ ਨਿੱਕੇ-ਵੱਡੇ, ਸਿਆਸੀ-ਕਾਮੇ, ਪੁਲਸ ਸਭ ਜਿੰਨਾਂ ਦੇ ਈ ਰੂਪ ਨੇਂ। ਪੰਜਵੀਂ ਝਾਕੀ ਦੀ ਗੱਲਬਾਤ ਵੇਖੋ, ਕੇਵੇਂ ਹਾਸੇ-ਮਖ਼ੌਲ ਵਿਚ ਗਾਲ੍ਹ-ਮੰਦਾ ਵੀ ਆ ਰਲਿਆ ਏ :

"ਵਕੀਲ : (ਕਾਗ਼ਜ਼ ਵਖਾ ਕੇ) ਤੇਰਾ ਆਪਣਾ ਬਿਆਨ ਈ ਬੀਬੀ। ਮਿਰਕਾਣਾ ਪੈਲਸ ਤੋਂ ਤੂੰ ਦੀਵਾ ਚੁਰਾ ਕੇ ਲਿਆਈ ਏਂ (ਖੰਗੂਰਾ) ਦੋ ਤਾਰੀਖ਼ ਨੂੰ ਦੋ ਵੱਜ ਕੇ ਦੋ ਮਿੰਟ ਤੇ।

(ਖੰਘ) ਠੰਡ ਬੜੀ ਏ ਏਥੇ ਮਿਰਕਾਣਾ ਸਾਹਿਬ

ਥਾਣੇਦਾਰ : ਹੁਣੇ ਚੱਲ ਪੈਂਦਾ ਏ ਹੀਟਰ।

ਤਾਰੋ : ਮੈਂ ਕੋਈ ਬਿਆਨ-ਸ਼ਿਆਨ ਨਹੀਂ ਦਿੱਤਾ।

ਥਾਣੇਦਾਰ : (ਅਲਾਦੀਨ ਕੋਲੋਂ ਦੀਵਾ ਖੋਹ ਕੇ, ਉਹਨੂੰ ਸਾਹਮਣੇ ਕਰਕੇ) ਇਹ ਵੇਖਾਂ, ਤੇਰਾ ਈ ਏ ਬਿਆਨ ਕਿ ਸ਼ਿਆਨ ਏ ਕਿਸੇ ਹੋਰ ਦਾ। ਮਾਲ ਬਰਾਮਦ ਹੋ ਗਿਆ ਏ ਤੁਹਾਡੇ ਕੋਲੋਂ। ਆਓ ਨਾ ਨਾਲ ਮੇਰੇ। ਤਸਦੀਕ਼ ਥਾਣੇ ਚੱਲ ਕਰਵਾਨੇ ਆਂ।"

ਤਾਰੋ ਸਿਆਣੀ ਏ ਪਰ ਕਿਧਰੇ ਓਸ ਦਾ ਬੋਲਿਆ ਇਤਨਾ ਸਾਦਾ ਏ ਜੋ ਪੜ੍ਹਹਾਰ ਹੱਸੇ ਬਿਨ੍ਹਾ ਨਹੀਂ ਰਹਿ ਸਕਦਾ। ਜਦ ਸੁਗਰੀ ਇਜਾਜ਼ਤ ਮੰਗਦੀ ਏ ਤੇ ਤਾਰੋ ਆਖਦੀ ਏ:

"ਤਾਰੋ : ਮੇਰੇ ਕੋਲ ਤੇ ਝਾੜੂ ਟਾਕੀ ਏ ਸੁਗਰੀ, ਇਜਾਜ਼ਤ ਤੇ ਕੋਈ ਨਹੀਂ"

ਤੇ ਅਲਾਦੀਨ ਜੋ ਸੁਗਰੀ ਦੀ ਕਮੇਟੀ ਦਾ ਨਕ਼ਸ਼ਾ ਖਿੱਚਦਾ ਏ ਉਹ ਵੇਖੋ:

"ਅਲਾਦੀਨ : ਤੇ ਫੇਰ ਕਿਉਂ ਬਣੇਂਦੇ ਓ ਜਿੰਨ ਇਹਨੂੰ, ਕਮੇਟੀ ਪਵਾ ਕੇ, ਇਹ ਤੁਹਾਡੀ ਪਾਰਟੀ ਏ ਨਾ ਮਾਸੀ ਜਿਹੜੀ, ਇਹਨੇ ਪਹਿਲੋਂ ਬਣ ਜਾਣਾ ਈ "ਪਾਕਿਸਤਾਨ ਕਮੇਟੀ ਪਾਰਟੀ" ਮੁੜ "ਪਾਕਿਸਤਾਨ ਜਿੰਨ ਪਾਰਟੀ"

ਗੱਲ ਤਾਂ ਮਖ਼ੌਲ ਲੱਗਦੀ ਏ ਪਰ ਧਿਆਨ ਕੀਤਿਆਂ ਸਮਝ ਆਉਂਦੀ ਏ ਕਿ ਗੱਲ ਠੀਕ ਕੀਤੀ ਏ ਅਲਾਦੀਨ। ਕਿਸੇ ਵੀ ਕ਼ਿਸਮ ਦਾ ਕੋਈ ਵੀ ਬਿੱਲਾ ਲੱਗ ਜਾਵੇ, ਕੋਈ ਵੱਖਰਾ ਨਾਂ, ਕੋਈ ਮੈਡਲ, ਕੋਈ ਧੜਾ, ਏਹੀ ਜਿੰਨ ਬਨਣ ਦਾ ਮੁੱਢ ਏ। ਤੇ ਜੋ ਆਪ ਜਿੰਨ ਬਣਿਆ, ਓਸ ਅੱਗੋਂ ਜਿੰਨ ਈ ਬਣਾਉਣੇ ਨੇਂ, ਉਹਦੀ ਵਾਹ-ਵਰਤਣ ਜਿੰਨਾਂ ਨਾਲ ਈ ਹੋ ਸਕਦੀ ਹੈ, ਇਨਸਾਨਾਂ ਨਾਲ ਤੇ ਨਹੀਂ।

ਕਿਤਾਬ ਦਾ ਮੁੱਖ ਚਿੱਤਰ ਵੀ ਰਾਸ ਦਾ ਅੰਗ ਜਾਪਦਾ ਏ। ਕਾਲੇ ਪੁਰਾਣੇ ਅੱਤ ਵਰਤੇ ਹੰਢੇ ਦੀਵੇ ਦੀ ਨੀਲੀ ਲਾਟ ਦਾ ਕਾਲਾ ਧੂੰ ਕੁਝ ਲਿਖ ਗਿਆ ਏ ਉੱਡਦਾ-ਉੱਡਦਾ। ਲਿਖਤ ਅਯਾਣੇ ਹੱਥਾਂ ਦੀ ਲੱਗਦੀ ਏ। ਅਯਾਣੀ ਲਿਖਤ ਵੀ ਤਾਂ ਸਿਆਣੇ ਲੀੜੇ ਪਾ ਜਿੰਨ ਬਣ ਜਾਂਵਦੀ ਏ। ਚਲੋ ਏਥੇ ਈ ਗੱਲ ਮੁਕਾਈਏ ਤਾਂ ਚੰਗਾ

ਏ। ਅਯਾਣੇ ਗੱਲ ਕਿਥੋਂ ਛੋਂਹਦੇ ਨੇਂ, ਕਿੱਥੇ ਮੁਕਾਉਂਦੇ ਨੇਂ, ਕਦੀਂ ਪਤਾ ਨਹੀਂ ਲੱਗਾ। ਮਨਮਰਜ਼ੀ ਹੈ ਅਯਾਣਿਆਂ ਦੀ, ਤਾਹੀਓਂ ਇਹ ਨਾ ਜਿੰਨ ਬਣਦੇ ਨੇਂ, ਨਾ ਜਿੰਨਾ ਦੇ ਢਾਏ ਚੜ੍ਹਦੇ ਨੇਂ। ਹਾਂ ਜਿੰਨਾਂ ਨੂੰ ਨਾਲ ਖਿਡਾ ਸਕਦੇ ਨੇਂ। ਜੇ ਉਹ ਦੀਵੇ-ਮੁੰਦਰੀਆਂ ਦੀ ਕ਼ੈਦੋਂ ਆਜ਼ਾਦ ਹੋਵਣ ਤਾਂ।

ਦੀਵਾ ਤਾਂ ਬਣਾਉਂਦਾ ਏ ਘੁਮਿਆਰ ਮਿੱਟੀ ਨਾਲ, ਪੂਣੀ ਬਣਦੀ ਹੈ ਵਾਹੀਵਾਨ ਦੀ ਬੀਜ ਉਗਾਈ ਕਪਾਹ ਨਾਲ ਤੇ ਤੇਲ ਪੀੜ ਕੱਢ ਦੀਵੇ ਪਾਉਂਦਾ ਹੈ ਤੇਲੀ। ਸੋ ਇਤਨੇ ਹੱਥਾਂ ਦੀ ਕਰਨੀ ਸੰਗ ਕੀਤਾ, ਤਾਂ ਦੀਵਾ ਜਗਿਆ। ਦੀਵੇ ਦੀ ਬਲਦੀ ਲੋਅ ਦਾ ਧੂੰ ਜੁੜ ਬਣੀ ਰੁਸ਼ਨਾਈ, ਜਿਸ ਉਲੀਕੇ ਅੱਖਰ, ਜਾਦੂਗਰੀ ਜਾਪਦੀ ਏ ਸਾਰੀ ਹੱਥਾਂ ਦੀ। ਦੀਵੇ ਦਾ ਅਸਲ ਦਿਓ ਏਹੀ ਹੋਵਣਾ ਏ, ਜਿਸਨੂੰ ਕਹਾਣੀ ਬਣਾ ਵਰਤਾਇਆ ਹੀਣ ਮੇਲ ਨੇ, ਆਪਣੇ ਬਾਲਾਂ ਨੂੰ ਇਲਮ ਪੰਧ ਪਾਵਣ ਕੀਤੇ ਤੇ ਕੰਮ ਦਾ ਕ਼ਦਰ ਦਸਾਵਣ ਕੀਤੇ। ਪਰ ਇਹ ਤਾਂ ਗੱਲ ਹੈ ਤਦੋਂ ਕੀ ਜਦ ਦੀਵੇਂ ਬਲਦੇ ਆਹੇ। ਜਿਸ ਦੀਵੇ ਵਿਚੋਂ ਜਿੰਨ ਨਿਕਲਦਾ ਏ ਉਹ ਬਲਦਾ ਨਹੀਂ ਰਗੜਿਆ ਜਾਂਦਾ ਏ। ਪੁੱਛ ਤਾਂ ਇਹ ਵੀ ਬਣਦੀ ਏ ਕਿ ਦੀਵੇ ਬਲਣ ਦਾ ਕੰਮ ਛੱਡ ਰਗੜਨ ਦਾ ਕੰਮ ਕਦ ਤੋਂ ਸਾਂਭਿਆ। ਮਤਾਂ ਬਿਜਲੀ ਆਵਣ ਪਿੱਛੋਂ ਇਹ ਕਹਾਣੀ ਨਵੀਂ ਹੋਈ ਹੋਵੇ ਯਾਂ ਜਦੋਂ ਲਾਲਟੈਨ ਆਈ ਏ ਉਦੋਂ ਦੀ ਗੱਲ ਹੋਵੇ। ਸ਼ੈਵਾਂ ਪਈਆਂ-ਪਈਆਂ ਪੁਰਾਣੀਆਂ ਹੋ ਜਾਵਣ ਤਾਂ ਉਹਨਾਂ ਨਾਲ ਵੰਨੋ-ਵੰਨ ਖਯਾਲ ਆ ਜੁੜਦੇ ਨੇਂ। ਪਰ ਇਹ ਖਯਾਲ ਬਣਦੇ ਤਾਂ ਇਨਸਾਨਾਂ ਦੇ ਵਰਤਣ-ਵਿਚਾਰਨ ਪਾਰੋ ਈ ਨੇਂ। ਮਿੱਟੀ ਦੇ ਦੀਵੇ ਤਾਂ ਬਣਦੇ-ਟੁੱਟਦੇ ਰਹਿੰਦੇ। ਵੱਡਿਆਂ ਮਾਲਕਾਂ ਲਈ ਦੀਵੇ ਧਾਤਾਂ ਦੇ ਬਣਦੇ ਮੁੜ, ਮਹਿੰਗੀਆ ਧਾਤਾਂ ਸੋਨੇ-ਚਾਂਦੀ ਦੇ ਵੀ। ਵਰਤਣ ਮੁੱਕੀ ਤਾਂ ਸ਼ਾਹੀ ਖ਼ਜ਼ਾਨੇ ਦਾ ਹਿੱਸਾ ਬਣੇ। ਇਹ ਉੱਚੇ ਮਹਲਾਂ ਵਿਚ ਜਾ ਬਲੇ ਪਰ ਜਿਹਨਾਂ ਹੱਥਾਂ ਚੋਂ ਬਣ ਕੇ ਗਏ ਉਹਨਾਂ ਦੀ ਕਰਨੀ ਵੀ ਨਾਲ ਲੈ ਗਏ। ਦੀਵੇ ਦਾ ਬਾਹਰ ਬਦਲਿਆ ਨਿਰਾ, ਅੰਦਰ ਦਾ ਤੇਲ ਤੇ ਪੂਣੀ ਉਹੀ ਰਹੀ। ਹੋ ਸਕਦਾ ਏ ਜੁੱਗਾਂ ਬੱਧੀ ਹੀਣੇ ਹੱਥਾਂ ਦੇ ਕੀਤੇ ਚਾਨਣ ਵਿਚ ਜੀਵਨ ਜਾਲਦਿਆਂ ਆਪਣੇ ਅੰਦਰ ਦਾ ਡਰ ਈ ਧੂੰਏਂ ਵਿਚੋਂ ਜਿੰਨ ਬਣ ਦਿਸਿਆ ਹੋਵੇ ਮਹਲ ਵਾਸੀਆਂ ਨੂੰ। ਉਹ ਜਿੰਨ ਜੋ ਅਨਹੋਣੀ ਨੂੰ ਹੋਣੀ ਬਣਾ ਸਕਦਾ ਹੋਵੇ ਤੇ ਓਸ ਜਿੰਨ ਨੂੰ ਦੀਵੇ ਵਿਚ ਬੰਨ੍ਹ ਕ਼ੈਦ ਕੀਤਾ ਆਪਣੀ ਤਸੱਲੀ ਕਰਨ ਲਈ। ਇਹ ਜਿੰਨ ਤਾਂ ਕ਼ੈਦ ਹੋ ਈ ਨਹੀਂ ਸਕਦੇ। ਪੈਲੀਆਂ ਵਾਹੁੰਦੇ, ਕੋਹਲੂ ਪੀੜਦੇ, ਚੱਕ ਚਲਾਉਂਦੇ, ਪੰਡਾਂ ਢੋਂਦੇ ਸਾਰੀ ਹਯਾਤੀ ਵਗਾਰਾਂ ਕੱਟਦੇ। ਹਰ ਵੇਲੇ ਇਕੋ ਬੋਲ ਏ ਜੀਭ ਤੇ "ਕੀ ਹੁਕਮ ਏ ਮੇਰੇ ਆਕਾ"। ਸੋ ਕਹਾਣੀ ਤਾਂ ਇਕੋ ਹੈ ਪਰ ਮਾੜਿਆਂ ਲਈ ਓਸ ਦੇ ਅਰਥ ਹੋਰ ਤੇ ਮਾਲਕਾਂ ਲਈ ਹੋਰ।

ਮੁੰਦਰੀ ਇਕ ਗੋਲ ਛੱਲਾ ਜੇਹਾ ਉਂਗਲ ਵਿਚ ਪਾਵਣ ਕੀਤੇ। ਮਾੜੀ ਜੇਹੀ ਟੂੰਬ ਹੱਥ-ਸ਼ਿੰਗਾਰ ਲਈ। ਮੁੰਦਰ ਦੇ ਅਰਥ ਹਨ ਛੇਦ, ਸੁਰਾਖ਼, ਏਸੇ ਤੋਂ ਮੁੰਦਰੀ ਬਣੀ

ਹੈ, ਜਿਸ ਵਿਚ ਛੇਦ ਹੋਂਦਾ ਏ ਉਂਗਲ ਵਿਚ ਪਾਵਣ ਕੀਤੇ। ਮੁੰਦਰੀ ਵੀ ਨਿਸ਼ਾਨ ਹੈ ਰਿਸ਼ਤੇ ਦਾ, ਪਿਆਰ ਦਾ, ਇਕ ਹੋਵਣ ਦਾ। ਇਨਸਾਨਾਂ ਦੇ ਇਨਸਾਨਾਂ ਨਾਲ ਤੇ ਕੁੱਲ ਕਾਇਨਾਤ ਨਾਲ ਰਿਸ਼ਤੇ ਦੀ ਪਛਾਣ ਹੈ ਮੁੰਦਰੀ ਦਾ ਗੋਲ ਹੋਵਣਾ। ਵੇਲੇ ਦਾ ਟੁਰਨਾ, ਰੁੱਤਾਂ ਦਾ ਮੁੜ-ਮੁੜ ਆਉਣਾ, ਬੀਂ ਤੋਂ ਰੁੱਖ ਦਾ ਫੁੱਲ-ਫਲ ਬਣ ਮੁੜ ਬੀਂ ਹੋਵਣਾ। ਧਰਤ-ਆਕਾਸ਼ ਸਭ ਦਾ ਚੱਕਰ ਇਕ ਮੁੰਦਰੀ ਵਿਚ ਸਮਾ ਜਾਂਵਦਾ ਏ। ਮੁੰਦਰੀ ਵੀ ਰਿਸ਼ਤਿਆਂ ਦੀ ਸਿਆਣ-ਪਛਾਣ ਤੋਂ ਬਾਹਰ ਹੋ ਕੇ ਰਗੜੀ ਜਾਵਣ ਲੱਗੀ ਤੇ ਓਸ ਵਿਚੋਂ ਜਿੰਨ ਨਿਕਲਣ ਲੱਗਾ। ਰਿਸ਼ਤੇ, ਪਿਆਰ, ਅੰਗ-ਸਾਕ, ਜਦ ਵਿਹਾਰੀ ਰੰਗ ਰੰਗੇ ਗਏ, ਉਹਨਾਂ ਵਿਚੋਂ ਅਪਣੀਅਤ ਮੁੱਕ ਗਈ ਤਾਂ ਮੁੰਦਰੀਆਂ ਵਿਚ ਜਿੰਨ ਈ ਰਹਿ ਗਏ। ਮੁੰਦਰੀ ਪਿਆਰ-ਨਿਸ਼ਾਨੀ ਨਾ ਰਹੀ, ਸੋਨੇ-ਚਾਂਦੀ ਦੀ ਬਣ ਗਈ ਤੇ ਉਹ ਵੀ ਵੱਖ ਹੋ ਗਈ ਆਪਣੇ ਬਨਾਵਣਹਾਰਾਂ ਤੋਂ। ਬਨਾਵਣ ਵਾਲੇ ਤੇ ਵਰਤਣ ਵਾਲੇ ਦੀ ਵਿੱਥ ਨੇ ਈ ਜਿੰਨ ਬਣਾਏ।

***